# ਸਾਕਾ ਸੰਸਥਾ ਦੇ ਬਜ਼ੁਰਗਾਂ ਨੇ ਇਕੱਠਿਆਂ ਮਿਲਕੇ ਜਨਮ ਦਿਨ ਦਾ ਕੇਕ ਕੱਟਿਆ










ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਿਤੀ ਚਾਰ ਦਸੰਬਰ ਵੀਹ ਸੌ ਇੱਕੀ ਨੂੰ ਐਸੋਸੀਏਸ਼ਨ ਦੇ ਪ੍ਰਧਾਨ ਸੈਮ ਸਹੋਤਾ ਦੀ ਅਗਵਾਈ ਵਿੱਚ ਸਾਕਾ ਦੇ ਜਿੰਨੇ ਮੈਬਰਾਂ ਦਾ ਜਨਮਦਿਨ ਨਵੰਬਰ ਮਹੀਨੇ ਵਿੱਚ ਸੀ ਇਕੱਠਿਆਂ ਦਾ ਹੀ ਕੇਕ ਕੱਟ ਕੇ ਮਨਾਇਆ ਗਿਆ। ਇਸ ਮੌਕੇ ਉਹਨਾਂ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਕਿਹਾ ਕਿ ਜਦੋਂ ਸਾਰੇ ਭੈਣ ਭਰਾਵਾਂ ਦਾ ਜਨਮਦਿਨ ਇਕੱਠਾ ਮਨਾਇਆ ਜਾਂਦਾ ਹੈ ਤਾਂ ਸਾਰਿਆਂ ਦੇ ਚਿਹਰਿਆਂ ਉੱਤੇ ਇੱਕ ਅਨੋਖੀ ਝਲਕ ਹੁੰਦੀ ਹੈ। ਖ਼ੁਸ਼ੀ ਭਰਾਤਰੀ ਪਿਆਰ ਸੰਜੀਦਗੀ ਅਪਣੱਤ ਸਤਿਕਾਰ ਦੀ ਭਾਵਨਾ ਦਿਖਾਈ ਦੇ ਰਹੀ ਹੁੰਦੀ ਹੈ। ਭਾਵੇਂ ਆਪੋ ਆਪਣੇ ਘਰਾਂ ਵਿੱਚ ਵੀ ਜਨਮਦਿਨ ਮਨਾਉਂਦੇ ਹਾਂ, ਪਰ ਇੱਥੇ ਵੀ ਸਾਰੇ ਜਣੇ ਬੜੇ ਉਤਸ਼ਾਹ ਨਾਲ ਆਉਂਦੇ ਹਨ ਤੇ ਵੱਖਰਾ ਹੀ ਆਨੰਦ ਹੁੰਦਾ ਹੈ। ਸਾਰੇ ਆਪੋ ਆਪਣੇ ਵਿਚਾਰਾਂ ਦੀ ਸਾਂਝ ਵੀ ਪਾਉਂਦੇ ਹਨ ਘਰਾਂ ਵਿੱਚੋਂ ਨਿਕਲ ਕੇ ਦੋ ਤਿੰਨ ਘੰਟੇ ਹੱਸ ਖੇਡ ਕੇ ਬਿਤਾਉਣੇ ਇਹ ਵੀ ਇਸ ਉਮਰ ਵਿੱਚ ਬਹੁਤ ਮਾਅਨੇ ਰੱਖਦੇ ਹਨ ਆਪਣੇ ਆਪ ਨੂੰ ਸਟਰੈੱਸ ਫਰੀ ਸਮਝਦੇ ਹਨ। ਕੋਈ ਕਵਿਤਾ ਸੁਣਾਉਂਦਾ ਹੈ ਤੇ ਕੋਈ ਚੁੱਟਕਲਾ, ਗੀਤ, ਸ਼ਬਦ, ਕਹਾਣੀ ਆਦਿ। ਸਭ ਆਪੋ ਆਪਣੇ ਵਿਚਾਰ ਪੇਸ਼ ਕਰਦੇ ਹਨ। ਜਰਨੈਲ ਸਿੰਘ ਤੱਗੜ ਨੇ ਅਜੋਕੇ ਹਾਲਾਤ ਦਾ ਵਰਨਣ ਕਿ ਕਿਸ ਨੂੰ ਆਪਣਾ ਸਮਝੇ ਕਿਸ ਨੂੰ ਨਾ ਸਮਝੇ ਕਵਿਤਾ ਸੁਣਾਈ। ਹਰਜੀਤ ਕੌਰ ਜੌਹਲ ਨੇ ਫੌਜੀ ਵੀਰਾਂ ਤੇ ਬਹੁਤ ਸੁਹਣਾ ਗੀਤ ਸੁਣਾਇਆ। ਗੁਰਤੇਜ ਕੌਰ ਸਿੱਧੂ ਤੇ ਜਗਦੀਸ਼ ਕੌਰ ਸਰੋਇਆ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਗੀਤ ਗਾ ਕੇ ਸਾਰਿਆਂ ਦਾ ਮਨ ਗਮਗੀਨ ਕਰ ਦਿੱਤਾ। ਸਭ ਦੀਆਂ ਅੱਖਾਂ ਭਰ ਆਈਆਂ। ਲਲਿਤਾ ਜੀ ਨੇ ਦੱਸਿਆ ਕਿ ਆਪਾਂ ਨੂੰ ਸਟ੍ਰੈੱਸ ਵਿੱਚ ਜਾਣਾ ਠੀਕ ਨਹੀਂ ਹੈ, ਦਿਮਾਗੀ ਬੋਝ ਨਾ ਰੱਖਣ ਬਾਰੇ ਸਲਾਹ ਦਿੱਤੀ। ਗੁਰਮੀਤ ਸਰਪਾਲ ਨੇ ਦੱਸਿਆ ਕਿ ਮਨ ਜਿੱਤ ਲਿਆ ਤਾਂ ਆਪਣੇ ਉੱਪਰ ਕਿਸੇ ਦੇ ਕਹੇ ਸੁਣੇ ਦਾ ਕੋਈ ਅਸਰ ਨਹੀਂ ਹੁੰਦਾ। ਸਭ ਬਿਮਾਰੀਆਂ ਤੇ ਕੰਟਰੋਲ ਹੋ ਸਕਦਾ ਹੈ। ਸੁਰਿੰਦਰ ਸੰਧੂ ਨੇ ਔਰਤਾਂ ਦੇ ਮੱਕਾਰ ਬਾਰੇ ਦੱਸਿਆ ਕਿ ਇਹ ਕਦੇ ਖ਼ਤਮ ਨਹੀਂ ਹੋ ਸਕਦੇ। ਮਹਿੰਦਰ ਸਿੰਘ ਮੁੰਡੀ, ਸੈਮ ਸਹੋਤਾ ਤੇ ਹਰਦੀਪ ਸਿੱਧੂ ਨੇ ਮੀਡੀਆ ਦੀਆਂ ਅਣਥੱਕ, ਨਿਰਪੱਖਤਾ ਭਰੀ ਕਵਰੇਜ ਕਰਨ ਕਰਕੇ ਹਰਬੰਸ ਬੁੱਟਰ ਦਾ ਸਨਮਾਨ ਕੀਤਾ ਜੋ ਕਿ ਇਸ ਪ੍ਰੋਗਰਾਮ ਨੂੰ ਵੀ ਕਵਰ ਕਰਨ ਆਏ ਸਨ। ਹਰਦੀਪ ਸਿੰਘ ਸਿੱਧੂ ਨੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ। ਤੰਦਰੁਸਤੀ ਦੀ ਕਾਮਨਾ ਵੀ ਕੀਤੀ। ਇਸ ਮੌਕੇ ਐਗਜ਼ੈਕਟਿਵ ਦੇ ਮੈਂਬਰ ਰਵਿੰਦਰਪਾਲ ਸਿੰਘ ਚਾਹਲ, ਜਸਵੰਤ ਸਿੰਘ ਸਿੱਧੂ, ਕੁਲਦੀਪ ਸਿੰਘ ਗਿੱਲ ਹਾਜ਼ਰ ਸਨ ਸਟੇਜ ਸਕੱਤਰ ਦੀ ਡਿਊਟੀ ਗੁਰਮੇਲ ਸਿੰਘ ਸੰਧੂ ਨੇ ਨਿਭਾਈ।





ਐਡਮੰਟਨ ਵਿਖੇ ਸਿਖਸ ਫਾਰ ਹਿਊਮੈਨਿਟੀ ਸੰਸਥਾ ਵੱਲੋਂ ਡਾਊਨ ਵਿਖੇ ਲੋੜਵੰਦਾਂ ਨੂੰ ਮੁਫਤ ਭੋਜਨ ਦੀਆਂ ਲੋੜਾਂ ਦੀ ਪੂਰਤੀ ਲਈ ਆਪਣੀ ਬਿਲਡਿੰਗ ਵਿਖੇ ਗੁਰੂ ਨਾਨਕ ਫਰੀ ਕਿਚਨ ਦੀ ਸੁਰੂਆਤ ਬੀਤੀ 20 ਨਵੰਬਰ 2021 ਨੂੰ ਕੀਤੀ ਗਈ

## ਕੈਲਗਰੀ ਵਿੱਚ ਬੱਸ ਸਫਰ ਹੁਣ ਮਹਿੰਗਾ ਹੋਣ ਲੱਗਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਟ੍ਰਾਂਜ਼ਿਟ ਦਾ ਕਹਿਣਾ ਹੈ ਪਹਿਲੀ ਜਨਵਰੀ ਤੋਂ ਸ਼ਹਿਰ ਦੀਆਂ ਬੱਸਾਂ ਅਤੇ ਲਾਇਟ-ਰੇਲ-ਟ੍ਰੇਨਜ਼ - ਐਲ.ਆਰ.ਟੀ'ਜ਼ ਵਿੱਚ ਸਫ਼ਰ ਕਰਨਾ ਥੋੜ੍ਹਾ ਜਿਹਾ ਮਹਿੰਗਾ ਹੋ ਜਾਵੇਗਾ। ਸਿੰਗਲ ਐਡਲਟ ਟਿਕਟ ਦੀ ਕੀਮਤ ਸਾਢੇ 3 ਡਾਲਰ ਤੋਂ ਵਧਾ ਕੇ 3 ਡਾਲਰ 60 ਸੈਂਟ ਕੀਤੀ ਜਾ ਰਹੀ ਹੈ ਅਤੇ ਬੱਚਿਆਂ ਦੀ ਟਿਕਟ 2 ਡਾਲਰ 40 ਸੈਂਟ ਤੋਂ ਵਧਾ ਕੇ 2 ਡਾਲਰ 45 ਸੈਂਟ ਕੀਤੀ ਜਾ ਰਹੀ ਹੈ। ਡੇਅ ਪਾਸ ਹੁਣ 11 ਡਾਲਰ ਤੋਂ ਵਧ ਕੇ ਸਵਾ ਗਿਆਰਾਂ ਡਾਲਰ ਦਾ ਹੋ ਜਾਵੇਗਾ। ਯੂਥ ਡੇਅ ਪਾਸ ਦੀ ਕੀਮਤ 8 ਡਾਲਰ ਤੋਂ ਵਧ ਕੇ ਸਵਾ ਅੱਠ ਡਾਲਰ ਹੋ ਜਾਵੇਗੀ। ਮਸਿਕ ਐਡਲਟ ਪਾਸ ਦੀ ਕੀਮਤ 109 ਡਾਲਰ ਤੋਂ ਵਧ ਕੇ 112 ਡਾਲਰ ਅਤੇ ਯੂਥ ਪਾਸ ਦੀ ਕੀਮਤ 79 ਡਾਲਰ ਤੋਂ ਵਧ ਕੇ 82 ਡਾਲਰ ਹੋ ਜਾਏਗੀ। ਐਡਲਟ ਟਿਕਟ ਬੁਕ ਦੀ ਕੀਮਤ ਹੁਣ 35 ਡਾਲਰ ਤੋਂ ਵਧਾ ਕੇ 36 ਡਾਲਰ ਕੀਤੀ ਜਾ ਰਹੀ ਹੈ ਜਦੋਂ ਕਿ ਯੂਥ ਟਿਕਟ ਬੁਕ ਦੀ ਕੀਮਤ 24 ਡਾਲਰ ਤੋਂ ਵਧ ਕੇ ਸਾਢੇ 24 ਡਾਲਰ ਹੋ ਜਾਵੇਗੀ।

## ਜੈਕਾਰਿਆਂ ਦੀ ਗੂੰਜ ਵਿੱਚ ਗੁਰਦੁਵਾਰਾ ਸਿੰਘ ਸਭਾ ਸਰੀ ਕੈਨੇਡੀਅਨ ਗਦਰੀ ਯੋਧਿਆਂ ਦੀ ਗੈਲਰੀ ਦਾ ਉਦਘਾਟਨ ਹੋਇਆ



ਸਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਗੁਰਦਵਾਰਾ ਕੈਨੇਡੀਅਨ ਸਿੰਘ ਸਭਾ ਸਰੀ ਵਿਖੇ ਕੈਨੇਡੀਅਨ ਗਦਰੀ ਯੋਧਿਆਂ ਨੂੰ ਸਮਰਪਿਤ ਗੈਲਰੀ ਦਾ ਉਦਘਾਟਨ ਹੋਇਆ।ਇਹ ਗੈਲਰੀ ਉਹਨਾਂ ਕੈਨੇਡੀਅਨ ਗਦਰੀ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੈ ਜਿਹਨਾਂ ਨੇ ਕੈਨੇਡਾ ਤੋਂ ਹਿੰਦੋਸਤਾਨ ਜਾ ਕੇ ਉਥੇ ਆਜ਼ਾਦੀ ਵਾਸਤੇ ਜਦੋ ਜਹਿਦ ਕੀਤੀ ,ਫਾਂਸੀਆਂ ਦੇ ਰੱਸੇ ਚੁੰਮੇ, ਉਮਰ ਕੈਦਾਂ ਕੱਟੀਆਂ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦੇ ਨਾਲ ਨਾਲ ਜਾਇਦਾਦ ਜ਼ਬਤ, ਜੂਹ ਬੰਦੀ ਤੇ ਜੇਲਾਂ ਵਿੱਚ ਤਸੀਹੇ ਝਲੇ। ਇਹਨਾਂ ਮਹਾਨ ਸ਼ਹੀਦਾਂ ਦੇ ਚਿੱਤਰ ਜੋ ਉਘੇ ਚਿਤਰਕਾਰ ਸ. ਜਰਨੈਲ ਸਿੰਘ ਨੇ ਚਿਤਰੇ ਹਨ, ਦਾ ਉਦਘਾਟਨ ਸੰਗਤਾਂ ਦੀ ਭਰਪੂਰ ਹਾਜ਼ਰੀ ਵਿੱਚ ਜੈਕਾਰਿਆਂ ਦੀ ਗੂੰਜ ਵਿੱਚ ਹੋਇਆ।ਇਹਨਾਂ ਮਹਾਨ 31 ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦ ਨੂੰ ਸਮਰਪਿਤ ਇਸ ਚਿਤਰ ਗੈਲਰੀ ਦੇ ਉਦਘਾਟਨ ਮੌਕੇ ਬੋਲਿਦਿਆਂ ਕੈਨੇਡਾ ਦੇ ਇੰਟਰਨੈਸ਼ਨਲ ਡਿਵੈਲਪਮੈਂਟ ਮੰਤਰੀ ਹਰਜੀਤ ਸਿੰਘ ਸੱਜਨ ਨੇ ਕਿਹਾ ਕਿ ਸਾਨੂੰ ਗੁਰੂ ਨਾਨਕ ਸਾਹਿਬ ਦੇ ਸਾਂਝੀਵਾਲਤਾ ਤੇ ਮਨੁੱਖੀ ਹੱਕਾਂ ਦੀ ਰਾਖੀ ਦੇ ਸੁਨੇਹੇ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਸਾਡਾ ਵਿਰਸਾ ਬਹੁਤ ਮਹਾਨ ਹੈ। ਵਿਧਾਇਕ ਰਚਨਾ ਸਿੰਘ ਨੇ ਕਿਹਾ ਕਿ ਗਦਰੀ ਬਾਬਿਆਂ ਨੇ ਆਜ਼ਾਦੀ ਦੇ ਨਾਲ ਨਾਲ ਨਸਲੀ ਵਿਤਕਰੇ ਦੀ ਜੰਗ ਵੀ ਲੜੀ। ਉਹਨਾਂ ਕਿਹਾ ਕਿ ਅੱਜ ਵੀ ਨਸਲਵਾਦ ਵਿਰੁੱਧ ਸੰਘਰਸ਼ ਜਾਰੀ ਰੱਖਣ ਦੀ ਲੋੜ ਹੈ ।ਇਸ ਮੌਕੇ ਉਘੇ ਲੇਖਕ ਸ. ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਰਜਿੰਦਰ ਸਿੰਘ ਪੰਧੇਰ, ਪ੍ਰੋ ਗੁਰਵਿੰਦਰ ਸਿੰਘ ਧਾਲੀਵਾਲ, ਡਾ ਪੂਰਨ ਸਿੰਘ, ਦਵਿੰਦਰ ਸਿੰਘ ਦੂਲੇ , ਹਰਦਮ ਮਾਨ,ਸਾਹਿਬ ਥਿੰਦ, ਰਸ਼ਪਾਲ ਗਿੱਲ ਪੰਜਾਬੀ ਟ੍ਰਿਬਿਊਨ ਤੇ ਕੈਨੇਡੀਅਨ ਪੰਜਾਬ ਟਾਈਮਜ਼ ਤੋਂ ਅਮਰਪਾਲ ਸਿੰਘ ਵਿਸ਼ੇਸ਼ ਸ਼ਾਮਲ ਹੋਏ।ਗੁਰਦਵਾਰਾ ਸਾਹਿਬ ਵਲੋਂ ਸ. ਜਰਨੈਲ ਸਿੰਘ ਆਰਟਿਸਟ ਤੇ ਗਦਰੀ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ।ਵਰਨਣਯੋਗ ਹੈ ਕਿ ਗੁਰਦਵਾਰਾ ਕੈਨੇਡੀਅਨ ਸਿੰਘ ਸਭਾ ਦੇ ਯਤਨਾਂ ਸਦਕਾ ਸ. ਜਰਨੈਲ ਸਿੰਘ ਦੇ ਬਣਾਏ ਗਦਰੀ ਯੋਧਿਆਂ ਦੇ ਚਿਤਰ ਕੇਂਦਰੀ ਸਿਖ ਅਜਾਇਬਘਰ, ਸ੍ਰੀ ਦਰਬਾਰ ਸਾਹਿਬ ਅਮਿੰਤਸਰ ਵਿਖੇ ਵੀ 2020 ਵਿਚ ਸਥਾਪਤ ਕੀਤੇ ਜਾ ਚੁੱਕੇ ਹਨ ਤੇ ਉਹਨਾਂ ਕਾਮਾਗਾਟਾਮਾਰੂ ਦੇ ਇਤਹਾਸ ਨੂੰ ਵੀ ਬਾਖ਼ੂਬੀ ਚਿਤਰਿਆ ਹੈ।

## ਭਾਰਤੀ ਮੂਲ ਦਾ ਪਰਾਗ ਅਗਰਵਾਲ ਟਵਿੱਟਰ ਦਾ ਸੀ ਈ ਓ ਬਣਿਆ

"ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੇ ਪਰਾਗ ਅਗਰਵਾਲ ਨੂੰ ਸੋਸ਼ਲ ਮੀਡੀਆ ਟਵਿਟਰ ਦਾ ਨਵਾਂ ਮੁਖੀ ਥਾਪਿਆ ਗਿਆ ਹੈ। ਮੁੰਬਈ ਦੇ ਆਇ.ਆਇ.ਟੀ. ਤੋਂ ਗ੍ਰੈਜੁਏਟ ਅਗਰਵਾਲ, ਜੈਕ ਡੋਰਸੀ ਦੀ ਥਾਂ ਲੈਣਗੇ ਜਿਹਨਾਂ ਬੀਤੇ ਕੱਲ੍ਹ ਅਸਤੀਫਾ ਦੇ ਦਿੱਤਾ ਸੀ। ਪਰਾਗ ਅਗਰਵਾਲ ਨੇ ਆਪਣੀ ਨਿਯੁਕਤੀ ਦੇ ਐਲਾਨ ਮਗਰੋਂ ਸਮੂਹ ਟੀਮ ਦਾ ਧੰਨਵਾਦ ਕੀਤਾ ਹੈ। ਅਗਰਵਾਲ ਪਿਛਲੇ 10 ਸਾਲ ਤੋਂ ਟਵਿਟਰ ਨਾਲ ਕੰਮ ਕਰਦੇ ਆ ਰਹੇ ਦੱਸੇ ਗਏ ਹਨ।

## ਰਾਈਟਰਜ਼ ਫੋਰਮ ਕੈਲਗਰੀ ਦੀ ਮੀਟਿੰਗ ਦੌਰਾਨ 'ਤੂੰ ਦੇਸ਼ ਮੇਰੇ ਦਾ ਹਾਕਮ ਤੇਰਾ ਤਖ਼ਤ ਸਦਾ ਨਹੀਂ ਰਹਿਣਾ' ਵਰਗੀ ਵੰਗਾਰ ਭਰੀ ਕਵਿਤਾ ਦਾ ਉਚਾਰਣ ਹੋਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 4 ਦਸੰਬਰ ਨੂੰ ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਮੀਟਿੰਗ ਜ਼ੂਮ ਰਾਹੀਂ ਕੀਤੀ ਗਈ। ਪੰਜਾਬੀ ਗਾਇਕੀ ਦੀ ਬੁਲੰਦ ਆਵਾਜ਼ ਗੁਰਮੀਤ ਬਾਵਾ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਰੂਹ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਜਨਰਲ ਸਕੱਤਰ ਜਸਵੀਰ ਸਿਹੋਤਾ ਨੇ ਭਾਵੁਕ ਹੋ ਕੇ ਕਿਹਾ ਕਿ ਗਰਮੀਤ ਬਾਵਾ ਦੇ ਬੋਲਾਂ ਦੀਆਂ ਲੰਮੀਆਂ ਹੇਕਾਂ ਲੋਕਾਂ ਦੇ ਮਨਾਂ ਉਪਰ ਲੰਮੇ ਸਮੇਂ ਤੱਕ ਰਾਜ ਕਰਨਗੀਆਂ ਪਰ ਇਹ ਘਾਟਾ ਕਦੇ ਪੂਰਾ ਨਹੀਂ ਹੋ ਸਕੇਗਾ। ਇਸ ਉਪ੍ਰੰਤ ਜਾਣੇ-ਪਛਾਣੇ ਕਿੱਸਾਕਾਰ ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਕਿਸਾਨ ਅੰਦੋਲਨ ਦੀ ਜਿੱਤ ਬਾਰੇ ਕਵੀਸ਼ਰੀ ਸੁਣਾ ਕੇ ਮੌਕੇ ਦੀ ਲੋੜ ਪੂਰੀ ਕੀਤੀ - ਫ਼ਤਹਿ ਚਰਨ ਚੁੰਮਦੀ ਐਂ, ਕਿਸਾਨਾ ਕੇਂਦਰ ਅੱਜ ਝੁਕਾਤਾ। ਇਸੇ ਵਿਸ਼ੇ ਤੇ ਗੁਰਦੀਸ਼ ਕੌਰ ਗਰੇਵਾਲ ਦੀ ਉਚਾਰੀ ਕਵਿਤਾ ਵੱਡਾ ਅਸਰ ਛੱਡ ਗਈ -- ਸਿੱਖੀ ਵਾਲਾ ਵਿਰਸਾ ਮਹਾਨ ਜਿੱਤਿਆ, ਬੱਲੇ ਅੱਜ ਕਿਰਤੀ ਕਿਸਾਨ ਜਿੱਤਿਆ। ਰਾਜਵੰਤ ਕੌਰ ਮਾਨ ਦੀ ਕਵਿਤਾ - ਹੱਕ ਲੈਣ ਲਈ ਵਤਨੀ?', ਅਸੀਂ ਪੀੜਾਂ ਲੱਖ ਹੰਢਾਈਆਂ - ਮਾਹੌਲ ਨੂੰ ਹੋਰ ਗੂੜ੍ਹਾ ਰੰਗ ਦੇ ਗਈ। ਰਹਿੰਦੀ ਕਸਰ ਗੁਰਚਰਨ ਕੌਰ ਥਿੰਦ ਦੀ ਕਵਿਤਾ - ਅਣਖਾਂ ਦੇ ਵਾਰਸ - ਨੇ ਪੂਰੀ ਕਰ ਦਿੱਤੀ। ਡਾ. ਮਨਮੋਹਨ ਬਾਠ ਦੁਆਰਾ ਸੋਹਿੰਦਰਬੀਰ ਦੀ ਕਵਿਤਾ ਦਾ ਗਾਇਨ ਇਸੇ ਪਿਰਤ ਨੂੰ ਸਿਰੇ ਲਾ ਗਿਆ - ਤੂੰ ਦੇਸ਼ ਮੇਰੇ ਦਾ ਹਾਕਮ ਤੇਰਾ ਤਖ਼ਤ ਸਦਾ ਨਹੀਂ ਰਹਿਣਾ। ਸੇਵਾ ਸਿੰਘ ਨੇ ਨੌਵੇਂ ਪਾਤਸ਼ਾਹ ਦਾ ਸ਼ਬਦ - ਸਾਧੋ ਗੋਬਿੰਦ ਕੇ ਗੁਣ ਗਾਵਉ - ਗਾਇਨ ਕਰ ਕੇ ਆਤਮਕ ਮਾਹੌਲ ਸਿਰਜ ਦਿੱਤਾ। ਡਾ. ਮਨਮੋਹਨ ਕੌਰ ਨੇ ਸਾਹਿਬਜ਼ਾਦਿਆਂ ਦੀ ਅਦੁਤੀ ਸ਼ਹੀਦੀ ਬਾਰੇ ਕੀਮਤੀ ਵਿਚਾਰ ਰੱਖੇ ਅਤੇ ਸਿੱਖਾਂ ਨੂੰ ਕੁਰਹਿਤ ਤੋਂ ਦੂਰ ਰਹਿਣ ਦੀ ਲੋੜ ਤੇ ਜ਼ੋਰ ਦਿੱਤਾ। ਟੋਰਾਂਟੋ ਤੋਂ ਸ਼ਾਮਲ ਹੋਏ ਗੀਤਕਾਰ ਤੇ ਗਾਇਕ ਸੱਜਣ ਸਿੰਘ ਸੱਜਣ ਦੀ ਸ਼ਹੀਦੀ ਸਾਕਿਆਂ ਬਾਰੇ ਕਵਿਤਾ ਅੱਖਾਂ ਨਮ ਕਰ ਗਈ - ਤੈਨੂੰ ਮਾਣ ਆਪਣੀ ਹਕੂਮਤ ਦੇ ਨਸ਼ੇ ਉੱਤੇ, ਜਾਨ ਤੋਂ ਪਿਆਰੀ ਸਾਨੂੰ ਸਿੱਖੀ ਉੱਤੇ ਮਾਣ ਐਂ। ਐਡਮੰਟਨ ਤੋਂ ਸ਼ਾਮਿਲ ਅਮਰਜੀਤ ਸਹੋਤਾ ਨੇ ਫ਼ੈਜ਼ ਅਹਿਮਦ ਫ਼ੈਜ਼ ਦੀ ਨਜ਼ਮ, ਸਰਬਜੀਤ ਕੌਰ ਉੱਪਲ ਨੇ ਕਵਿਤਾ - ਮੈਂ ਦਿਲੋਂ ਪੰਜਾਬੀ ਹਾਂ, ਅਜਾਇਬ ਸਿੰਘ ਸੇਖੋਂ ਨੇ ਕਵਿਤਾ - ਜੇ ਕਰੀਏ ਤਾਂ ਕਰੀਏ ਚੰਗੀ ਗੱਲ ਅਤੇ ਸੁਰਾਂ ਦੇ ਮਾਹਿਰ ਜੋਗਾ ਸਿੰਘ ਸਹੋਤਾ ਨੇ ਸਾਜ਼ ਤੇ ਗ਼ਜ਼ਲ ਦੀ ਪੇਸ਼ਕਾਰੀ ਕੀਤੀ। ਡਾ. ਮਹਿੰਦਰ ਸਿੰਘ ਹੱਲ੍ਹਣ ਨੇ ਜ਼ਿੰਦਗੀ ਦੇ ਭਰਪੂਰ ਤਜਰਬੇ 'ਚੋਂ ਕੰਮ ਦੀਆਂ ਗੱਲਾਂ ਦੱਸੀਆਂ। ਹਰਮਿੰਦਰ ਕੌਰ ਚੁੱਘ ਨੇ ਦੰਦ-ਕਥਾਵਾਂ ਸੁਣਾ ਕੇ ਸੋਚੀਂ ਪਾ ਦਿੱਤਾ। ਜਗਦੇਵ ਸਿੱਧੂ ਨੇ ਜ਼ਿੰਦਗੀ ਬਿਲਾਸ ਦੇ ਰਚੇਤਾ ਮਸ਼ਹੂਰ ਕਵੀਸ਼ਰ ਸਾਧੂ ਦਯਾ ਸਿੰਘ ਆਰਿਫ਼ ਨੂੰ ਉਸ ਦੇ 28 ਦਸੰਬਰ ਨੂੰ ਆ ਰਹੇ ਜਨਮ ਦਿਨ ਕਰ ਕੇ ਯਾਦ ਕੀਤਾ ਅਤੇ ਆਪਣੀ ਕਿਸਾਨ ਅੰਦੋਲਨ ਦੀ ਵਾਰ ਵਿੱਚੋਂ ਚੰਦ ਸਤਰਾਂ ਪੇਸ਼ ਕੀਤੀਆਂ। ਫੋਰਮ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਸੰਖੇਪ ਜਾਣਕਾਰੀ ਦੇ ਕੇ ਆਪਣੀ ਗ਼ਜ਼ਲ ਸੁਣਾਈ। ਜਨਰਲ ਸਕੱਤਰ ਜਸਵੀਰ ਸਿਹੋਤਾ ਨੇ ਮੰਚ ਦਾ ਸੁਚਾਰੂ ਢੰਗ ਨਾਲ ਸੰਚਾਲਨ ਕਰਦਿਆਂ ਵਾਜਬ ਟਿੱਪਣੀਆਂ ਕਰ ਕੇ ਦਿਲਚਸਪੀ ਬਣਾਈ ਰੱਖੀ।

## ਸੋਲਰ ਪੈਨਲ ਲਗਵਾਉਣ ਲਈ ਹੁਣ ਘੱਟ ਵਿਆਜ ਦਰਾਂ ਉੱਪਰ ਕਰਜ਼ਾ ਮਿਲ ਸਕੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਿਟੀ ਕੌਂਸਲ ਨੇ ਸ਼ਹਿਰ ਵਾਸੀਆਂ ਨੂੰ ਆਪਣੇ ਘਰ 'ਐਨਰਜੀ ਐਫਿਸ਼ਿਐਂਟ' ਬਣਾਉਣ ਵਾਸਤੇ ਵਿੱਤੀ ਸਹਾਇਤਾ ਦੇਣ ਦੀ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੌਂਸਲ ਨੇ 'ਕਲੀਨ ਐਨਰਜੀ ਇੰਪਰੂਵਮੈਂਟ ਪ੍ਰੋਗਰੈਮ' - ਸੀ.ਈ.ਆਇ.ਪੀ. ਤਹਿਤ ਸਹੂਲਤ ਦੇਣ ਦਾ ਐਲਾਨ ਕੀਤਾ ਹੈ ਕਿ ਘੱਟ ਵਿਆਜ ਦਰਾਂ 'ਤੇ 50 ਹਜ਼ਾਰ ਡਾਲਰ ਤੱਕ ਦਾ ਕਰਜ਼ਾ ਲਿਆ ਜਾ ਸਕੇਗਾ ਜਿਹੜਾ 15 ਸਾਲ ਵਿੱਚ ਮੋੜਨਾ ਹੋਵੇਗਾ ਅਤੇ ਇਸ ਨੂੰ ਪ੍ਰੋਪਰਟੀ ਟੈਕਸ ਬਿਲ ਵਿੱਚ ਹੀ ਸ਼ਾਮਿਲ ਕਰ ਦਿੱਤਾ ਜਾਵੇਗਾ। ਇਸ ਤਹਿਤ ਘਰਾਂ ਲਈ ਸੋਲਰ ਪੈਨਲ ਲਗਾਉਣ, ਇੰਸੁਲੇਸ਼ਨ ਵਧਾਉਣ, ਖਿੜਕੀਆਂ ਤੇ ਦਰਵਾਜ਼ਿਆਂ ਨੂੰ ਅਪਗ੍ਰੇਡ ਕਰਨ ਅਤੇ ਟੈਂਕ-ਲੈੱਸ ਵੌਟਰ ਸਿਸਟਮ ਲਗਾਉਣ ਦਾ ਪ੍ਰਬੰਧ ਕੀਤਾ ਜਾ ਸਕੇਗਾ। ਦ ਫੈਡਰੇਸ਼ਨ ਔਫ਼ ਕੈਨੇਡੀਅਨ ਮਿਉਨਿਸਿਪੈਲਿਟੀਜ਼ ਨੇ ਕੈਲਗਰੀ ਨੂੰ ਇਸ ਕੰਮ ਵਾਸਤੇ 10 ਮਿਲੀਅਨ ਡਾਲਰ ਸਸਤੀ ਦਰ 'ਤੇ ਵਿਆਜ ਉੱਪਰ ਅਤੇ 5 ਮਿਲੀਅਨ ਡਾਲਰ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ। ਸਿਟੀ ਵੱਲੋਂ 5 ਮਿਲੀਅਨ ਦਾ ਪ੍ਰਬੰਧ ਆਪਣੇ ਵੱਲੋਂ ਕੀਤਾ ਜਾਣਾ ਹੈ ਤੇ ਇਹ ਪ੍ਰੋਜੈਕਟ ਚਾਰ ਸਾਲ ਲਈ 20 ਮਿਲੀਅਨ ਡਾਲਰ ਦਾ ਹੋਵੇਗਾ। ਇਸ ਸੰਬੰਧੀ ਮਤੇ ਨੂੰ 14-1 ਨਾਲ ਪਾਸ ਕੀਤਾ ਗਿਆ ਹੈ। ਇੱਕ ਮਾਤਰ ਵਿਰੋਧ ਦੀ ਵੋਟ ਕੌਂਸਲਰ ਸ਼ੋਨ ਚੂ ਨੇ ਪਾਈ।

## ਜਸਕੀਰਤ ਸਿੱਧੂ ਨੂੰ ਭਾਰਤ ਭੇਜੇ ਜਾਣ ਦਾ ਮਾਮਲਾ ਫਿਲਹਾਲ ਲਟਕ ਗਿਆ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਪ੍ਰੈਲ 2018 ਵਿੱਚ ਸੈਸਕੈਚੇਵਾਨ ਵਿੱਚ ਹੋਏ ਹਮਬੋਲਟ ਬ੍ਰੌਂਕੋਜ਼ ਬੱਸ ਹਾਦਸੇ ਲਈ ਜ਼ਿੰਮੇਦਾਰ ਰਹੇ ਅਤੇ ਕੈਦ ਕੱਟ ਰਹੇ ਭਾਰਤੀ ਮੂਲ ਦੇ ਟ੍ਰੱਕ ਚਾਲਕ ਜਸਕੀਰਤ ਸਿੰਘ ਸਿੱਧੂ ਨੂੰ ਭਾਰਤ ਵਾਪਸ ਭੇਜੇ ਜਾਣ ਦਾ ਮਾਮਲਾ ਫਿਲਹਾਲ ਲਟਕ ਗਿਆ ਹੈ। 33 ਸਾਲਾ ਜਸਕੀਰਤ ਸਿੱਧੂ ਦੇ ਵਕੀਲ ਦਾ ਕਹਿਣਾ ਹੈ ਕਿ ਉਸ ਵੱਲੋਂ ਕੈਨੇਡਾ ਬੌਰਡਰ ਸਰਵਿਸ ਏਜੰਸੀ ਨੂੰ ਦਸਤਾਵੇਜ਼ਾਂ ਦਾ ਇੱਕ ਵੱਡਾ ਪੁਲੰਦਾ ਭੇਜਿਆ ਗਿਆ ਹੈ ਜਿਸ ਵਿੱਚ ਜਸਕੀਰਤ ਸਿੱਧੂ ਨੂੰ ਸਜ਼ਾ ਪੂਰੀ ਕਰ ਲੇਣ ਉਪਰੰਤ ਭਾਰਤ ਨਾ ਭੇਜੇ ਜਾਣ ਦੇ ਕਾਰਨਾਂ ਦਾ ਖੁਲਾਸਾ ਕੀਤਾ ਗਿਆ ਹੈ ਤੇ ਦੱਸਿਆ ਗਿਆ ਹੈ ਕਿ ਉਸ ਨੂੰ ਕਿਉਂ ਕੈਨੇਡਾ ਵਿੱਚ ਹੀ ਰਹਿਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਸਿੱਧੂ ਨੂੰ ਇਸ ਹਾਦਸੇ ਲਈ 8 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਬੱਸ-ਟ੍ਰਕ ਹਾਦਸੇ ਵਿੱਚ 16 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ 13 ਹੋਰ ਜ਼ਖ਼ਮੀ ਹੋ ਗਏ ਸਨ। ਸਿੱਧੂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ ਤੇ ਮਾਰੇ ਗਏ ਤੇ ਜ਼ਖ਼ਮੀ ਹੋਏ ਸਾਰੇ ਵਿਅਕਤੀਆਂ ਦੇ ਪਰਿਵਾਰਾਂ ਤੋਂ ਮਾਫੀ ਵੀ ਮੰਗੀ ਸੀ। ਵਕੀਲ ਦਾ ਕਹਿਣਾ ਹੈ ਕਿ ਸਿੱਧੂ ਦਾ ਨਵਾਂ ਵਿਆਹ ਹੋਇਆ ਸੀ ਤੇ ਉਹ ਕੈਨੇਡਾ ਦਾ ਪਰਮਾਨੈਂਟ ਵਸਨੀਕ ਹੈ ਤੇ ਉਸ ਨੂੰ ਕੈਨੇਡਾ ਵਿੱਚ ਰਹਿਣ ਦੇਣ ਵਾਸਤੇ ਪ੍ਰਭਾਵਿਤ ਪਰਿਵਾਰਾਂ ਵੱਲੋਂ ਵੀ ਕਿਹਾ ਜਾ ਰਿਹਾ ਹੈ। ਫਿਲਹਾਲ, ਉਸ ਨੂੰ ਭਾਰਤ ਭੇਜੇ ਜਾਣ ਦੇ ਮਾਮਲੇ ਨੂੰ ਅਗਲੇ ਸਾਲ ਤੱਕ ਲਈ ਲਟਕਾ ਦਿੱਤਾ ਗਿਆ ਹੈ।

## ਬੱਚਿਆਂ ਨੂੰ ਵੈਕਸੀਨ ਜਲਦੀ ਦਿੱਤੇ ਜਾਣ ਲਈ ਅਲਬਰਟਾ ਸਰਕਾਰ ਹੱਲ ਲੱਭ ਰਹੀ ਹੈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਹੈਲਥ ਕੈਨੇਡਾ ਵੱਲੋਂ ਦੇਸ਼ ਭਰ ਵਿੱਚ 5 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਨੂੰ ਕੋਵਿਡ-19 ਵੈਕਸਿਨ ਲਗਵਾਉਣ ਦੀ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਐਲਬਰਟਾ ਵਿੱਚ ਇਸ ਉਮਰ ਵਰਗ ਵਿੱਚ ਸਿਰਫ਼ 16.1% ਬੱਚਿਆਂ ਨੂੰ ਹੀ ਵੈਕਸਿਨ ਦਿੱਤੇ ਜਾਣ ਦੀ ਖ਼ਬਰ ਹੈ। ਸੂਬੇ ਦੇ ਹੈਲਥ ਮਨਿਸਟਰ ਜੇਸਨ ਕੌਪਿੰਗ ਦਾ ਕਹਿਣਾ ਹੈ ਕਿ ਇਸ ਗਰੁੱਪ ਵਿੱਚ ਵੈਕਸਿਨੇਸ਼ਨ ਤੇਜ਼ ਕੀਤੇ ਜਾਣ ਦੇ ਢੰਗ ਲੱਭੇ ਜਾ ਰਹੇ ਹਨ। 5 ਤੋਂ 11 ਸਾਲ ਦੀ ਉਮਰ ਦੇ 3 ਲੱਖ 91 ਹਜ਼ਾਰ 430 ਬੱਚੇ ਐਲਬਰਟਾ ਵਿੱਚ ਹਨ। ਉਹਨਾਂ ਦੱਸਿਆ ਕਿ 50% ਬੱਚਿਆਂ ਦੇ ਮਾਪਿਆਂ ਵੱਲੋਂ ਵੈਕਸਿਨੇਸ਼ਨ ਲਈ ਹਾਮੀ ਭਰੇ ਜਾਣ ਦੀ ਸੰਭਾਵਨਾ ਹੈ। ਕਈ ਮਾਹਿਰਾਂ ਦਾ ਕਹਿਣਾ ਹੈ ਕਿ ਦਿਨ ਵੇਲੇ ਮਾਪੇ ਕੰਮਾਂ 'ਤੇ ਅਤੇ ਬੱਚੇ ਸਕੂਲਾਂ ਵਿੱਚ ਹੁੰਦੇ ਹਨ ਜਿਸ ਕਰਕੇ ਵੈਕਸਿਨੇਸ਼ਨ ਹਾਸਲ ਕਰਨ ਵਿੱਚ ਦੇਰੀ ਹੋ ਰਹੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸਕੂਲਾਂ ਵਿੱਚ ਅਤੇ ਈਵਨਿੰਗ ਕਲਿਨਿਕਸ ਚਾਲੂ ਕੀਤੇ ਜਾਣ।

## ਕੈਨੀ ਸਰਕਾਰ ਵੱਲ ਉਂਗਲਾਂ ਕਰਨ ਵਾਲੀ ਕਿਮਲ ਦੇ ਖਿਲਾਫ ਵੀ ਸਰਕਾਰ ਨੇ ਮੁਕੱਦਮਾਂ ਠੋਕ ਦਿੱਤਾ ਹੈ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਸਰਕਾਰ ਦੇ ਕੁੱਝ ਮੰਤਰੀਆਂ ਅਤੇ ਉਹਨਾਂ ਦੇ ਸਟਾਫ਼ ਮੈਂਬਰਾਂ ਉੱਪਰ ਸੈਕਸੁਅਲ ਹੈਰੈਸਮੈਂਟ, ਸ਼ਰਾਬਨੋਸ਼ੀ, ਬੈਕ-ਬਾਇਟਿੰਗ ਆਦਿ ਦੇ ਗੰਭੀਰ ਦੋਸ਼ ਲਗਾਉਣ ਵਾਲੀ ਸਾਬਕਾ ਸਟਾਫ਼ਰ ਦੇ ਕੀਤੇ ਮੁਕਦਮੇ ਦੇ ਸੰਬੰਧ ਵਿੱਚ ਪ੍ਰੀਮੀਅਰ ਦੇ ਦਫ਼ਤਰ ਵੱਲੋਂ ਵੀ ਵਕੀਲ ਹਾਇਰ ਕਰ ਲਏ ਜਾਣ ਦੀ ਖ਼ਬਰ ਹੈ। ਸਰਕਾਰ ਵੱਲੋਂ ਸਾਬਕਾ ਸਟਾਫ਼ਰ, ਏਰੀਐਲਾ ਕਿਮਲ ਦੇ ਮੁਕਦਮੇ ਦੇ ਵਿਰੋਧ ਵਿੱਚ ਕਾਉਂਟਰ ਮੁਕਦਮਾ ਕੀਤਾ ਜਾ ਰਿਹਾ ਹੈ। ਕਿਮਲ ਵੱਲੋਂ ਲਗਾਏ ਗਏ ਦੋਸ਼ਾਂ ਦੇ ਮਾਮਲੇ ਵਿੱਚ ਸੂਬੇ ਦੇ ਐਗਰੀਕਲਚਰ ਮਨਿਸਟਰ ਡੈਵਿਨ ਡ੍ਰੀਸ਼ਨ ਵੱਲੋਂ ਅਸਤੀਫਾ ਦਿੱਤਾ ਜਾ ਚੁੱਕਿਆ ਹੈ। ਕਿਮਲ ਦੇ ਲਗਾਏ ਦੋਸ਼ ਵੀ ਅਜੇ ਅਦਾਲਤ ਵਿੱਚ ਸਾਬਤ ਨਹੀਂ ਹੋ ਸਕੇ ਹਨ ਤੇ ਕਿਮਲ ਦੇ ਖਿਲਾਫ਼ ਵੀ ਕਾਫੀ ਕੁੱਝ ਕਿਹਾ ਸੁਣਿਆ ਜਾ ਚੁੱਕਿਆ ਹੈ। ਹੁਣ ਸਰਕਾਰ ਵੱਲੋਂ ਬਰਾਬਰ ਮੁਕੱਦਮਾ ਕਰ ਦਿੱਤੇ ਜਾਣ ਮਗਰੋਂ ਇਸ ਮਾਮਲੇ ਦੀ ਸੁਣਵਾਈ ਵੱਲ ਸੂਬਾ ਵਾਸੀਆਂ ਦੀਆਂ ਨਜ਼ਰਾਂ ਲੱਗੀਆਂ ਰਹਿਣਗੀਆਂ।

# ਅਲਬਰਟਾ ਸੂਬੇ ਅੰਦਰ ਨਵੇਂ ਵੇਰੀਐਂਟ ਓਮੀਕਰੋਨ ਦੇ ਨਵੇਂ ਕੇਸ ਮਿਲੇ ਹਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਲੰਘੇ ਵੀਕ-ਐਂਡ ਦੌਰਾਨ ਐਲਬਰਟਾ ਵਿੱਚ ਕੋਰੋਨਾ ਵਾਇਰਸ ਦੇ ਨਵੇਂ ਵੇਰੀਐਂਟ -ਮਿਕ੍ਰੌਨ ਦੀ ਇਨਫੈਕਸ਼ਨ ਦੇ 8 ਹੋਰ ਨਵੇਂ ਮਾਮਲੇ ਸਾਹਮਣੇ ਆਉਣ ਦੀ ਸੂਚਨਾ ਹੈ। ਸੂਬੇ ਦੀ ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਨੇ ਟਵਿਟਰ ਦੇ ਮਾਧਿਅਮ ਨਾਲ ਜਾਣਕਾਰੀ ਦਿੱਤੀ ਕਿ -ਮਿਕ੍ਰੌਨ ਵਾਇਰਸ ਦੇ 8 ਨਵੇਂ ਕੇਸ ਆਏ ਹਨ ਤੇ ਇਹ ਸਾਰੇ ਯਾਤਰੀ ਸਨ। ਉਹਨਾਂ ਖ਼ਦਸ਼ਾ ਪ੍ਰਗਟ ਕੀਤਾ ਹੈ ਕਿ ਐਲਬਰਟਾ ਦੇ ਨੌਰਥ ਜ਼ੋਨ ਦੇ ਇੱਕ ਐਲਿਮੈਂਟਰੀ ਅਤੇ ਇੱਕ ਹਾਈ ਸਕੂਲ ਵਿੱਚ ਇਸ ਵੇਰੀਐਂਟ ਦਾ ਐਕਸਪੋਯਰ ਹੋਇਆ ਹੋ ਸਕਦਾ ਹੈ। ਇਹਨਾਂ ਬੱਚਿਆਂ ਦੇ ਘਰ ਵਿੱਚ ਪੌਜ਼ਿਟਿਵ ਕੇਸ ਆਉਣ ਦੀ ਸੂਚਨਾ ਹੈ। ਸਕੂਲਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਹੁਣ ਇੱਥੇ ਰੈਪਿਡ ਟੈਸਟ ਕਿਟਸ ਮੁਹਈਆ ਕਰਵਾਈਆਂ ਜਾਣਗੀਆਂ। ਸੂਬੇ ਵਿੱਚ -ਮਿਕ੍ਰੌਨ ਦੇ ਹੁਣ ਕੁੱਲ 11 ਮਾਮਲੇ ਹੋ ਗਏ ਹਨ। ਬੀਤੇ ਸ਼ੁਕਰਵਾਰ ਤੋਂ ਲੈ ਕੇ ਐਤਵਾਰ ਦਰਮਿਆਨ 788 ਨਵੇਂ ਕੇਸ ਆਉਣ ਦੀ ਸੂਚਨਾ ਹੈ। ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ਾਂ ਦੀ ਗਿਣਤੀ 366 ਦਰਜ ਹੋਈ ਹੈ ਜਿਹਨਾਂ ਵਿਚੋਂ 72 ਦਾ ਇਲਾਜ ਆਈ.ਸੀ.ਯੂ'ਜ਼ ਵਿੱਚ ਚੱਲ ਰਿਹਾ ਹੈ। ਇਸੇ ਦੌਰਾਨ 5 ਹੋਰ ਵਿਅਕਤੀਆਂ ਦੀ ਮੌਤ ਹੋ ਜਾਣ ਮਗਰੋਂ ਮਰਨ ਵਾਲੇ ਵਿਅਕਤੀਆਂ ਦੀ ਸੰਖਿਆ ਸੂਬੇ ਵਿੱਚ 3263 ਹੋ ਗਈ ਹੈ। ਕੈਲਗਰੀ ਜ਼ੋਨ ਵਿੱਚ 1748, ਐਡਮੰਟਨ ਜ਼ੋਨ ਵਿੱਚ 1225, ਨੌਰਥ ਜ਼ੋਨ ਵਿੱਚ 566, ਸੈਂਟਰਲ ਜ਼ੋਨ ਵਿੱਚ 530 ਅਤੇ ਸਾਊਥ ਜ਼ੋਨ ਵਿੱਚ 293 ਮਾਮਲੇ ਦਰਜ ਕਤੇ ਜਾ ਰਹੇ ਹਨ ਤੇ ਨਾ-ਮਾਲੂਮ ਜ਼ੋਨ ਤੋਂ 8 ਕੇਸਾਂ ਦੀ ਰਿਪੋਰਟ ਹੈ।

# ਬੇ ਘਰਿਆਂ ਦੇ ਟੈਂਟ ਉਖਾੜਨ ਦੇ ਮਾਮਲੇ ਵਿਚ ਜੋਤੀ ਗੌਂਡੇਕ ਨੇ ਕੈਲਗਰੀ ਪੁਲਿਸ ਵੱਲ ਘੂਰੀ ਵੱਟੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਡਾਉਨ-ਟਾਉਨ ਸਥਿਤ ਹੋਮਲੈੱਸ ਸ਼ੈਲਟਰ 'ਡ੍ਰੌਪ ਇਨ ਸੈਂਟਰ' ਦੇ ਬਾਹਰ ਪੂਰਬਲੇ ਪਾਸੇ ਟੈਂਪਰੇਰੀ ਟੈਂਟ ਲਗਾ ਕੇ ਉਹਨਾਂ ਵਿੱਚ ਠੰਡ ਤੋਂ ਬਚਣ ਲਈ ਬੈਠੇ ਕੁਝ ਵਿਅਕਤੀਆਂ ਖਦੇੜ ਦਿੱਤੇ ਜਾਣ ਦਾ ਸਿਟੀ ਮੇਅਰ ਡਾ. ਜੋਤੀ ਗੌਂਡੇਕ ਨੇ ਗੰਭੀਰ ਨੋਟਿਸ ਲਿਆ ਹੈ। ਕੈਲਗਰੀ ਪੁਲਿਸ ਅਤੇ ਬਾਇਲੌਅ ਅਧਿਕਾਰੀਆਂ ਨੇ ਕਾਰਵਾਈ ਕਰਦਿਆਂ ਬੇਘਰੇ ਵਿਅਕਤੀਆਂ ਵੱਲੋਂ ਬਣਾਏ ਗਏ ਆਰਜ਼ੀ ਤੰਬੂਆਂ ਤੇ ਹੋਰ ਬਸੇਰਿਆਂ ਨੂੰ ਉਖਾੜ ਦਿੱਤਾ ਸੀ ਤੇ ਕਿਹਾ ਸੀ ਇਸ ਨਾਲ ਐਮਰਜੰਸੀ ਸੇਵਾਵਾਂ ਦੇਣ ਵਾਲੀਆਂ ਗੱਡੀਆਂ ਦੇ ਰਸਤੇ ਵਿੱਚ ਰੁਕਾਵਟਾਂ ਬਣ ਰਹੀਆਂ ਸਨ। ਮੇਅਰ ਗੌਂਡੇਕ ਨੇ ਕਿਹਾ ਕਿ ਜੇ ਉਹਨਾਂ ਲੋਕਾਂ ਨੂੰ ਇਸ ਤੋਂ ਵਧੀਆ ਬਦਲ ਨਹੀਂ ਦੇ ਸਕਦੇ ਤਾਂ ਉਹਨਾਂ ਨੂੰ ਉਥੋਂ ਖਦੇੜਣ ਦਾ ਕਿਸੇ ਨੂੰ ਹੱਕ ਨਹੀਂ ਹੈ। ਮੇਅਰ ਨੇ ਕਿਹਾ ਕਿ ਉਹਨਾਂ ਪ੍ਰਸ਼ਾਸਨ ਨੂੰ ਸਾਫ ਸਾਫ਼ ਕਿਹਾ ਹੈ ਕਿ ਜੇ ਇਹਨਾਂ ਲੋਕਾਂ ਨੂੰ, ਜਿੱਥੇ ਉਹ ਬੈਠੇ ਹੋਏ ਹਨ, ਉਥੋਂ ਚੁੱਕਣਾ ਹੈ ਤਾਂ ਉਸ ਤੋਂ ਵਧੀਆ ਥਾਂ ਦਿਉ; ਨਹੀਂ ਤਾਂ ਉਹ ਜਿੱਥੈ ਬੈਠੇ ਹਨ, ਉਥੇ ਹੀ ਬੈਠੈ ਰਹਿਣ ਦਿਉ। ਕਲੀਨ-ਅਪ ਕਰਨਾ ਚੰਗੀ ਗੱਲ ਹੈ ਪਰ ਲੋਕ ਕੂੜਾ-ਕਰਕਟ ਨਹੀਂ ਹੁੰਦੇ। ਮੇਅਰ ਨੇ ਸੂਬਾ ਅਤੇ ਫੈਡਰਲ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਦੇ ਰੈਣ-ਬਸੇਰੇ ਦਾ ਪ੍ਰਬੰਧ ਕਰਨ ਵਿੱਚ ਸਹਾਇਤਾ ਕਰਨ।

# ਪੋਸਟ ਸੈਕੰਡਰੀ ਐਜੁਕੇਸ਼ਨ ਅਤੇ ਟ੍ਰੈਜ਼ਿਸ਼ਨਲ ਵੋਕੇਸ਼ਨਲ ਪ੍ਰੋਗਰਾਮਾਂ ਵਿੱਚ ਡਿਵੈਲਪਮੈਂਟਲ ਡਿਜ਼ੇਬਿਲਿਟੀਜ਼ ਵਾਲੇ ਵਿਦਿਆਰਥੀਆਂ ਲਈ ਸੀਟਾਂ ਰੱਖੀਆਂ ਜਾਣਗੀਆਂ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਜੇਸਨ ਕੈਨੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਸ ਵੱਲੋਂ 20 ਲੱਖ ਡਾਲਰ ਦਾ ਖ਼ਰਚਾ ਕਰਕੇ ਪੋਸਟ ਸੈਕੰਡਰੀ ਐਜੁਕੇਸ਼ਨ ਅਤੇ ਟ੍ਰੈਜ਼ਿਸ਼ਨਲ ਵੋਕੇਸ਼ਨਲ ਪ੍ਰੋਗਰਾਮਾਂ ਵਿੱਚ ਡਿਵੈਲਪਮੈਂਟਲ ਡਿਜ਼ੇਬਿਲਿਟੀਜ਼ ਵਾਲੇ ਵਿਦਿਆਰਥੀਆਂ ਲਈ ਸੀਟਾਂ ਰੱਖੀਆਂ ਜਾਣਗੀਆਂ। ਇੰਟਰਨੈਸ਼ਨਲ ਡੇਅ ਔਫ਼ ਪਰਸਨਜ਼ ਵਿਦ ਡਿਜ਼ੇਬਿਲਿਟੀਜ਼ ਦੇ ਮੌਕੇ ਸੂਨੇ ਦੇ ਐਡਵਾਂਸਡ ਐਜੁਕੇਸ਼ਨ ਮਨਿਸਟਰ ਡਾ. ਡਿਮੈਟ੍ਰੀਅਸ ਨਿਕੋਲਾਇਡੀਜ਼ ਨੇ ਇਸ ਗੱਲ ਦਾ ਐਲਾਨ ਕੀਤਾ। ਇਸ ਰਕਮ ਨਾਲ ਸੂਬੇ ਦੇ ਉਚੇਰੀ ਸਿਖਿਆ ਦੇ ਵੱਖ ਵੱਖ ਅਦਾਰਿਆਂ ਵਿੱਚ ਹੁਣ ਕੁੱਲ ਸੀਟਾਂ ਦੀ ਗਿਣਤੀ ਵਧ ਕੇ 248 ਹੋ ਜਾਵੇਗੀ। ਇਨਕਲੂਸਿਵ ਪ੍ਰੋਗਰੈਮਜ਼ ਵਿੱਚ ਵਿਦਿਆਰਥੀਆਂ ਨੂੰ ਮੌਡਿਫਾਇਡ ਅਸਾਇਨਮੈਂਟਸ ਅਤੇ ਟੈਸਟਾਂ ਦਾ ਪ੍ਰਬੰਧ ਕਰਕੇ ਦਿੱਤਾ ਜਾਂਦਾ ਹੈ ਤੇ ਉਹਨਾਂ ਵਿੱਚ ਐਂਪਲੌਇਮੈਂਟ ਅਤੇ ਸਕਿਲਜ਼ ਡਿਵੈਲਪਮੈਂਟ ਐਂਡ ਟ੍ਰੇਨਿੰਗ ਦਾ ਬੰਦੋਬਸਤ ਹੁੰਦਾ ਹੈ। ਵਿਰੋਧੀ ਧਿਰ ਐਨਡੀਪੀ ਦੀ ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਕ੍ਰਿਟਿਕ, ਮੇਰੀ ਰਿਨਾਉਡ ਦਾ ਕਹਿਣਾ ਹੈ ਕਿ ਸਰਕਾਰ ਦਾ ਇਹ ਕਦਮ ਚੰਗਾ ਹੈ ਪਰ ਸਰਕਾਰ ਦੂਜੀਆਂ ਵਿੱਤੀ ਕਟੌਤੀਆਂ ਤੋਂ ਧਿਆਨ ਹਟਾਉਣ ਲਈ ਅਜਿਹੇ ਐਲਾਨ ਕਰ ਰਹੀ ਹੈ।

# ਕੈਲਗਰੀ ਦੀਆਂ ਦੋ ਖਿਡਾਰਨਾਂ ਵੀ ਦੱਖਣੀ ਅਫਰੀਕਾ ਵਿੱਚ ਫਸ ਗਈਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੱਖਣ ਅਫ਼ਰੀਕਾ ਵਿੱਚ ਖੇਲਣ ਗਈ ਅਤੇ ਉਥੇ ਹੀ ਫਸ ਗਈ ਕੈਨੇਡਾ ਦੀ ਜੂਨੀਅਰ ਵਿਮੈਨ'ਜ਼ ਟੀਮ ਦੀਆਂ ਦੋ ਮੈਂਬਰ ਕੈਲਗਰੀ ਤੋਂ ਵੀ ਦੱਸੀਆਂ ਜਾਂਦੀਆਂ ਹਨ। ਦੱਖਣ ਅਫ਼ਰੀਕਾ ਵਿੱਚ ਸਾਲ 2021 ਦਾ ਵਿਮੈਨ'ਜ਼ ਹੌਕੀ ਜੂਨੀਅਰ ਵਰਲਡ ਕੱਪ ਖੇਡਿਆ ਜਾਣਾ ਸੀ ਤੇ ਟੀਮ 21 ਨਵੰਬਰ ਨੂੰ ਉੱਥੇ ਪਹੁੰਚੀ ਸੀ। 6 ਦਸੰਬਰ ਨੂੰ ਟੀਮ ਦਾ ਉਰੁਗੁਏ ਨਾਲ ਪਹਿਲਾ ਮੈਚ ਸੀ। ਉਹਨਾਂ ਦੇ ਉਥੇ ਪਹੁੰਚਦਿਆਂ ਹੀ -ਮਿਕ੍ਰੌਨ ਵਾਇਰਸ ਫੈਲਣ ਦਾ ਰੌਲਾ ਪੈ ਗਿਆ ਤੇ ਫ਼ਲਾਇਟਸ ਬੰਦ ਕਰ ਦਿੱਤੀਆਂ ਗਈਆਂ। ਵਰਲਡ ਕੱਪ ਪੋਸਟਪੋਨ ਕਰ ਦਿੱਤਾ ਗਿਆ ਤੇ ਟੀਮ ਉਥੇ ਹੀ ਫ਼ਸ ਗਈ। ਹੁਣ ਉਹਨਾਂ ਨੂੰ ਜਰਮਨੀ ਤੋਂ ਹੁੰਦਿਆਂ ਹੋਇਆਂ 8 ਦਸੰਬਰ ਨੂੰ ਕੈਨੇਡਾ ਲਿਆਉਣ ਦਾ ਬੰਦੋਬਸਤ ਕੀਤਾ ਗਿਆ ਹੈ। ਟੀਮ ਦਾ ਕਹਿਣਾ ਹੈ ਕਿ ਫ਼ਲਾਇਟ ਦਾ ਪ੍ਰਬੰਧ ਹੋਣ ਮਗਰੋਂ ਉਹਨਾਂ ਨੂੰ ਤਸੱਲੀ ਹੋਈ ਹੈ ਕਿ ਹੁਣ ਉਹ ਸੁਰਖਿਅਤ ਕੈਨੇਡਾ ਆ ਸਕਣਗੇ ਤੇ ਉਹਨਾਂ ਕਿਹਾ ਹੈ ਕਿ ਉਹਨਾਂ ਨੂੰ ਇਸ ਦੌਰਾਨ ਕੋਈ ਤੰਗੀ ਨਹੀਂ ਹੋਣ ਦਿੱਤੀ ਗਈ ਹੈ।

## ਨੋਬਲ ਪੁਸਕਾਰ ਜੇਤੂ ਨੂੰ ਚਾਰ ਸਾਲ ਦੀ ਸਜਾ ਸੁਣਾਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਮਿਆਂਮਾਰ ਦੀ ਇੱਕ ਵਿਸ਼ੇਸ਼ ਅਦਾਲਤ ਨੇ ਸੋਮਵਾਰ ਨੂੰ ਨੋਬਲ ਪੁਰਸਕਾਰ ਜੇਤੂ ਆਂਗ ਸਾਨ ਸੂ ਕੀ ਨੂੰ ਅਸ਼ਾਂਤੀ ਫੈਲਾਉਣ ਤੇ ਕੁਦਰਤੀ ਆਫ਼ਤ ਕਾਨੂੰਨ ਤਹਿਤ ਕੋਵਿਡ ਨਿਯਮਾਂ ਦੀ ਉਲੰਘਣਾ ਦੇ ਦੋਸ਼ੀ ਪਾਏ ਜਾਣ 'ਤੇ ਚਾਰ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਰਾਸ਼ਟਰਪਤੀ ਵਿਨ ਮਿੰਟ ਨੂੰ ਵੀ ਇਨ੍ਹਾਂ ਦੋਸ਼ਾਂ ਤਹਿਤ ਬਰਾਬਰ ਸਜ਼ਾ ਸੁਣਾਈ ਗਈ ਹੈ। ਬਰਤਾਨੀਆ ਦੀ ਵਿਦੇਸ਼ ਮੰਤਰੀ ਨੇ ਸਜ਼ਾ ਤੇ ਫ਼ੌਜੀ ਸ਼ਾਸਨ ਵੱਲੋਂ ਵਿਰੋਧੀ ਧਿਰ ਨੂੰ ਦਬਾਉਣ ਤੇ ਆਜ਼ਾਦੀ ਤੇ ਲੋਕਤੰਤਰ ਨੂੰ ਕੁਚਲਣ ਦੀ ਇੱਕ ਹੋਰ ਕੋਸ਼ਿਸ਼ ਕਰਾਰ ਦਿੱਤਾ ਹੈ।

## ਮੈਕਸਿਮ ਬਰਨੀਏ ਪੀਪਲ'ਜ਼ ਪਾਰਟੀ ਔਫ਼ ਕੈਨੇਡਾ ਦੇ ਇੱਕ ਵਾਰ ਮੁੜ ਲੀਡਰ ਚੁਣੇ ਗਏ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸਾਬਕਾ ਫੈਡਰਲ ਮਨਿਸਟਰ ਮੈਕਸਿਮ ਬਰਨੀਏ ਪੀਪਲ'ਜ਼ ਪਾਰਟੀ ਔਫ਼ ਕੈਨੇਡਾ ਦੇ ਇੱਕ ਵਾਰ ਮੁੜ ਲੀਡਰ ਵਜੋਂ ਚੁਣ ਲਏ ਗਏ ਹਨ। ਪਾਰਟੀ ਦੇ 15 ਹਜ਼ਾਰ 454 ਮੈਂਬਰਾਂ ਨੇ ਉਹਨਾਂ ਦੇ ਹੱਕ ਵਿੱਚ ਵੋਟ ਪਾ ਕੇ ਉਹਨਾਂ ਨੂੰ ਹੀ ਆਪਣਾ ਚੁਣੀ ਰੱਖਿਆ ਹੈ। ਸਵਾਲ ਵਿਚ ਪੁਛਿਆ ਗਿਆ ਸੀ ਕਿ ਤੁਸੀਂ ਮੈਕਸਿਮ ਬਰਨੀਏ ਨੂੰ ਪਾਰਟੀ ਲੀਡਰ ਬਣਿਆ ਰਹਿਣ ਦੇਣਾ ਚਾਹੁੰਦੇ ਹੋ ? 27 ਹਜ਼ਾਰ ਦੇ ਕਰੀਬ ਮੈਂਬਰਾਂ ਵਿਚੋਂ 57.5% ਨੇ ਵੋਟਾਂ ਪਾਈਆਂ ਦੱਸੀਆਂ ਗਈਆਂ ਹਨ।

# ਅਮੈਰਿਕਾ ਚੀਨ ਨਾਲ ਖੇਡ ਮੈਦਾਨ ਵਿੱਚ ਵੀ ਸਿੰਗ ਫਸਾਉਣ ਲੱਗਾ ਹੈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਵਿੱਚ ਅਗਲੇ ਸਾਲ ਹੋਣ ਵਾਲੀਆਂ ਵਿੰਟਰ -ਲੰਪਿਕਸ ਦਾ ਅਮੈਰਿਕਾ ਵੱਲੋਂ ਡਿਪਲੋਮੈਟਿਕ ਬਾਇਕੌਟ ਕੀਤੇ ਜਾਣ ਵਾਸਤੇ ਰਾਸ਼ਟਰਪਤੀ ਜੋਅ ਬਾਇਡਨ ਨੇ ਹਰੀ ਝੰਡੀ ਵਿਖਾ ਦਿੱਤੀ ਹੈ। ਚੀਨ ਵਿੱਚ ਹੁੰਦੇ ਮਨੁੱਖੀ ਅਧਕਾਰਾਂ ਦੇ ਕਥਿਤ ਘਾਣ ਦੇ ਵਿਰੋਧ ਵਿੱਚ ਇਹ ਕਦਮ ਚੁੱਕਿਆ ਜਾ ਰਿਹਾ ਹੈ। ਚੀਨ ਨੇ ਧਮਕੀ ਦਿੱਤੀ ਹੈ ਕਿ ਅਮੈਰਿਕਾ ਨੂੰ ਇਸ ਦਾ ਢੁੱਕਵਾਂ ਜਵਾਬ ਦਿੱਤਾ ਜਾਵੇਗਾ। ਅਮੈਰਿਕਨ ਖਿਡਾਰੀ ਖੇਡਾਂ ਦੇ ਸ਼ੁਰੂਆਤੀ ਤੇ ਸਮਾਪਤੀ ਸਮਾਰੋਹਾਂ ਵਿੱਚ ਹਿੱਸਾ ਨਹੀਂ ਲੈਣਗੇ।

# ਕੈਲਗਰੀ ਦੀ ਮੇਅਰ ਜੋਤੀ ਗੌਂਡੇਕ ਵਰਲਡ ਪੈਟਰੌਲੀਅਮ ਕੌਨਫ਼ਰੰਸ ਵਿੱਚ ਹਿਸਾ ਲੈਣ ਅਮਰੀਕਾ ਪੁੱਜੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੇਅਰ ਡਾ. ਜੋਤੀ ਗੌਂਡੇਕ ਸੰਸਾਰ ਦੀ ਸਭ ਤੋਂ ਵੱਡੀ ਆਇਲ ਐਂਡ ਗੈਸ ਕੌਨਫ਼ਰੰਸ ਵਿੱਚ ਹਿੱਸਾ ਲੈਣ ਲਈ ਅਮੈਰਿਕਾ ਦੇ ਹਿਊਸਟਨ ਲਈ ਰਵਾਨਾ ਹੋ ਗਏ ਹਨ। ਵਰਲਡ ਪੈਟਰੌਲੀਅਮ ਕੌਨਫ਼ਰੰਸ ਇਸ ਸਾਲ ਅਮੈਰਿਕਾ ਵਿੱਚ ਅਤੇ 2023 ਵਿੱਚ ਕੈਲਗਰੀ ਵਿੱਚ ਹੋ ਰਹੀ ਹੈ। ਮੇਅਰ ਦਾ ਕਹਿਣਾ ਹੈ ਕਿ ਉਹ, ਕਲਾਇਮੇਟ ਐਮਰਜੰਸੀ ਦਾ ਐਲਾਨ ਕਰ ਚੁੱਕੇ ਵੱਖ ਵੱਖ ਸ਼ਹਿਰਾਂ ਦੇ ਮੇਅਰਾਂ ਨਾਲ ਵੀ ਮੁਲਾਕਾਤ ਕਰਨਗੇ।












# ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਇੰਟਰਨੈਸ਼ਨਲ ਕਵੀ ਦਰਬਾਰ ਹੋਇਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪਿਛਲੇ ਡੇਢ ਕੁ ਸਾਲ ਤੋਂ ਹੋਂਦ ਵਿੱਚ ਆਈ, ਈ- ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਆਪਣੇ ਹਫਤਾਵਾਰ ਸਮਾਗਮ ਵਿੱਚ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ ਕਰਾਇਆ ਗਿਆ- ਜਿਸ ਵਿੱਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀਆਂ ਨੇ ਸ਼ਿਰਕਤ ਕੀਤੀ।

ਇਸ ਸੰਸਥਾ ਨਾਲ, ਕੈਲਗਰੀ ਤੋਂ ਇਲਾਵਾ- ਐਡਮੰਟਨ, ਵੈਨਕੂਵਰ, ਟੋਰੰਟੋ, ਯੂ.ਐਸ.ਏ., ਇੰਡੀਆ ਆਦਿ ਤੋਂ ਸੰਗਤ ਜੁੜੀ ਹੋਈ ਹੈ। ਹਰ ਵੀਕਐਂਡ ਤੇ ਵਿਦਵਾਨਾਂ ਵਲੋਂ, ਗੁਰਬਾਣੀ ਦੀ ਵਿਚਾਰਧਾਰਾ ਤੇ ਅਧਾਰਿਤ, ਵੱਖ ਵੱਖ ਵਿਸ਼ਿਆਂ ਤੇ ਜਾਣਕਾਰੀ ਭਰਪੂਰ ਲੈਕਚਰ ਕਰਵਾਏ ਜਾਂਦੇ ਹਨ- ਜੋ ਬਾਅਦ ਵਿੱਚ 'ਸੰਗਤੀ ਵਿਚਾਰ' ਯੁਟਿਊਬ ਚੈਨਲ ਤੇ ਪਾ ਦਿੱਤੇ ਜਾਂਦੇ ਹਨ। ਸਮਾਗਮ ਦੇ ਸ਼ੁਰੂ ਤੇ ਅੰਤ ਤੇ ਬੱਚਿਆਂ ਵੱਲੋਂ ਕੀਰਤਨ ਕੀਤਾ ਜਾਂਦਾ ਹੈ।

ਗੁਰਦੀਸ਼ ਕੌਰ ਨੇ ਮੰਚ ਸੰਚਾਲਨ ਕਰਦਿਆਂ, ਦੂਰ ਦੁਰਾਡੇ ਤੋਂ ਪਹੁੰਚੇ ਕਵੀਆਂ ਨੂੰ 'ਜੀ ਆਇਆਂ' ਕਿਹਾ ਅਤੇ ਕਵੀ ਦਰਬਾਰਾਂ ਨੂੰ ਸੁਰਜੀਤ ਰੱਖਣ ਦੀ ਗੱਲ ਕੀਤੀ। ਜੈਪੁਰ ਤੋਂ ਆਏ- ਬ੍ਰਿਜਮਿੰਦਰ ਕੌਰ ਨੇ ਭਾਈ ਗੁਰਦਾਸ ਜੀ ਦਾ ਸ਼ਬਦ- 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਗਾਇਨ ਕਰਕੇ, ਸਮਾਗਮ ਦੀ ਸ਼ੁਰੂਆਤ ਕੀਤੀ। ਗੁਰਦੀਸ਼ ਕੌਰ ਨੇ 'ਸਿੱਖੀ ਦੀ ਫੁਲਵਾੜੀ' ਤੇ ਚਾਰ ਸਤਰਾਂ ਬੋਲ ਕੇ, ਕਵੀਆਂ ਦੀ ਜਾਣ ਪਛਾਣ ਕਰਾਉਂਦਿਆਂ ਹੋਇਆਂ, ਸਭ ਨੂੰ ਵਾਰੋ ਵਾਰੀ ਮੰਚ ਤੇ ਆਉਣ ਦਾ ਸੱਦਾ ਦਿੱਤਾ। ਜੰਡਿਆਲਾ ਗੁਰੂ ਤੋਂ ਆਏ ਦਵਿੰਦਰ ਸਿੰਘ ਭੋਲਾ ਨੇ ਗੁਰੂ ਨਾਨਕ ਪਾਤਸ਼ਾਹ ਦੀ ਉਪਮਾ ਵਿੱਚ ਭਾਵਪੂਰਤ ਕਵਿਤਾ ਗਾਇਨ ਕਰਕੇ, ਕਵੀ ਦਰਬਾਰ ਦਾ ਆਗਾਜ਼ ਕੀਤਾ। ਅੰਬਾਲੇ ਤੋਂ ਆਈ ਨਾਮਵਰ ਸ਼ਾਇਰਾ, ਮਨਜੀਤ ਕੌਰ ਅੰਬਾਲਵੀ ਨੇ- 'ਤੇਰੇ ਬੋਲਾਂ ਦੀ ਮਹਿਕ, ਕੰਨਾਂ 'ਚ ਮਿਸ਼ਰੀ ਘੋਲਦੀ ਨਾਨਕ' ਮਿੱਠੀ ਆਵਾਜ਼ ਵਿੱਚ ਸੁਣਾ ਕੇ, ਚਾਰੇ ਪਾਸੇ ਮਹਿਕ ਖਿੰਡਾ ਦਿੱਤੀ। ਉਸਤਾਦ ਕਵੀ ਹਰੀ ਸਿੰਘ ਜਾਚਕ ਨੇ ਆਪਣੀ ਬੁਲੰਦ ਆਵਾਜ਼ ਵਿੱਚ, ਆਪਣੀ ਭਾਵਪੂਰਤ ਕਵਿਤਾ- 'ਕੀਤੇ ਦੁਨੀਆਂ ਦੇ ਦੁੱਖ ਸੀ ਦੂਰ ਜਾਚਕ, ਘਰ ਦੇ ਛੱਡ ਕੇ ਸਾਰੇ ਹੀ ਸੁੱਖ ਨਾਨਕ' ਸੰਗਤ ਨਾਲ ਸਾਂਝੀ ਕਰਕੇ, ਵਾਹਵਾ ਖੱਟੀ। ਲੁਧਿਆਣਾ ਤੋਂ ਹੀ ਆਏ, ਨੌਜਵਾਨ ਗਾਇਕ ਪਰਮਿੰਦਰ ਸਿੰਘ ਅਲਬੇਲਾ ਨੇ, ਰਲੀਜ਼ ਹੋਇਆ ਆਪਣਾ ਸੱਜਰਾ ਗੀਤ- 'ਤਪਦੇ ਹਿਰਦੇ ਠਾਰਦੀ, ਗੁਰੂ ਨਾਨਕ ਦੀ ਬਾਣੀ' ਗਾ ਕੇ ਮਹੌਲ ਸੁਰਮਈ ਬਣਾ ਦਿੱਤਾ। ਟੋਰੰਟੋ ਤੋਂ ਆਈ ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਨੇ- 'ਵੀਰ ਨੂੰ ਉਡੀਕੇ ਭੈਣਾਂ, ਪਿਆਰ ਵਾਲਾ ਫੁਲਕਾ ਬਣਾ ਕੇ' ਸੁਣਾ ਕੇ ਭੈਣ ਨਾਨਕੀ ਜੀ ਨੂੰ ਯਾਦ ਕੀਤਾ। ਟੋਰੰਟੋ ਤੋਂ ਹੀ ਆਏ, ਨਾਮਵਰ ਗੀਤਕਾਰ ਸੁਜਾਨ ਸਿੰਘ ਸੁਜਾਨ ਨੇ ਆਪਣੀ ਸ਼ਾਹਕਾਰ ਰਚਨਾ- 'ਜ਼ੁਲਮਾਂ ਨੂੰ ਮਾਤ ਪਾਉਣ ਆਇਆ ਮਾਤ ਲੋਕ ਵਿੱਚ, ਚੰਨ ਮਾਤਾ ਤ੍ਰਿਪਤਾ ਦਾ ਚਾਨਣਾ ਫੈਲਾ ਗਿਆ' ਸੁਣਾ ਕੇ, ਰੰਗ ਬੰਨ੍ਹ ਦਿੱਤਾ। ਸਿੱਖ ਇਤਿਹਾਸ ਦੇ ਖੋਜੀ, ਕਵੀ ਤੇ ਕਵੀਸ਼ਰ, ਕੈਲਗਰੀ ਨਿਵਾਸੀ ਜਸਵੰਤ ਸਿੰਘ ਸੇਖੋਂ ਨੇ ਰਾਇ ਭੋਇ ਦੀ ਤਲਵੰਡੀ ਦੇ ਇਤਿਹਾਸ ਦੀ ਵਡਮੁੱਲੀ ਜਾਣਕਾਰੀ ਪ੍ਰਸੰਗ ਰਾਹੀਂ ਸਾਂਝੀ ਕਰਕੇ, ਭੈਣ ਨਾਨਕੀ ਦੀ ਕਵਿਤਾ ਬੁਲੰਦ ਆਵਾਜ਼ ਵਿੱਚ ਗਾ ਕੇ ਸੁਣਾਈ। ਇਸੇ ਸ਼ਹਿਰ ਦੇ, ਕਵੀਸ਼ਰ ਸਰੂਪ ਸਿੰਘ ਮੰਡੇਰ ਨੇ ਵੀ, ਕਵੀਸ਼ਰੀ ਰਾਹੀਂ, ਗੁਰਪੁਰਬ ਦੀ ਸਮੂਹ ਸੰਗਤ ਨੂੰ ਵਧਾਈ ਦਿੱਤੀ। ਕਵੀ ਦਰਬਾਰ ਦੇ ਅੰਤ ਤੇ ਸੰਚਾਲਕ ਜਗਬੀਰ ਸਿੰਘ ਦੇ ਬੇਨਤੀ ਕਰਨ ਤੇ, ਸਾਹਿਤਕਾਰਾ ਗੁਰਦੀਸ਼ ਕੌਰ ਗਰੇਵਾਲ ਨੇ ਵੀ ਆਪਣੀ ਸੱਜਰੀ ਲਿਖੀ ਕਵਿਤਾ- 'ਧੰਨ ਨਾਨਕ ਤੇਰੀ ਵੱਡੀ ਕਮਾਈ' ਸੰਗਤ ਨਾਲ ਸਾਂਝੀ ਕੀਤੀ। ਸੰਗਤ ਵਲੋਂ ਇਸ ਕਵੀ ਦਰਬਾਰ ਦੀ ਭਰਪੂਰ ਸ਼ਲਾਘਾ ਕੀਤੀ ਗਈ। ਦੋ ਘੰਟੇ ਚੱਲੇ ਇਸ ਕਵੀ ਦਰਬਾਰ ਦੀ, ਜੈਕਾਰਿਆਂ ਦੀ ਗੂੰਜ ਵਿੱਚ ਸਮਾਪਤੀ ਹੋਈ। ਟੋਰੰਟੋ ਤੋਂ ਪਰਨੀਤ ਕੌਰ ਤੇ ਸਿਮਰਲੀਨ ਕੌਰ ਨੇ ਰਸ ਭਿੰਨੀ ਆਵਾਜ਼ ਵਿੱਚ- 'ਕਲਿ ਤਾਰਣ ਗੁਰੁ ਨਾਨਕ ਆਇਆ' ਸ਼ਬਦ ਪੜ੍ਹਿਆ ਅਤੇ ਆਨੰਦ ਸਾਹਿਬ ਦੀ ਡਿਊਟੀ, ਕੈਲਗਰੀ ਦੇ ਯੁਵਰਾਜ ਸਿੰਘ ਤੇ ਸਬੀਨਾ ਕੌਰ ਨੇ ਨਿਭਾਈ। ਅਰਦਾਸ ਨਾਲ ਸਮਾਗਮ ਦੀ ਸਮਾਪਤੀ ਹੋਈ।




# ਟਰੂਡੋ ਸਰਕਾਰ ਨੇ ਤਿੰਨ ਭਾਰਤੀ ਬਣਾਏ ਸੰਸਦੀ ਸਕੱਤਰ

ਟੋਰੌਂਟੋ (ਪੰਜਾਬੀ ਅਖਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਸਰਕਾਰ 'ਚ ਤਿੰਨ ਹੋਰ ਭਾਰਤੀ ਮੂਲ ਦੇ ਲੋਕਾਂ ਨੂੰ ਅਹਿਮ ਅਹੁਦਿਆਂ 'ਤੇ ਨਿਯੁਕਤ ਕੀਤਾ ਹੈ। ਪ੍ਰਧਾਨ ਮੰਤਰੀ ਟਰੂਡੋ ਨੇ ਸੰਸਦੀ ਸਕੱਤਰਾਂ ਤੇ ਹੋਰ ਅਹੁਦੇਦਾਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ। ਇਸ 'ਚ ਮਨਿੰਦਰ ਸਿੱਧੂ ਨੂੰ ਵਿਦੇਸ਼ ਮਾਮਲਿਆਂ ਦੀ ਮੰਤਰੀ ਮੈਲਨੀ ਜੋਲੀ ਦਾ ਸੰਸਦੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਇੱਕ ਹੋਰ ਭਾਰਤੀ ਮੂਲ ਦੇ ਆਰਿਫ਼ ਵਿਰਾਨੀ ਨੂੰ ਸੰਸਦੀ ਸਕੱਤਰ ਦਾ ਰੈਂਕ ਦਿੱਤਾ ਗਿਆ ਹੈ। ਵਿਰਾਨੀ ਟੋਰੌਂਟੋ 'ਚ ਪਾਰਕਡੇਲ-ਹਾਈ ਪਾਰਕ ਦੀ ਪ੍ਰਤੀਨਿਧਤਾ ਕਰਦੇ ਹਨ। ਉਨ੍ਹਾਂ ਨੂੰ ਇੰਟਰਨੈਸ਼ਨਲ ਟਰੇਡ, ਐਕਸਪੋਰਟ ਪ੍ਰਮੋਸ਼ਨ, ਛੋਟੇ ਕਾਰੋਬਾਰ ਅਤੇ ਆਰਥਿਕ ਵਿਕਾਸ ਮੰਤਰੀ ਮੈਰੀ ਐਂਜੀ ਦਾ ਸੰਸਦੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਹ ਇਸ ਤੋਂ ਪਹਿਲਾਂ ਨਿਆਂ ਮੰਤਰੀ ਦੇ ਸੰਸਦੀ ਸਕੱਤਰ ਅਤੇ ਪਿਛਲੀ ਸਰਕਾਰ 'ਚ ਅਟਰਨੀ ਜਨਰਲ ਦੇ ਤੌਰ 'ਤੇ ਕੰਮ ਕਰ ਚੁੱਕੇ ਹਨ। ਬ੍ਰੈਂਪਟਨ ਨੌਰਥ ਦੀ ਅਗਵਾਈ ਕਰਨ ਵਾਲੇ ਰੂਬੀ ਸਹੋਤਾ ਪ੍ਰਕਿਰਿਆ ਅਤੇ ਹਾਊਸ ਔਫ਼ ਅਫ਼ੇਅਰਜ਼ 'ਤੇ ਹਾਊਸ ਔਫ਼ ਕੌਮਨਜ਼ ਦੀ ਸਥਾਈ ਕਮੇਟੀ ਦੇ ਸਾਬਕਾ ਪ੍ਰਧਾਨ ਹਨ। ਸਹੋਤਾ ਹੁਣ ਡਿਪਟੀ ਗਵਰਨਮੈਂਟ ਵ੍ਹਿਪ ਦੇ ਤੌਰ 'ਤੇ ਕੰਮ ਕਰਨਗੇ। ਇਨ੍ਹਾਂ ਨਿਯੁਕਤੀਆਂ ਬਾਰੇ ਬੋਲਦਿਆਂ ਟਰੂਡੋ ਨੇ ਕਿਹਾ ਕਿ ਇਹ ਟੀਮ ਮੰਤਰੀਆਂ ਅਤੇ ਸੰਸਦ ਵਿਚਾਲੇ ਅਹਿਮ ਕੜੀ ਦਾ ਕੰਮ ਕਰੇਗੀ।



# ਮਲਟੀਕਲਚਰਲ ਸੋਸਾਇਟੀ ਆਫ ਅਲਬਰਟਾ ਨੇ ਆਪਣਾ ਕਾਰਜਕਾਰੀ ਦਫਤਰ ਬਦਲ ਲਿਆ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰਲ ਸੋਸਾਇਟੀ ਆਫ ਅਲਬਰਟਾ ਜੋ ਪਹਿਲਾਂ 17 ਐਵੀਨਿਊ ਸਾਊਥ ਈਸਟ ਕੈਲਗਰੀ ਉੱਪਰ ਸਥਿੱਤ ਸੀ,ਨੇ ਹੁਣ ਯੂਨਿਟ 603 -4655, 54 ਐਵੀਨਿਊ ਨਾਰਥ ਈਸਟ ਕੈਲਗਰੀ ਵਿਖੇ ਆਪਣਾ ਕਾਰਜਕਾਰੀ ਦਫਤਰ ਬਦਲ ਲਿਆ ਹੈ। ਸੋਸਾਇਟੀ ਦੇ ਪ੍ਰਧਾਨ ਸੁਖਦੇਵ ਸਿੰਘ ਕੰਬੋ ਨੇ ਦੱਸਿਆ ਕਿ ਬਿੱਕਰ ਸਿੰਘ ਸੰਧੂ , ਜੋ ਕਿ ਲੰਬੇ ਸਮੇਂ ਤੋਂ ਸੋਸਾਇਟੀ ਦੀ ਸੇਵਾ ਕਰ ਰਹੇ ਹਨ, ਨੂੰ ਸੋਸਾਇਟੀ ਦੇ ਐਗਜੈਕਟਿਵ ਮੈਨੇਜਰ ਵੱਜੋਂ ਨਾਮਜ਼ਦ ਕੀਤਾ ਗਿਆ ਹੈ। ਸੰਧੂ ਸਾਹਿਬ ਪਹਿਲਾਂ ਦੀ ਤਰਾਂ ਹੀ ਨਿਸ਼ੁਲਕ ਸੇਵਾ ਕਰਦੇ ਰਹਿਣਗੇ । ਇਸੇ ਤਰਾਂ ਗੁਰਬਚਨ ਸਿੰਘ ਬਰਾੜ ਦੀ ਯੋਗਤਾ ਨੂੰ ਦੇਖਦੇ ਹੋਇਆਂ , ਉਨ੍ਹਾਂ ਨੂੰ ਸੋਸਾਇਟੀ ਦੇ ਪ੍ਰੈੱਸ ਸਕੱਤਰ ਵੱਜੋਂ ਨਾਮਜ਼ਦ ਕੀਤਾ ਗਿਆ ਹੈ ਤਾਂ ਜੋ ਸੋਸਾਇਟੀ ਦੀਆਂ ਗਤੀਵਿਧੀਆਂ ਬਾਰੇ ਸਹੀ ਅਤੇ ਸਮੇਂ ਸਿਰ ਜਾਣਕਾਰੀ ਕੈਲਗਰੀ ਵਾਸੀਆਂ ਨਾਲ ਸਾਂਝੀ ਕੀਤੀ ਜਾ ਸਕੇ । ਸੋਸਾਇਟੀ ਦੇ ਦੂਸਰੇ ਆਹੁਦੇਦਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ- ਗੁਰਬਖਸ਼ ਸਿੰਘ ਜੱਸਲ (ਉਪ -ਪ੍ਰਧਾਨ), ਜੋਗਿੰਦਰ ਸਿੰਘ ਜੌੜਾ (ਸਕੱਤਰ), ਗੁਰਦੇਵ ਸਿੰਘ ਬੇਦੀ (ਸਹਿ-ਸਕੱਤਰ),ਕੁਲਦੀਪ ਸਿੰਘ ( ਖ਼ਜ਼ਾਨਚੀ ), ਬੂਟਾ ਸਿੰਘ ਮੱਲ੍ਹੀ ( ਸਹਿ ਖ਼ਜ਼ਾਨਚੀ ) ਅਤੇ ਸੁਰਿੰਦਰਪਾਲ ਸਿੰਘ , ਪਹਾੜਾ ਸਿੰਘ ਜੋਹਲ ਤੇ ਮਨਮੋਹਣ ਸਿੰਘ ਤਿੰਨ ਡਾਇਰੈਕਟਰ ਹਨ ।

# ਕੰਵਰ ਸੰਧੂ ਨੇ ਚੋਣਾਂ ਨਾ ਲੜਨ ਬਾਰੇ ਕਿਹਾ, ਅਸੀਂ ਸਿਆਸਤ ਬਦਲਣ ਲਈ ਆਏ ਸੀ ਨਾ ਕਿ ਪਾਰਟੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਆਮ ਆਦਮੀ ਪਾਰਟੀ 'ਚੋਂ ਮੁਅੱਤਲ ਚੱਲ ਰਹੇ ਅਤੇ ਹਲਕਾ ਖਰੜ ਤੋਂ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਵਲੋਂ ਆਪਣੇ ਫ਼ੇਸਬੁੱਕ ਪੇਜ 'ਤੇ ਇੱਕ ਵੀਡੀਓ ਸ਼ੇਅਰ ਕੀਤੀ ਗਈ ਹੈ ਜਿਸ 'ਚ ਉਨ੍ਹਾਂ ਆਪ ਛੱਡ ਪਾਰਟੀ ਬਦਲਣ ਅਤੇ ਅਗਲੀ ਚੋਣ ਲੜਨ ਬਾਰੇ ਕੁੱਝ ਅਹਿਮ ਗੱਲਾਂ ਲੋਕਾਂ ਅੱਗੇ ਰੱਖੀਆਂ ਹਨ। ਪਾਰਟੀ ਬਦਲਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ, "ਅਸੀਂ ਸਿਆਸਤ ਬਦਲਣ ਲਈ ਆਏ ਸੀ ਨਾ ਕਿ ਪਾਰਟੀ ਬਦਲਣ ਲਈ।" ਉਨ੍ਹਾਂ ਕਿਹਾ, "ਜੇਕਰ ਮੈਨੂੰ ਕੋਈ ਚੰਗਾ ਬਦਲ ਨਜ਼ਰ ਆਉਂਦਾ ਤਾਂ ਮੈਂ ਸ਼ਾਇਦ ਉਸ ਨਾਲ ਜੁੜ ਜਾਂਦਾ ਪਰ ਮੈਨੂੰ ਹੁਣ ਕੋਈ ਚੰਗੇ ਬਦਲ ਦੀ ਆਸ ਨਜ਼ਰ ਨਹੀਂ ਆ ਰਹੀ।" ਉਨ੍ਹਾਂ ਕਿਹਾ, "ਮੈਂ ਇੱਕ ਵਿਚਾਰਧਾਰਾ ਰੱਖਦਾ ਹਾਂ ਅਤੇ ਇਸੇ ਵਿਚਾਰਧਾਰਾ ਤਹਿਤ ਹੀ ਮੈਂ ਆਪ ਪਾਰਟੀ ਅਪਣਾਈ ਸੀ। ਮੈਨੂੰ ਪਤਾ ਨਹੀਂ ਲਗਦਾ ਕਿ ਰਾਤੋ-ਰਾਤ ਕਿਸੇ ਵਿਅਕਤੀ ਜਾਂ ਪਾਰਟੀ ਦੀ ਵਿਚਾਰਧਾਰਾ ਕਿਵੇਂ ਬਦਲ ਜਾਂਦੀ ਹੈ, ਮੇਰੀ ਤਾਂ ਨਹੀਂ ਬਦਲ ਸਕਦੀ।"

ਉਨ੍ਹਾਂ ਕਿਹਾ, "ਮੈਂ ਕਿਸੇ ਵੀ ਰਿਵਾਇਤੀ ਪਾਰਟੀ 'ਚ ਸ਼ਾਮਿਲ ਨਹੀਂ ਹੋ ਰਿਹਾ ਅਤੇ ਮੇਰਾ ਹੁਣ 2022 ਵਿਧਾਨ ਸਭਾ ਚੋਣਾਂ ਲੜਨ ਦਾ ਵੀ ਕੋਈ ਇਰਾਦਾ ਨਹੀਂ। ਹਾਂ ਕੋਈ ਚੰਗਾ ਬਦਲ ਜੇਕਰ ਨਜ਼ਰ ਆਉਂਦਾ ਤਾਂ ਮੈਂ ਸ਼ਾਇਦ ਉਸ ਨਾਲ ਜੁੜ ਜਾਂਦਾ, ਪਰ ਮੈਨੂੰ ਹੁਣ ਕਿਸੇ ਚੰਗੇ ਬਦਲ ਦੀ ਆਸ ਨਹੀਂ।" ਉਨ੍ਹਾਂ ਅੱਗੇ ਕਿਹਾ, "ਮੇਰੇ ਇਸ ਫ਼ੈਸਲੇ ਨਾਲ ਮੇਰੇ ਸ਼ੁਭਚਿੰਤਕਾਂ ਅਤੇ ਚਾਹਵਾਨਾਂ ਨੂੰ ਨਾਰਾਜ਼ਗੀ ਜ਼ਰੂਰ ਹੋਵੇਗੀ, ਇਸ ਲਈ ਮੈਂ ਉਨ੍ਹਾਂ ਤੋਂ ਮੁਆਫ਼ੀ ਮੰਗਦਾ ਹਾਂ। ਮੇਰਾ ਖ਼ਿਆਲ ਹੈ ਕਿ ਹਲਾਤਾਂ ਨਾਲ ਸਮਝੌਤਾ ਕਰਨ ਨਾਲ ਇੱਕ ਪਾਸੇ ਹੋ ਕੇ ਜ਼ਿੰਦਗੀ ਜਿਊਣਾ ਕੀਤੇ ਜ਼ਿਆਦਾ ਬਿਹਤਰ ਹੈ।

# ਅਲਬਰਟਾ ਹੈਲਥ ਦੀ ਵੈਬ ਵਿਦੇਸੀ ਧਰਤੀ ਉੱਪਰ ਕੰਮ ਨਹੀਂ ਕਰੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਿਦੇਸ਼ਾਂ ਵਿੱਚ ਗਏ ਹੋਏ ਕਈ ਐਲਬਰਟਾ ਵਾਸੀਆਂ ਨੇ ਸ਼ਿਕਾਇਤ ਕੀਤੀ ਹੈ ਕਿ ਉਹਨਾਂ ਨੂੰ ਆਪਣੇ ਵੈਕਸਿਨ ਰੈਕਰਡਜ਼ ਤੱਕ ਪਹੁੰਚ ਕਰਨੀ ਮੁਸ਼ਕਿਲ ਹੋ ਰਹੀ ਹੈ। ਕੈਨੇਡਾ ਦੇ ਅੰਦਰ ਕਿਸੇ ਵੀ ਥਾਂ ਤੋਂ ਇਹਨਾਂ ਰੈਕਰਡਜ਼ ਤੱਕ ਪਹੁੰਚ ਹੋ ਰਹੀ ਹੈ ਪਰ ਵਿਦੇਸ਼ ਵਿੱਚੋਂ ਅਜਿਹਾ ਕਰਨਾ ਅਸੰਭਵ ਹੋ ਗਿਆ ਹੈ। ਐਲਬਰਟਾ ਹੈਲਥ ਦਾ ਕਹਿਣਾ ਹੈ ਕਿ ਵਿਦੇਸ਼ਾਂ ਤੋਂ ਇਸ ਵੈੱਬ-ਸਾਇਟ ਤੱਕ ਪਹੁੰਚ ਕਰਨੀ ਬੰਦ ਕੀਤੀ ਗਈ ਹੈ ਤੇ ਇਹ ਦੱਸਿਆ ਗਿਆ ਸੀ ਵੈਕਸਿਨ ਰੈਕਰਡਜ਼ ਫੋਨਜ਼ ਵਿੱਚ ਸੇਵ ਕਰ ਲਏ ਜਾਣ। ਏਐਚਐਸ ਦਾ ਕਹਿਣਾ ਹੈ ਕਿ ਸਾਇਬਰ ਅਟੈਕਸ ਤੋਂ ਬਚਾਉਣ ਲਈ ਇਹ ਪ੍ਰਬੰਧ ਕਰਨਾ ਪਿਆ ਸੀ ਸੂਬਾ ਵਾਸੀਆਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਆਪੋ ਆਪਣੇ ਰੈਕਰਡਜ਼ ਸੈੱਲ ਫੋਨਜ਼ ਵਿੱਚ ਸੇਵ ਕਰ ਲੈਣ। ਵਿਦੇਸ਼ਾਂ ਵਿੱਚ ਬੈਠੇ ਲੋਕਾਂ ਨੇ ਇਹਨਾਂ ਰੈਕਰਡਜ਼ ਤੱਕ ਪਹੁੰਚ ਦੇਣ ਦੀ ਮੰਗ ਕੀਤੀ ਹੈ।


















## ਕਨੇਡਾ ਵਿੱਚ ਦਸਤਾਰ ਨੂੰ ਮਿਲਿਆ ਮਾਣ

# ਪਹਿਲੇ ਦਸਤਾਰ ਧਾਰੀ ਮੈਂਬਰ ਪਾਰਲੀਮੈਂਟ ਸ.ਗੁਰਬਖਸ਼ ਸਿੰਘ ਮੱਲ੍ਹੀ ਦੇ ਨਾਮ ਤੇ ਬਰੈਮਪਟਨ ਵਿੱਚ ਪਾਰਕ ਦਾ ਉਦਘਾਟਨ




ਬਰੈਮਪਟਨ (ਬਲਜਿੰਦਰ ਸੇਖਾ )ਮੋਗਾ ਜਿਲ੍ਹਾ ਦੇ ਪਿੰਡ ਚੁੱਘਾ ਦੇ ਜੰਮਪਲ ਤੇ ਕੈਨੇਡਾ ਵਿੱਚ ਪਹਿਲੇ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਬਣਕੇ ਭਾਈਚਾਰੇ ਨੂੰ ਇਸ ਪੱਧਰ ਤੱਕ ਲੈ ਆਉਣਾ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। 7 ਦਸੰਬਰ 2021 ਵਾਲੇ ਦਿਨ ਬਰੈਪਟਨ ਵਿੱਚ ਮਾਣਯੋਗ ਗੁਰਬਖਸ਼ ਸਿੰਘ ਮੱਲ੍ਹੀ ਪਾਰਕ ਦਾ ਉਦਘਾਟਨ ਕੀਤਾ ਗਿਆ ਯਾਦ ਰਹੇ ਸਰਦਾਰ ਮੱਲ੍ਹੀ ਕਾਰਨ ਅੱਜ ਦੇ ਸਾਡੇ ਸਾਰੇ ਸੰਸਦ ਮੈਂਬਰਾਂ ਲਈ ਔਟਵਾ ਜਾਣ ਦਾ ਰਸਤਾ ਤਿਆਰ ਹੋਇਆ। ਉਹਨਾ ਵੱਲੋਂ ਪਾਈ ਨਿਰਵਿਘਨ ਪੱਕੀ ਸੜਕ @ਤੇ ਕਾਰ ਚਲਾਉਣਾ ਆਸਾਨ ਹੈ ਪਰ ਰੇਗਿਸਤਾਨ ਵਿੱਚ ਬਿਲਕੁਲ ਨਵਾਂ ਫੁੱਟਪਾਥ ਬਣਾਉਣਾ ਬਹੁਤ ਮੁਸ਼ਕਲ ਹੈ। ਇਸ ਮੌਕੇ ਪੂਰੇ ਮੱਲ੍ਹੀ ਪਰਿਵਾਰ ਨੂੰ ਸਮੁੱਚੇ ਭਾਈਚਾਰੇ ਵਲੋ ਵਧਾਈਆਂ ਦਿੱਤੀਆਂ ਗਈਆਂ ।ਇਸ ਮੌਕੇ ਬਰੈਮਪਟਨ ਦੇ ਮੇਅਰ ਪੈਟਿਰਕ ਬਰਾਊਨ , ਸੂਬਾਈ ਲਿਬਰਲ ਆਗੂ ਡਿਲ ਡੂਕਾ , ਰਿਜਨਲ ਕੌਂਸਲਰ ਗੁਰਪ੍ਰੀਤ ਢਿੱਲੋ, ਸਿਟੀ ਕੌਂਸਲਰ ਹਰਕੀਰਤ ਸਿੰਘ , ਸੂਬਾਈ ਲਿਬਰਲ ਉਮੀਦਵਾਰ , ਹਰਿੰਦਰ ਮੱਲ੍ਹੀ, ਲੰਡਨ ਤੋ ਮਨਪ੍ਰੀਤ ਕੌਰ ਬਰਾੜ ,ਵਿੰਡਸਰ ਤੋ ਕੌਂਸਲਰ ਜੀਵਨ ਗਿੱਲ ਸਾਬਕਾ ਸਿਟੀ ਕੌਂਸਲਰ ਵਿੱਕੀ ਢਿੱਲੋ ਤੇ ਵੱਡੀ ਗਿਣਤੀ ਵਿੱਚ ਮੀਡੀਆ ਹਾਜਿਰ ਸੀ ।ਇਸ ਮੌਕੇ ਜਤਿੰਦਰ ਸਿੰਘ ਗਿੱਲ ਮੋਗਾ , ਹਰਵਿੰਦਰ ਦੇਦ ਮੋਗਾ , ਬਲਜਿੰਦਰ ਸੇਖਾ , ਬਿੰਦਰ ਸਿੰਘ , ਆਦਿ ਨੇ ਮੱਲ੍ਹੀ ਪਰਵਾਰ ਨੂੰ ਵਧਾਈਆਂ ਦਿੱਤੀਆਂ ।

# ਕੈਪਟਨ-ਸੁਖਬੀਰ-ਭਾਜਪਾ ਅੰਦਰਖਾਤੇ ਘਿਓ-ਖਿੱਚੜੀ, ਬੇਅਦਬੀ ਤੇ ਡਰੱਗਜ਼ ਮਾਮਲੇ 'ਚ ਜਲਦੀ ਮਿਲੇਗਾ ਇਨਸਾਫ਼



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਭਾਜਪਾ ਲੀਡਰਸ਼ਿਪ 'ਤੇ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਸਿਰਫ਼ ਸਿਆਸੀ ਲਾਹੇ ਲਈ ਸੂਬੇ ਦੇ ਹਿੱਤਾਂ ਨੂੰ ਅੰਦਰਖਾਤੇ ਨੁਕਸਾਨ ਪਹੁੰਚਾਉਣ ਦਾ ਦੋਸ ਲਗਾਇਆ ਹੈ। ਇੱਥੇ ਇੱਕ ਨਿੱਜੀ ਚੈਨਲ ਵਲੋਂ ਕਰਵਾਈ ਮੀਡੀਆ ਚਰਚਾ ਦੌਰਾਨ ਗੱਲਬਾਤ ਕਰਦਿਆਂ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਇਹ ਤਿੰਨੇ ਹੀ ਅਤੀਤ ਅਤੇ ਵਰਤਮਾਨ ਵਿੱਚ ਸੂਬੇ ਦੇ ਹਿੱਤਾਂ ਨੂੰ ਠੇਸ ਪਹੁੰਚਾਉਣ ਲਈ ਘਿਓ-ਖਿੱਚੜੀ ਸਨ ਅਤੇ ਭਵਿੱਖ ਵਿੱਚ ਵੀ ਆਪਣੇ ਇਸ ਸਿਆਸਤ ਤੋਂ ਪ੍ਰੇਰਿਤ ਏਜੰਡੇ ਨੂੰ ਜਾਰੀ ਰੱਖਣਗੇ।ਉਨ੍ਹਾਂ ਕਿਹਾ ਕਿ ਹਾਲਾਂਕਿ ਇਸ ਵਾਰ ਲੋਕਾਂ ਦੇ ਹਾਂ-ਪੱਖੀ ਰਵੱਈਏ, ਜੋ ਕਿ ਕਾਂਗਰਸ ਤੋਂ ਇਲਾਵਾ ਕਿਸੇ ਦੇ ਹੱਕ ਵਿੱਚ ਫ਼ੈਸਲਾਕੁੰਨ ਨਹੀਂ, ਕਾਰਨ ਕਾਂਗਰਸੀ ਵਰਕਰਾਂ ਵਿੱਚ ਪੈਦਾ ਹੋਏ ਉਤਸਾਹ ਨੂੰ ਕੋਈ ਵੀ ਘੱਟ ਨਹੀਂ ਕਰ ਸਕਦਾ । ਮੁੱਖ ਮੰਤਰੀ ਚੰਨੀ ਨੇ ਅੱਗੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਹੁਣ ਕਾਂਗਰਸ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਦੇ ਮੂਡ ਵਿੱਚ ਵੱਡੀ ਤਬਦੀਲੀ ਆਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ 'ਤੇ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਮਾਮਲੇ ਸਹੀ ਲੀਹ 'ਤੇ ਚੱਲ ਰਹੇ ਹਨ ਅਤੇ ਜਲਦੀ ਹੀ ਲੋਕਾਂ ਦੀ ਤਸੱਲੀ ਅਨੁਸਾਰ ਇਨਸਾਫ਼ ਹੋਵੇਗਾ।ਉਨ੍ਹਾਂ ਕਿਹਾ ਕਿ ਭਾਵੇਂ ਇਨ੍ਹਾਂ ਦੋਵਾਂ ਮੁੱਦਿਆਂ ਦੇ ਨਤੀਜੇ ਆਉਣ ਵਿੱਚ ਦੇਰੀ ਹੋਈ ਹੈ ਕਿਉਂਕਿ ਇਹ ਬੁਰੀ ਤਰ੍ਹਾਂ ਉਲਝਾਏ ਗਏ ਸਨ ਪਰ ਸਰਕਾਰ ਇੰਨ੍ਹਾਂ ਦੇ ਤਰਕਪੂਰਨ ਅੰਤ ਵਲ ਵੱਧ ਰਹੀ ਹੈ।ਵਿਰੋਧੀ ਧਿਰ ਖਾਸ ਤੌਰ 'ਤੇ 'ਆਪ' ਵਲੋਂ ਕੀਤੇ ਜਾ ਰਹੇ ਪ੍ਰਚਾਰ 'ਤੇ ਟਿੱਪਣੀ ਕਰਦਿਆਂ ਮੁੱਖ ਮੰਤਰੀ ਚੰਨੀ ਨੇ ਇਸ ਦੇ ਕਨਵੀਨਰ ਅਰਵਿੰਦਰ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀ ਮਨੀਸ ਸਿਸੋਦੀਆ ਅਤੇ ਰਾਘਵ ਚੱਢਾ ਬਿਨਾਂ ਕਿਸੇ ਤੁਕ ਜਾਂ ਕਾਰਨ ਦੇ ਲਗਾਤਾਰ ਉਨ੍ਹਾਂ ਦੀ ਸਰਕਾਰ ਵਿਰੁੱਧ ਭੜਾਸ ਕੱਢ ਰਹੇ ਹਨ।ਉਨ੍ਹਾਂ ਕੇਜਰੀਵਾਲ ਨੂੰ ਸਲਾਹ ਦਿੱਤੀ ਕਿ ਉਹ ਇਸ ਤੱਥ ਨੂੰ ਭਲੀਭਾਂਤੀ ਜਾਣਦੇ ਹਨ ਕਿ ਉਹ ਇਸ ਸੂਬੇ ਵਿੱਚ ਕਦੇ ਵੀ ਸੱਤਾ ਵਿੱਚ ਨਹੀਂ ਆਉਣਗੇ ਇਸ ਲਈ ਵੱਡੇ-ਵੱਡੇ ਵਾਅਦੇ ਕਰ ਕੇ ਪੰਜਾਬ ਦੇ ਲੋਕਾਂ ਨੂੰ ਆਪਣੀਆਂ ਕੋਝੀਆਂ ਚਾਲਾਂ ਨਾਲ ਮੂਰਖ ਬਣਾਉਣ ਦੀ ਬਜਾਏ ਉਹ ਦਿੱਲੀ ਵਿੱਚ ਆਪਣੀ ਸਰਕਾਰ 'ਤੇ ਜ਼ਿਆਦਾ ਧਿਆਨ ਦੇਣ।ਵਿਰੋਧੀ ਧਿਰ 'ਤੇ ਨਿਸਾਨਾ ਸਾਧਦੇ ਹੋਏ ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਵਜੋਂ ਸੂਬੇ ਦੀ ਵਾਗਡੋਰ ਸੰਭਾਲਣ 'ਤੇ ਪਹਿਲਾਂ ਤਾਂ ਅਕਾਲੀ ਦਲ, ਭਾਜਪਾ ਅਤੇ 'ਆਪ' ਦੇ ਆਗੂ ਉਨ੍ਹਾਂ ਦਾ ਮਜ਼ਾਕ ਉਡਾਉਂਦਿਆਂ ਕਹਿੰਦੇ ਸੀ 'ਇਸ ਨੇ ਕੀ ਕਰਨਾ!' ਅਤੇ ਹੁਣ ਜਮੀਨੀ ਪੱਧਰ 'ਤੇ ਉਨ੍ਹਾਂ ਦਾ ਪ੍ਰਦਰਸ਼ਨ ਦੇਖਣ ਉਪਰੰਤ ਇਹ ਕਹਿਣ ਲਈ ਮਜਬੂਰ ਹਨ ਕਿ 'ਇਸ ਦਾ ਕਰੀਏ ਕੀ?'।

ਕੈਪਟਨ ਅਮਰਿੰਦਰ ਸਿੰਘ ਤੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਹੋਣ ਵਾਲੇ ਸੰਭਾਵੀ ਨੁਕਸਾਨ ਬਾਰੇ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਜਿਹੜਾ ਵਿਅਕਤੀ ਆਪਣੇ ਸਾਢੇ 4 ਸਾਲਾਂ ਦੇ ਕਾਰਜ ਕਾਲ ਦੌਰਾਨ ਲੋਕਾਂ ਨੂੰ ਕੁਝ ਨਹੀਂ ਦੇ ਸਕਿਆ ਅਤੇ ਆਪਣੇ ਆਪ ਨੂੰ ਆਪਣੇ ਫ਼ਾਰਮ ਹਾਊਸ ਵਿੱਚ ਕੈਦ ਕਰ ਲਿਆ, ਹੁਣ ਕੋਈ ਵੀ ਉਸ ਦੀ ਨਵੀਂ ਪਾਰਟੀ 'ਤੇ ਕਿਵੇਂ ਭਰੋਸਾ ਕਰ ਸਕਦਾ ਹੈ ਜੋ ਆਪਣੀ ਢਿੱਲੀ ਕਾਰਗੁਜ਼ਾਰੀ ਅਤੇ ਲੋਕਾਂ ਦੀ ਪਹੁੰਚ ਤੋਂ ਬਾਹਰ ਰਹਿਣ ਕਾਰਨ ਆਪਣੀ ਭਰੋਸੇਯੋਗਤਾ ਗਵਾ ਚੁੱਕਾ ਹੈ। ਕੈਪਟਨ ਅਮਰਿੰਦਰ ਅਤੇ ਬਾਦਲ ਦੋਸਤਾਨਾ ਮੈਚ ਖੇਡ ਰਹੇ ਅਤੇ ਆਪਣੇ ਸੌਂੜੇ ਹਿੱਤਾਂ ਦੀ ਪੂਰਤੀ ਲਈ ਸੱਤਾ ਦੀ ਵਰਤੋਂ ਇੱਕ-ਦੂਜੇ ਦੀ ਸਹੂਲਤ ਲਈ ਕਰਦੇ ਰਹੇ ਹਨ। ਮੁੱਖ ਮੰਤਰੀ ਚੰਨੀ ਨੇ ਕਿਹਾ, "ਇਹ ਅਖੌਤੀ ਦੁਸ਼ਮਣ ਦੋਸਤ ਬਣੇ ਹੋਏ ਹਨ, ਇਸ ਵਾਰ ਵੀ ਇੱਕ -ਦੂਜੇ ਨੂੰ ਸਿਆਸੀ ਲਾਭ ਪਹੁੰਚਾਉਣ ਲਈ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੀਟਾਂ ਿਵਿਵਸਥਾ ਵਿੱਚ ਰੁੱਝੇ ਹੋਏ ਹਨ।"ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਕੰਮਕਾਜ 'ਤੇ ਟਿੱਪਣੀ ਕਰਨ ਲਈ ਕਹੇ ਜਾਣ 'ਤੇ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਹ ਸਰਕਾਰ ਦੀ ਅਗਵਾਈ ਕਰ ਰਹੇ ਹਨ ਜਦੋਂ ਕਿ ਸਿੱਧੂ ਪਾਰਟੀ ਪ੍ਰਧਾਨ ਹਨ ਅਤੇ ਦੋਵਾਂ ਸੰਗਠਨਾਂ ਵਿੱਚ ਪੂਰੀ ਤਰ੍ਹਾਂ ਇੱਕਸੁਰਤਾ ਹੈ। ਉਨ੍ਹਾਂ ਕਿਹਾ ਕਿ ਅੱਜ ਇਸ ਸਮਾਗਮ ਤੋਂ ਤੁਰੰਤ ਬਾਅਦ ਉਹ ਨਵਜੋਤ ਸਿੱਧੂ ਦੀ ਬੇਨਤੀ 'ਤੇ ਉਨ੍ਹਾਂ ਦੇ ਹਲਕੇ ਵਿੱਚ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨ ਲਈ ਅੰਮ੍ਰਿਤਸਰ ਜਾ ਰਹੇ ਹਨ। ਮੁੱਖ ਮੰਤਰੀ ਚੰਨੀ ਨੇ ਬਿਨਾ ਕਿਸੇ ਝਿਜਕ ਦੇ ਕਿਹਾ ਕਿ ਉਹ ਹਮੇਸ਼ਾ ਆਪਣੀ ਆਲੋਚਨਾ ਨੂੰ ਹਾਂ-ਪੱਖੀ ਢੰਗ ਨਾਲ ਹੀ ਲੈਂਦੇ ਹਨ, ਚਾਹੇ ਇਹ ਪਾਰਟੀ ਦੇ ਅੰਦਰੋਂ ਹੋ ਰਹੀ ਹੋਵੇ ਜਾਂ ਬਾਹਰੋਂ। ਉਨ੍ਹਾਂ ਕਿਹਾ ਕਿ ਕੰਮਕਾਜ ਦੇ ਜਮਹੂਰੀ ਢਾਂਚੇ ਵਿੱਚ ਵਿਚਾਰਾਂ ਦਾ ਮਤਭੇਦ ਅਕਸਰ ਹੁੰਦਾ ਹੈ ਅਤੇ ਹਰੇਕ ਨੂੰ ਬਿਨਾਂ ਕਿਸੇ ਪੱਖਪਾਤ ਅਤੇ ਗਲਤ ਭਾਵਨਾ ਦੇ ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

# ਕਾਰ ਰੇਸ ਲਾਉਂਦਿਆਂ ਲਾਉਂਦਿਆ ਗੋਲੀਆਂ ਚਲਾਉਣ ਕਾਰਣ ਜਸਕਰਨ ਸਿੱਧੂ ਨੂੰ ਹੋਈ 5 ਸਾਲ ਦੀ ਕੈਦ




"ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੜਕ 'ਤੇ ਜਾਂਦਿਆਂ ਗੁੱਸੇ ਵਿੱਚ ਆ ਕੇ ਗੋਲੀਆਂ ਚਲਾਉਣਾ ਕੈਲਗਰੀ ਨਿਵਾਸੀ ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ ਮਹਿੰਗਾ ਪਿਆ ਹੈ ਤੇ ਉਸ ਨੂੰ ਸਾਢੇ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਸਕਰਨ ਸਿੰਘ ਸਿੱਧੂ ਨਾਮ ਦੇ ਇਸ ਵਿਅਕਤੀ ਦੀਆਂ ਸਮੱਸਿਆਵਾਂ ਅਸਾਨ ਨਹੀਂ ਤੇ ਇੱਕ ਹੋਰ ਮਾਮਲੇ ਵਿੱਚ ਉਹ ਗੋਲੀ ਮਾਰ ਕੇ ਕਤਲ ਕਰਨ ਦੇ ਫ਼ਸਟ ਡਿਗਰੀ ਮਰਡਰ ਦੇ ਦੋਸ਼ ਵਿੱਚ ਵੀ ਫਸਿਆ ਹੋਇਆ ਹੈ। 26 ਅਪ੍ਰੈਲ, 2020 ਦੀ ਸ਼ਾਮ ਵੇਲੇ 22 ਸਾਲਾ ਜਸਕਰਨ ਸਿੰਘ ਸਿੱਧੂ ਆਪਣੇ ਪਿਤਾ ਦੀ ਸੁਬਾਰੂ ਇਪਰੈਜ਼ਾ ਗੱਡੀ ਨੌਰਥ ਈਸਟ ਵਿੱਚ ਚਲਾ ਰਿਹਾ ਸੀ ਤੇ ਉਹ ਮਰਸੇਡੀਜ਼ ਚਲਾ ਰਹੇ ਕਰਨਬੀਰ ਸਿੰਘ ਸੰਘਾ ਤੇ ਉਸ ਵਿੱਚ ਸਵਾਰ ਦੋ ਹੋਰ ਵਿਅਕਤੀਆਂ ਦੇ ਕੋਲ ਪਹੁੰਚਿਆ। ਤੈਸ਼ ਵਿੱਚ ਆ ਕੇ ਦੋਵਾਂ ਨੇ ਗੱਡੀਆਂ ਤੇਜ਼ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। 104 ਐਵੇਨਿਉ ਨੌਰਥ ਈਸਟ 'ਤੇ ਵੈਸਟ-ਬਾਉਂਡ ਜਾਂਦਿਆਂ ਜਸਕਰਨ ਸਿੰਘ ਸਿੱਧੂ ਨੇ ਕਰਨਬੀਰ ਸਿੰਘ ਸੰਘਾ ਦੀ ਗੱਡੀ ਨੂੰ ਪਿਛੇ ਛੱਡਿਆ ਤੇ ਅੱਗੇ ਜਾ ਕੇ ਯੂ-ਟਰਨ ਲੈ ਲਿਆ। ਜਦੋਂ ਸੰਘਾ ਦੀ ਗੱਡੀ ਉਸ ਦੇ ਬਰਾਬਰ ਪੁੱਜੀ ਤਾਂ ਸਿੱਧੂ ਨੇ ਗੋਲੀਆਂ ਚਲਾ ਦਿੱਤੀਆਂ। ਗੱਡੀ ਵਿੱਚ ਗੋਲੀਆਂ ਲੱਗੀਆਂ ਪਰ ਉਸ ਦੇ ਅੰਦਰ ਬੈਠਾ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ। ਹੁਣ ਜਸਕਰਨ ਸਿੰਘ ਸਿੱਧੂ ਨੂੰ ਸਾਢੇ 5 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਘਟਨਾ ਤੋਂ ਇੱਕ ਸਾਲ ਪਹਿਲਾਂ 23 ਅਪ੍ਰੈਲ, 2019 ਵਾਲੇ ਦਿਨ ਨੌਰਥ ਈਸਟ ਦੀ 37 ਐਵੇਨਿਊ ਸਥਿਤ ਮਸਾਜ ਲਾਉਂਜ ਐਂਡ ਰੈਸਟੋਰੈਂਟ ਦੇ ਬਾਹਰ ਜਸਕਰਨ ਸਿੱਧੂ ਆਪਣੇ ਦੋ ਹੋਰ ਸਾਥੀਆਂ ਸਮੇਤ 25 ਸਾਲਾ ਜਸਦੀਪ ਸਿੰਘ ਅਤੇ 22 ਸਾਲਾ ਜਪਨੀਤ ਮੱਲ੍ਹੀ ਦੇ ਕਤਲ ਦੇ ਦੋ ਮਾਮਲਿਆਂ ਵਿੱਚ ਵੀ ਫਸਿਆ ਹੋਇਆ ਹੈ। ਸਿੱਧੂ ਦੇ ਨਾਲ ਪ੍ਰਭਜਿ?ਤ ਭੱਟੀ ਅਤੇ ਅਮਨਦੀਪ ਸੱਗੂ ਨੂੰ ਵੀ ਇਸ ਮਾਮਲੇ ਵਿੱਚ ਅਪ੍ਰੈਲ ਵਿੱਚ ਗ਼ਿਰਫ਼ਤਾਰ ਕੀਤਾ ਗਿਆ ਸੀ।

## ਕਾਰਗਿਲ ਮੀਟ ਪਲਾਂਟ ਦੀ ਹੜਤਾਲ ਹੁੰਦੀ ਹੁੰਦੀ ਟਲ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਦੱਖਣ ਵੱਲ ਸਥਿਤ ਕਾਰਗਿਲ ਮੀਟ ਪਲਾਂਟ ਵਿੱਚ ਕਰਮਚਾਰੀਆਂ ਦੀ ਹੋਣ ਵਾਲੀ ਹੜਤਾਲ ਟ.ਲ ਗਈ ਹੈ। ਕੰਪਨੀ ਨੇ ਐਲਾਨ ਕੀਤਾ ਹੈ ਕਿ ਕਰਮਚਾਰੀਆਂ ਨਾਲ ਸਮਝੌਤਾ ਕਰ ਲਿਆ ਗਿਆ ਹੈ। ਇਸ ਸਮਝੌਤੇ ਤਹਿਤ ਬਾਰਗੇਨਿੰਗ ਕਮੇਟੀ ਵੱਲੋਂ ਆਪਣੇ ਮੈਂਬਰਾਂ ਨੂੰ ਜੋ ਸਿਫਾਰਿਸ਼ਾਂ ਕੀਤੀਆਂ ਜਾਣਗੀਆਂ ਉਹਨਾਂ ਨੂੰ ਮਨਜ਼ੂਰ ਕਰ ਲਿਆ ਜਾਵੇਗਾ। ਪਿਛਲੀ ਡੇਟ ਤੋਂ 4200 ਡੌਲਰਜ਼ ਦਾ ਭੁਗਤਾਨ ਕੀਤਾ ਜਾਵੇਗਾ, 1000 ਡਾਲਰ ਦਾ ਸਾਇਨਿੰਗ ਬੋਨਸ ਦਿੱਤਾ ਜਾਵੇਗਾ, 1000 ਡਾਲਰ ਕੋਵਿਡ-19 ਬੋਨਸ ਮਿਲੇਗਾ, ਕ੍ਰਿਸਮਿਸ ਤੋਂ ਪਹਿਲਾਂ ਪਹਿਲਾਂ 6 ਹਜ਼ਾਰ ਡਾਲਰ ਕਰਮਚਾਰੀਆਂ ਲਈ ਟੋਟਲ ਬੋਨਸ ਦਿੱਤਾ ਜਾਵੇਗਾ, 5 ਡਾਲਰ ਤਨਖਾਹ ਵਾਧਾ ਦਿੱਤਾ ਜਾਵੇਗਾ, ਕੌਂਟ੍ਰੈਕਟ ਦੇ ਦੌਰਾਨ ਤਨਖਾਹਾਂ ਵਿੱਚ 21% ਦਾ ਵਾਧਾ ਦਿੱਤਾ ਜਾਵੇਗਾ ਤੇ ਸੋਧੇ ਹੋਏ ਹੈਲਥ ਬੈਨੇਫਿਟਸ ਦਿੱਤੇ ਜਾਣਗੇ। ਕੰਪਨੀ ਨੇ ਆਸ ਪ੍ਰਗਟ ਕੀਤੀ ਹੈ ਕਿ ਹੜਤਾਲ ਦੇ ਨਿਰਧਾਰਿਤ ਸਮੇਂ ਤੋਂ ਪਹਿਲਾਂ ਪਹਿਲਾਂ ਕਰਮਚਾਰੀ ਇਸ ਫਾਰਮੂਲੇ ਨੂੰ ਪ੍ਰਵਾਨ ਕਰ ਲੈਣਗੇ।

## ਕੈਲਗਰੀ ਮੈਕੌਲ ਰਾਇਡਿੰਗ ਦਾ ਨਾਂ ਸਵ: ਮਨਮੀਤ ਸਿੰਘ ਭੁੱਲਰ ਦੇ ਨਾਂ ਉੱਪਰ ਰੱਖੇ ਜਾਣ ਦੀ ਤਜ਼ਵੀਜ਼ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੈਕੌਲ ਵਿਧਾਨਸਭਾ ਰਾਇਡਿੰਗ ਦਾ ਨਾਮ ਤਬਦੀਲ ਕਰਨ ਵਾਸਤੇ ਵਿਧਾਨਸਭਾ ਵਿੱਚ ਬਿਲ-87 ਪੇਸ਼ ਕੀਤਾ ਗਿਆ ਹੈ। ਸਾਬਕਾ ਸੂਬਾਈ ਮੰਤਰੀ ਮਨਮੀਤ ਸਿੰਘ ਭੁੱਲਰ ਦੇ ਨਾਮ 'ਤੇ ਇਸ ਰਾਇਡਿੰਗ ਦਾ ਨਾਮ ਰੱਖੇ ਜਾਣ ਦੀ ਤਜਵੀਜ਼ ਹੈ। ਜੇ ਇਹ ਬਿਲ ਪਾਸ ਹੋ ਜਾਂਦਾ ਹੈ ਤਾਂ ਇਸ ਰਾਇਡਿੰਗ ਦਾ ਨਾਮ ਕੈਲਗਰੀ-ਭੁੱਲਰ-ਮੈਕੌਲ ਹੋਵੇਗਾ। ਮਨਮੀਤ ਸਿੰਘ ਭੁੱਲਰ ਸਾਲ 2008 ਵਿੱਚ ਕੈਲਗਰੀ ਦੀ ਕੈਲਗਰੀ-ਗ੍ਰੀਨਵੇਅ ਰਾਇਡਿੰਗ ਤੋਂ ਐਮਐਲਏ ਚੁਣੇ ਗਏ ਸਨ ਤੇ ਬਾਦ ਵਿੱਚ ਉਹ ਸੂਬਾਈ ਕੈਬਿਨੇਟ ਮੰਤਰੀ ਵੀ ਰਹੇ। ਉਹਨਾਂ ਦੇ ਨਾਮ 'ਤੇ ਇਕ ਪਾਰਕ ਅਤੇ ਐਲਿਮੈਂਟਰੀ ਸਕੂਲਾਂ ਦੇ ਨਾਮ ਵੀ ਰੱਖੇ ਗਏ ਹਨ। ਨਵੰਬਰ 2015 ਵਿੱਚ ਮਨਮੀਤ ਭੁੱਲਰ ਦਾ 35 ਵਰ੍ਹਿਆਂ ਦੀ ਉਮਰ ਵਿੱਚ ਇਕ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ ਸੀ। ਗਵਰਨਮੈਂਟ ਹਾਊਸ ਲੀਡਰ ਜੇਸਨ ਨਿਕਸਨ ਨੇ ਇਸ ਸੰਬੰਧੀ ਬਿਲ ਪੇਸ਼ ਕੀਤਾ ਹੈ। 1971 ਵਿੱਚ ਸਥਾਪਿਤ ਹੋਈ ਕੈਲਗਰੀ-ਮੈਕੌਲ ਰਾਇਡਿੰਗ ਦਾ ਨਾਮ ਫ਼ਰੈਡਰਿਕ ਮੈਕੌਲ ਦੇ ਨਾਮ 'ਤੇ ਰੱਖਿਆ ਗਿਆ ਹੈ ਜਿਹੜੇ ਪਹਿਲੀ ਸੰਸਾਰ ਜੰਗ ਸਮੇਂ ਕੈਨੇਡਾ ਦੀ ਏਅਰ-ਫੋਰਸ ਦੇ ਮੈਂਬਰ ਸਨ ਤੇ ਉਹਨਾਂ ਦੂਜੀ ਸੰਸਾਰ ਜੰਗ ਵਿੱਚ ਵੀ ਹਿੱਸਾ ਲਿਆ ਸੀ। ਉਹ 22 ਜਨਵਰੀ 1949 ਨੂੰ 52 ਸਾਲ ਦੀ ਉਮਰ ਵਿੱਚ ਸਵਰਗਵਾਸ ਹੋ ਗਏ ਸਨ।

## ਕੈਲਗਰੀ ਸਟੈਂਪੀਡ ਦੀ ਇਤਿਹਾਸਕ ਸਟੇਜ ਕੋਕਾ ਕੋਲਾ ਢਾਹੁਣ ਦੀਆਂ ਤਿਆਰੀਆਂ ਹਨ

"ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਟੈਂਪੀਡ ਪਾਰਕ ਦੀ ਇਤਿਹਾਸਕ ਸਟੇਜ ਨੂੰ ਢਾਹੇ ਜਾਣ ਦੀ ਤਿਆਰੀ ਹੈ। ਕੋਕਾ-ਕੋਲਾ ਸਟੇਜ ਦੇ ਨਾਮ ਹੇਠ ਬਣੀ ਇਸ ਸਟੇਜ ਨੂੰ ਢਾਹ ਦਿੱਤਾ ਜਾਵੇਗਾ ਕਿਉਂਕਿ 17 ਐਵੇਨਿਉ ਦਾ ਵਿਸਥਾਰ ਹੋ ਰਿਹਾ ਹੈ ਅਤੇ ਵਿਕਟੋਰੀਆ ਪਾਰਕ ਐਲ.ਆਰ.ਟੀ. ਸਟੇਸ਼ਨ ਦੀ ਮੁੜ ਉਸਾਰੀ ਕੀਤੀ ਜਾ ਰਹੀ ਹੈ। ਪਿਛਲੇ 30 ਸਾਲਾਂ ਤੋਂ ਸਟੈਂਪੀਡ ਵਿੱਚ ਜਾਣ ਵਾਲਿਆਂ ਦੇ ਮਨੋਰੰਜਨ ਲਈ ਕੋਕਾ ਕੋਲਾ ਸਟੇਜ ਤੋਂ ਮੁਫ਼ਤ ਵਿੱਚ ਮਿਓਜ਼ਿਕਲ ਕੌਨਸਰਟਸ ਕੀਤੇ ਜਾਂਦੇ ਰਹੇ ਹਨ। ਸੈਂਕੜੇ ਕਲਾਕਾਰਾਂ ਨੇ ਇਸ ਸਟੇਜ ਤੋਂ ਹਜ਼ਾਰਾਂ ਲੋਕਾਂ ਦਾ ਮਨੋਰੰਜਨ ਕੀਤਾ ਹੈ ਤੇ ਹੁਣ ਇਹ ਸਟੇਜ 8 ਅਤੇ 9 ਦਸੰਬਰ ਨੂੰ ਪੱਕੇ ਤੌਰ 'ਤੇ ਖ਼ਤਮ ਹੋ ਜਾਵੇਗੀ। ਇਸ ਦੀ ਮੁੜ ਉਸਾਰੀ ਹੋਣੀ ਹੈ ਪਰ ਉਸ ਬਾਰੇ ਅਜੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਅਗਲੇ ਸਾਲ ਦੀ ਸਟੈਂਪੀਡ ਵਾਸਤੇ ਟੈਂਪਰੇਰੀ ਪ੍ਰਬੰਧ ਕੀਤਾ ਜਾਵੇਗਾ।

## ਕੈਲਗਰੀ ਦੀ ਮੇਅਰ ਨੇ ਲੋਕਾਂ ਨੂੰ ਸਥਾਨਿਕ ਸਟੋਰਾਂ ਤੋਂ ਖਰੀਦਦਾਰੀ ਕਰਨ ਦੀ ਅਪੀਲ ਕੀਤੀ



"ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੇਅਰ ਡਾ. ਜੋਤੀ ਗੌਂਡੇਕ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਫੈਸਟਿਵਲ ਸੀਜ਼ਨ ਦੌਰਾਨ ਲੋਕਲ ਸਟੋਰਾਂ ਤੋਂ ਵੱਧ ਤੋਂ ਵੱਧ ਖ਼ਰੀਦਾਰੀ ਕਰਨ ਤਾਂ ਕਿ ਲੋਕਲ ਬਿਜ਼ਨਸ ਨੂੰ ਲਾਭ ਮਿਲ ਸਕੇ। ਉਹਨਾਂ ਕਿਹਾ ਕਿ ਹਰੇਕ 100 ਡਾਲਰ ਖ਼ਰਚ ਕਰਨ ਪਿਛੇ 59 ਡਾਲਰ ਕੈਲਗਰੀ ਦੇ ਅਰਥਚਾਰੇ ਨੂੰ ਮਿਲਦੇ ਹਨ ਤੇ ਇਸ ਰਕਮ ਦਾ ਫਾਇਦਾ ਮੁੜ ਕੈਲਗਰੀ ਵਾਸੀਆਂ ਨੂੰ ਆਉਂਦਾ ਹੈ। ਫੈਸਟਿਵਲ ਸੀਜ਼ਨ ਦੌਰਾਨ ਵੱਡੀ ਕੀਮਤ ਦੀ ਖ਼ਰੀਦਦਾਰੀ ਕੀਤੀ ਜਾਂਦੀ ਹੈ ਤੇ ਇਹ ਲੋਕਲ ਸਟੋਰਾਂ ਤੋਂ ਕਰਨ ਦੇ ਨਾਲ ਨਾਲ ਲੋੜਵੰਦ ਬੱਚਿਆਂ ਵਾਸਤੇ ਖਿਡੌਣੇ ਆਦਿ ਦੀ ਡੋਨੇਸ਼ਨ ਦੀ ਅਪੀਲ ਵੀ ਕੀਤੀ ਜਾ ਰਹੀ ਹੈ। ਵੱਖ ਵੱਖ ਸਥਾਨਾਂ 'ਤੇ ਇਹ ਖਿਡੌਣੇ ਡ੍ਰੌਪ ਕੀਤੇ ਜਾ ਸਕਦੇ ਹਨ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ



ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs




StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only



4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent

SSSS IMMIGRATION SERVICES
www.ssssimmigration.com

ICCRC CRCIC

SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP

GREAT OPPORTUNITY
FOR STUDENTS & POST GRADUATE WORK PERMIT HOLDERS

HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MIL WORK



BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT

HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਹਾਈਕਮਾਨ ਚੋਣ ਜੰਗ 'ਚ ਕੀ ਚੰਨੀ, ਸਿੱਧੂ ਤੇ ਜਾਖੜ ਤਿੰਨਾਂ ਚਿਹਰਿਆਂ ਦੇ ਨਾਲ ਉਤਰੇਗੀ ?

ਜਲੰਧਰ(ਪੰਜਾਬੀ ਅਖਬਾਰ ਬਿਊਰੋ)- ਕਾਂਗਰਸ ਹਾਈ ਕਮਾਨ ਵਲੋਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਰਗਰਮੀ ਦੇ ਨਾਲ ਅੱਗੇ ਆਉਣ ਤੋਂ ਬਾਅਦ ਹੁਣ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਕੀ ਹਾਈ ਕਮਾਨ ਚੋਣ ਜੰਗ 'ਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਪੰਜਾਬ ਚੋਣ ਪ੍ਰਚਾਰ ਕਮੇਟੀ ਦੇ ਨਵੇਂ ਚੇਅਰਮੈਨ ਸੁਨੀਲ ਜਾਖੜ ਤਿੰਨਾਂ ਚਿਹਰਿਆਂ ਦੇ ਨਾਲ ਉਤਰੇਗੀ। ਕਾਂਗਰਸੀ ਨੇਤਾਵਾਂ ਦਾ ਮੰਨਣਾ ਹੈ ਕਿ ਕਾਂਗਰਸ ਹਾਈ ਕਮਾਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਹੁਦੇ ਦੇ ਮੁੱਦੇ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੇ ਵਿਵਾਦ 'ਚ ਪੈਣ ਤੋਂ ਬਚਣਾ ਚਾਹੁੰਦੀ ਹੈ। ਸੰਭਵ ਹੈ ਕਿ ਮੁੱਖ ਮੰਤਰੀ ਅਹੁਦੇ ਦਾ ਮੁੱਦਾ ਖਾਲੀ ਛੱਡਿਆ ਜਾ ਸਕਦਾ ਹੈ ਅਤੇ ਤਿੰਨਾਂ ਵਰਗਾਂ ਦੇ ਨੇਤਾਵਾਂ ਚੰਨੀ, ਸਿੱਧੂ ਅਤੇ ਜਾਖੜ ਦੇ ਨਾਲ ਚੋਣ ਮੈਦਾਨ 'ਚ ਪਾਰਟੀ ਦੀ ਮੁਹਿੰਮ ਚਲਾਈ ਜਾ ਸਕਦੀ ਹੈ। ਐੱਸ.ਸੀ. ਭਾਈਚਾਰੇ ਤੋਂ ਚੰਨੀ ਅੱਗੇ ਰਹਿਣਗੇ, ਜੱਟ ਭਾਈਚਾਰੇ ਤੋਂ ਨਵਜੋਤ ਸਿੱਧੂ ਅਤੇ ਹਿੰਦੂ ਭਾਈਚਾਰੇ ਤੋਂ ਸੁਨੀਲ ਜਾਖੜ ਅੱਗੇ ਰਹਿਣਗੇ। ਇਹ ਤਿੰਨੇ ਵਰਗ ਰਵਾਇਤੀ ਰੂਪ 'ਚ ਕਾਂਗਰਸ ਦਾ ਵੋਟ ਬੈਂਕ ਰਹੇ ਹਨ। ਕਾਂਗਰਸੀ ਨੇਤਾਵਾਂ ਦਾ ਮੰਨਣਾ ਹੈ ਕਿ ਜੇਕਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸੇ ਇੱਕ ਨੇਤਾ ਦਾ ਨਾਂ ਮੁੱਖ ਮੰਤਰੀ ਅਹੁਦੇ ਲਈ ਅੱਗੇ ਕੀਤਾ ਜਾਂਦਾ ਹੈ ਤਾਂ ਉਸ ਨਾਲ ਕਾਂਗਰਸ ਦੇ ਅੰਦਰ ਗ੍ਰਹਿ ਕਲੇਸ਼ ਦੀ ਸਥਿਤੀ ਪੈਦਾ ਹੋ ਜਾਵੇਗੀ, ਜਿਸ ਨਾਲ ਕਾਂਗਰਸ ਹਾਈਕਮਾਨ ਬਚਣਾ ਚਾਹੁੰਦੀ ਹੈ। ਪਿਛਲੀਆਂ 2 ਚੋਣਾਂ 'ਚ ਤਾਂ ਹਾਈ ਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਮੁੱਖ ਮੰਤਰੀ ਅਹੁਦੇ ਲਈ ਪਹਿਲਾਂ ਹੀ ਐਲਾਨ ਦਿੱਤਾ ਸੀ। ਮੁੱਖ ਮੰਤਰੀ ਅਹੁਦੇ ਦੀ ਦੌੜ 'ਚ ਸਿਰਫ਼ ਉਪਰੋਕਤ ਤਿੰਨੇ ਨੇਤਾ ਹੀ ਨਹੀਂ ਰਹਿਣਗੇ ਸਗੋਂ ਇਨ੍ਹਾਂ ਤੋਂ ਇਲਾਵਾ ਵੀ ਹਿੰਦੂ ਅਤੇ ਜੱਟ ਸਿੱਖ ਭਾਈਚਾਰੇ ਤੋਂ ਇੱਕ-ਇੱਕ ਹੋਰ ਨੇਤਾ ਦਾ ਨਾਂ ਵੀ ਅੱਗੇ ਆ ਰਿਹਾ ਹੈ। ਜੱਟ ਭਾਈਚਾਰੇ ਤੋਂ ਸੁਖਜਿੰਦਰ ਰੰਧਾਵਾ ਦਾ ਨਾਂ ਵੀ ਮੁੱਖ ਮੰਤਰੀ ਅਹੁਦੇ ਨੂੰ ਲੈ ਕੇ ਚਰਚਾ 'ਚ ਚੱਲਦਾ ਰਹੇਗਾ। ਇਸੇ ਤਰ੍ਹਾਂ ਹਿੰਦੂ ਭਾਈਚਾਰੇ ਤੋਂ ਉਪ ਮੁੱਖ ਮੰਤਰੀ ਓ.ਪੀ. ਸੋਨੀ ਵੀ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਰਹਿਣਗੇ। ਭਾਵੇਂ ਦਾਅਵੇਦਾਰਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ ਪਰ ਫ਼ਿਰ ਵੀ ਆਖਰੀ ਫ਼ੈਸਲਾ ਤਾਂ ਚੋਣ ਨਤੀਜੇ ਆਉਣ ਤੋਂ ਬਾਅਦ ਹੀ ਲਿਆ ਜਾਵੇਗਾ। ਇਸ ਸਮੇਂ ਸਾਰੇ ਨੇਤਾਵਾਂ ਉੱਤੇ ਜ਼ਿੰਮੇਵਾਰੀ ਪਾਰਟੀ ਨੂੰ ਬਹੁਮੱਤ ਦਿਵਾਉਣ ਦੀ ਰਹੇਗੀ।

## 30 ਸਾਲ ਪੁਰਾਣੇ ਦੋ ਸ਼ੇਰ ਚੋਰੀ ਹੋ ਗਏ ਸਨ ਪਰ ਹੁਣ ਲੱਭ ਗਏ ਹਨ।

"ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇੱਕ ਘਰ ਅੱਗਿਓਂ 100-100 ਪਾਊਂਡ ਵਜ਼ਨੀ ਰੱਖੇ ਪੱਥਰ ਦੇ ਸ਼ੇਰ ਚੋਰੀ ਕਰ ਲਏ ਜਾਣ ਮਗਰੋਂ ਉਹਨਾਂ ਨੂੰ ਲੱਭ ਲਿਆ ਗਿਆ ਹੈ। ਇੱਕ ਹਫ਼ਤੇ ਪਹਿਲਾਂ ਕਿਸੇ ਕੌਂਡੋ ਦੇ ਬਾਹਰ ਇਹ ਸ਼ੇਰ ਰੱਖੇ ਦੇਖੇ ਗਏ ਸਨ ਤੇ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਸੀ। ਪੁਲਿਸ ਨੇ ਇਹ ਸ਼ੇਰ ਬਰਾਮਦ ਕਰ ਲਏ ਤੇ ਘਰ ਮਾਲਕ ਨੂੰ ਸੂਚਿਤ ਕਰ ਦਿੱਤਾ। ਇਹ ਬੁੱਤ ਘਰ ਮਾਲਕ ਨੇ ਟੋਰੰਟੋ ਤੋਂ ਮੰਗਵਾਏ ਸਨ ਤੇ ਉਹਨਾਂ ਕੋਲ ਪਿਛਲੇ 30 ਸਾਲਾਂ ਤੋਂ ਸਨ। ਸ਼ੇਰਾਂ ਦੇ ਇਹਨਾਂ ਬੁੱਤਾਂ ਨੂੰ ਮਾਮੂਲੀ ਨੁਕਸਾਨ ਵੀ ਪਹੁੰਚਿਆ ਹੈ ਤੇ ਮਾਲਕ ਰਿਬੈਕਾ ਫੈਮ ਦਾ ਕਹਿਣਾ ਹੈ ਕਿ ਇਹ ਦੋਵੇਂ ਸ਼ੇਰ ਉਸ ਦੇ ਜਨਮ ਤੋਂ ਪਹਿਲਾਂ ਉਸ ਦੇ ਮਾਪਿਆਂ ਨੇ ਲਿਆਂਦੇ ਸਨ ਤੇ ਉਹ ਉਹਨਾਂ ਨੂੰ ਵੇਖ ਵੇਖ ਕੇ ਜਵਾਨ ਹੋਇਆ ਹੈ। ਇਹਨਾਂ ਦੇ ਚੋਰੀ ਹੋ ਜਾਣ 'ਤੇ ਉਹ ਡਾਢੇ ਅਫ਼ਸੋਸ ਹੇਠ ਸੀ।

# ਕਰੋੜਾਂ ਦੇ ਡਰੱਗਜ਼ ਰੈਕੇਟ ਮਾਮਲੇ 'ਚ ਹਾਈਕੋਰਟ ਦਾ ਸਵਾਲ, 'ਕੀ ਸਾਢੇ 4 ਸਾਲਾਂ ਤੋਂ ਸੁੱਤੀ ਸੀ ਪੰਜਾਬ ਸਰਕਾਰ ?'




ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- 6000 ਕਰੋੜ ਰੁਪਏ ਤੋਂ ਜ਼ਿਆਦਾ ਦੇ ਡਰੱਗਜ਼ ਮਾਮਲੇ ਵਿੱਚ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਹੋਈ। ਇਸ ਦੌਰਾਨ ਕੋਰਟ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਇਸ ਮਾਮਲੇ ਵਿੱਚ ਹੁਣ ਤਕ ਕੋਈ ਕਾਰਵਾਈ ਕਿਉਂ ਨਹੀਂ ਕੀਤੀ ? ਕੀ ਪੰਜਾਬ ਸਰਕਾਰ ਸਾਢੇ 4 ਸਾਲਾਂ ਤੋਂ ਸੁੱਈ ਹੋਈ ਸੀ ? ਇਸਦੇ ਜਵਾਬ ਵਿੱਚ ਪੰਜਾਬ ਦੇ ਐਡਵੋਕੇਟ ਜਨਰਲ ਬੀ.ਐੱਸ. ਪਟਵਾਲੀਆ ਨੇ ਵੀ ਕੋਰਟ ਦੀ ਦੋ ਟੁਕ ਵਿੱਚ ਹਾਮੀ ਭਰੀ ਅਤੇ ਕਿਹਾ ਕਿ ਹੁਣ ਤਕ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ ਹੈ। ਕੋਰਟ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਇਸ ਮਾਮਲੇ ਵਿੱਚ ਸਿਰਫ਼ ਗੱਲਾਂ ਹੋ ਰਹੀਆਂ ਹਨ। ਕੋਈ ਕਾਰਵਾਈ ਹੁਣ ਤਕ ਨਹੀਂ ਕੀਤੀ ਗਈ ਹੈ। ਜਿੱਥੇ ਪਹਿਲਾਂ ਕੋਰਟ ਮਿੱਤਰ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੂੰ ਸੁਣਿਆ ਜਾਵੇਗਾ। ਉਸ ਤੋਂ ਬਾਅਦ ਬਾਕੀ ਪੱਖਾਂ ਦੇ ਵਕੀਲਾਂ ਨੂੰ ਸੁਣਿਆ ਜਾਵੇਗਾ। ਕੋਰਟ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਇਸ ਮਾਮਲੇ ਦੀ ਹਰ ਦਿਨ ਸੁਣਵਾਈ ਕੀਤੀ ਜਾ ਸਕਦੀ ਹੈ। ਮਜੀਠੀਆ ਦੀ ਅਰਜ਼ੀ 'ਤੇ ਕੋਰਟ ਦਾ ਫ਼ੈਸਲਾ, ਇੱਕ ਵਿਅਕਤੀ ਨੂੰ ਲੈ ਕੇ ਨਹੀਂ ਸਗੋਂ ਪਬਲਿਕ ਇੰਟਰੈਸਟ 'ਚ ਹੋਵੇਗਾ। ਇਸ ਮਾਮਲੇ ਵਿੱਚ ਪਾਰਟੀ ਬਣਾਏ ਜਾਣ ਦੀ ਅਰਜ਼ੀ ਦਾਖਲ ਕਰਨ ਵਾਲੇ ਬਿਕਰਮ ਮਜੀਠੀਆ ਦੇ ਵਕੀਲ ਨੇ ਇੱਕ ਵਾਰ ਫ਼ਿਰ ਕੋਰਟ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਪਾਰਟੀ ਬਣਾਇਆ ਜਾਵੇ, ਕਿਉਂਕਿ ਉਨ੍ਹਾਂ ਨੂੰ ਸ਼ੰਕਾ ਹੈ ਕਿ ਰਾਜਨੀਤਕ ਰੰਜਿਸ਼ ਕਾਰਨ ਉਨ੍ਹਾਂ 'ਤੇ ਇਸ ਮਾਮਲੇ ਵਿੱਚ ਕਾਰਵਾਈ ਹੋ ਸਕਦੀ ਹੈ। ਕੋਰਟ ਨੇ ਬਿਕਰਮ ਮਜੀਠੀਆ ਦੀ ਅਰਜ਼ੀ 'ਤੇ ਕਿਹਾ ਕਿ ਇਹ ਜਨਹਿਤ ਦਾ ਮਾਮਲਾ ਹੈ, ਇਸ ਲਈ ਕੋਰਟ ਦਾ ਫ਼ੈਸਲਾ ਇੱਕ ਵਿਅਕਤੀ ਨੂੰ ਲੈ ਕੇ ਨਹੀਂ, ਸਗੋਂ ਜੋ ਫ਼ੈਸਲਾ ਹੋਵੇਗਾ ਉਹ ਪਬਲਿਕ ਇੰਟਰੈਸਟ ਵਿੱਚ ਹੋਵੇਗਾ। ਕੋਰਟ ਨੇ ਕਿਹਾ ਕਿ ਅਸੀਂ ਸਾਰੇ ਹੁਕਮਾਂ ਨੂੰ ਪੜ੍ਹਿਆ ਹੋਇਆ ਹੈ ਅਤੇ ਸਾਰੇ ਹੁਕਮਾਂ ਨੂੰ ਲੈ ਕੇ ਪੁਆਇੰਟਸ ਵੀ ਬਣਾਏ ਹੋਏ ਹਨ।

ਸੀਲਬੰਦ ਰਿਪੋਰਟ 'ਤੇ ਹਾਈਕੋਰਟ ਨੇ ਕਿਹਾ, ਆਉਣ ਵਾਲੇ ਸਮੇਂ 'ਚ ਵਿੱਚਾਰ ਕਰਾਂਗੇ

ਕੋਰਟ 'ਚ ਸੀਲਬੰਦ ਰਿਪੋਰਟ ਨੂੰ ਲੈ ਕੇ ਵੀ ਗੱਲ ਹੋਈ, ਜਿੱਥੇ ਪੰਜਾਬ ਸਰਕਾਰ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਸੀਲਬੰਦ ਕੋਈ ਵੀ ਰਿਪੋਰਟ ਆਉਂਦੀ ਹੈ ਤਾਂ ਉਸਨੂੰ ਕਾਨੂੰਨਨ ਜਨਤਕ ਨਹੀਂ ਕੀਤਾ ਜਾ ਸਕਦਾ। ਉਹ ਕਾਨੂੰਨ ਦੇ ਨਿਯਮਾਂ ਦੇ ਖ਼ਿਲਾਫ਼ ਹੈ, ਜਿਸ ਤੋਂ ਬਾਅਦ ਹਾਈ ਕੋਰਟ ਨੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਇਸ 'ਤੇ ਵਿੱਚਾਰ ਕੀਤਾ ਜਾ ਸਕਦਾ ਹੈ। ਡਰੱਗਜ਼ ਕਾਰਨ ਜੋ ਸਮੱਸਿਆਵਾਂ ਪੰਜਾਬ 'ਚ ਹੋਈਆਂ, ਉਨ੍ਹਾਂ 'ਤੇ ਪਹਿਲ ਦੇ ਆਧਾਰ 'ਤੇ ਕੰਮ ਹੋਣਾ ਬੇਹੱਦ ਜ਼ਰੂਰੀ

ਸੁਣਵਾਈ ਦੇ ਸਮੇਂ ਡਰੱਗਜ਼ ਮਾਮਲੇ ਨੂੰ ਸਭ ਤੋਂ ਪਹਿਲਾਂ ਚੁੱਕਣ ਵਾਲੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਦੇ ਵਕੀਲ ਗੁਰਵਿੰਦਰ ਸਿੰਘ ਗੈਰੀ ਨੇ ਕਿਹਾ ਕਿ ਉਨ੍ਹਾਂ ਦੇ ਕਲਾਇੰਟ ਦੀ ਹਮੇਸ਼ਾ ਤੋਂ ਇਹੀ ਇੱਛਾ ਰਹੀ ਕਿ ਜੋ ਮੁੱਖ ਮੁੱਦੇ ਹਨ, ਉਨ੍ਹਾਂ ਤੋਂ ਨਾ ਭਟਕਿਆ ਜਾਵੇ। ਉਨ੍ਹਾਂ ਕਦੇ ਇਹ ਨਹੀਂ ਕਿਹਾ ਕਿ ਕਿਸੇ ਰਾਜਨੇਤਾ ਦਾ ਨਾਮ ਨਾ ਲਿਆ ਜਾਵੇ ਪਰ ਡਰੱਗਜ਼ ਨਾਲ ਜੋ ਸਮੱਸਿਆਵਾਂ ਪੰਜਾਬ 'ਚ ਹੋਈਆਂ ਹਨ, ਉਨ੍ਹਾਂ 'ਤੇ ਪਹਿਲ ਦੇ ਆਧਾਰ 'ਤੇ ਕੰਮ ਹੋਣਾ ਬੇਹੱਦ ਜ਼ਰੂਰੀ ਹੈ।

ਉਥੇ ਹੀ ਡਰੱਗਜ਼ ਮਾਮਲੇ 'ਚ ਐੱਸ.ਟੀ.ਐੱਫ. ਅਤੇ ਹੋਰ ਜਾਂਚ ਏਜੰਸੀਆਂ ਵਲੋਂ ਕੀਤੀ ਗਈ ਜਾਂਚ ਦੀ ਸੀਲਬੰਦ ਰਿਪੋਰਟ ਨੂੰ ਜਨਤਕ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਅਰਜ਼ੀ ਦਾਖਲ ਕਰਨ ਵਾਲੇ ਸੀਨੀਅਰ ਵਕੀਲ ਨਵਕਿਰਨ ਸਿੰਘ ਨੇ ਕਿਹਾ ਕਿ ਮੇਰੇ 'ਤੇ ਇਹ ਦੋਸ਼ ਲਗਾਏ ਜਾਂਦੇ ਹਨ ਕਿ ਮੈਂ ਸਿਰਫ਼ ਚੋਣਾਂ ਦੌਰਾਨ ਹੀ ਇਸ ਮਾਮਲੇ 'ਚ ਬੋਲਦਾ ਹਾਂ ਪਰ ਇਹ ਕੇਸ ਉਨ੍ਹਾਂ ਨੇ 2017 'ਚ ਫ਼ਾਈਲ ਕੀਤਾ ਸੀ ਅਤੇ ਉਦੋਂ ਤੋਂ ਹੁਣ ਤੱਕ ਇਸ ਮਾਮਲੇ 'ਚ ਸੁਣਵਾਈ ਚੱਲ ਰਹੀ ਹੈ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142



## ਸੰਪਾਦਕੀ

**ਮੁਸੀਬਤ ਦਾ ਇੱਕ ਲਾਭ ਹੁੰਦਾ ਹੈ**
**ਇਹ ਸੋਚਣ ਦੀ ਯੋਗਤਾ ਵਧਾ ਦਿੰਦਾ ਹੈ।**

# ਚੰਗੀ ਪਹਿਲ ਦੀ ਆਸ

ਕਿਆਸ ਲਗਾਏ ਜਾ ਰਹੇ ਸਨ ਕਿ ਕਿਸਾਨ ਸੰਯੁਕਤ ਮੋਰਚੇ ਦੀ ਸ਼ਨੀਵਾਰ ਦੀ ਬੈਠਕ ਵਿੱਚ ਘਰ ਵਾਪਸੀ ਨੂੰ ਲੈ ਕੇ ਕੁਝ ਫੈਸਲਾ ਹੋ ਸਕਦਾ ਹੈ। ਇਸ ਲਈ ਕੁੱਝ ਕਿਸਾਨ ਨੇਤਾ ਇਸ ਪੱਖ ਵਿੱਚ ਸਨ ਕਿ ਜਦੋਂ ਉਨ੍ਹਾਂ ਦੀ ਕਾਨੂੰਨ ਵਾਪਸੀ ਸਬੰਧੀ ਮੁੱਖ ਮੰਗ ਮੰਨ ਲਈ ਗਈ ਹੈ ਤਾਂ ਹੁਣ ਉਨ੍ਹਾਂ ਨੂੰ ਆਪਣੇ ਘਰ ਵਾਪਸ ਚਲੇ ਜਾਣਾ ਚਾਹੀਦਾ ਹੈ ਪਰ ਕਿਸਾਨ ਮੋਰਚਾ ਇੱਕ ਕਦਮ ਅੱਗੇ ਵਧ ਕੇ ਫਿਰ ਆਪਣੀ ਮੰਗਾਂ ਨੂੰ ਲੈ ਕੇ ਬੈਠ ਗਿਆ। ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਲਮਕਦੀਆਂ ਮੰਗਾਂ ਉਤੇ ਗੱਲਬਾਤ ਦੇ ਲਈ ਭੇਜਿਆ ਹੈ। ਇਸ ਦੇ ਲਈ ਕਿਸਾਨ ਮੋਰਚੇ ਨੇ ਪੰਜ ਮੈਂਬਰਾਂ ਦੀ ਇੱਕ ਕਮੇਟੀ ਬਣਾ ਦਿੱਤੀ, ਜੋ ਸਰਕਾਰ ਨਾਲ ਗੱਲਬਾਤ ਦੇ ਲਈ ਜਾਵੇਗੀ। ਹਾਲੇ ਉਹ ਆਪਣੀਆਂ ਮੰਗਾਂ ਉਤੇ ਕਾਇਮ ਹਨ। ਉਨ੍ਹਾਂ ਨੇ ਫਿਰ ਤੋਂ ਦੁਹਰਾਇਆ ਹੈ ਕਿ ਜਦੋਂ ਤੱਕ ਘੱਟੋ ਘੱਟ ਸਮਰਥਨ ਮੁੱਲ ਉਤੇ ਕਾਨੂੰਨ ਨਹੀਂ ਬਣਦਾ, ਕਿਸਾਨਾਂ ਦੇ ਖਿਲਾਫ ਦਰਜ ਮਾਮਲੇ ਵਾਪਸ ਨਹੀਂ ਲਏ ਜਾਂਦੇ ਅਤੇ ਜਾਨ ਗਵਾ ਚੁੱਕੇ ਕਿਸਾਨਾਂ ਨੂੰ ਮੁਆਵਜੇ ਦਾ ਐਲਾਨ ਨਹੀਂ ਕੀਤਾ ਜਾਂਦਾ ਉਦੋਂ ਤੱਕ ਕਿਸਾਨ ਆਪਣੇ ਘਰ ਵਾਪਸ ਨਹੀਂ ਜਾਣਗੇ। ਹਾਲਾਂਕਿ ਤਿੰਨ ਵਿਵਾਦਿਤ ਖੇਤੀ ਕਾਨੂੰਨ ਵਾਪਸ ਲੈਣ ਦੇ ਬਾਅਦ ਤੋਂ ਸਰਕਾਰ ਦਾ ਰੁਖ ਲਗਾਤਾਰ ਲਚਕੀਲਾ ਬਣਿਆ ਹੋਇਆ ਹੈ। ਉਹ ਕਿਸਾਨਾਂ ਨਾਲ ਗੱਲਬਾਤ ਕਰਨਾ ਚਾਹ ਰਹੀ ਹੈ। ਉਨ੍ਹਾਂ ਦੀਆਂ ਕਈ ਮੰਗਾਂ ਨੂੰ ਉਸ ਨੇ ਮੰਨ ਵੀ ਲਿਆ ਹੈ, ਜਿਵੇਂ ਪਰਾਲੀ ਜਲਾਉਣ ਸਬੰਧੀ ਮੰਗ। ਹਾਲਾਂਕਿ ਕਿਸਾਨ ਵੀ ਲਚਕੀਲਾ ਰੁਖ ਅਪਣਾਉਂਦੇ ਦਿਸ ਰਹੇ ਹਨ, ਪਰ ਉਨ੍ਹਾਂ ਦੀਆਂ ਕੁੱਝ ਨੈਤਿਕ ਜ਼ਿੰਮੇਵਾਰੀਆਂ ਵੀ ਹਨ ਅਤੇ ਕੁੱਝ ਰਣਨੀਤਕ ਮਜਬੂਰੀਆਂ ਵੀ। ਉਹ ਆਪਣੇ ਉਨ੍ਹਾਂ ਸਾਥੀਆਂ ਉਤੇ ਹੋਏ ਮੁਕੱਦਮਿਆਂ ਛੱਡ ਕੇ ਵਾਪਸ ਨਹੀਂ ਜਾ ਸਕਦੇ ਅਤੇ ਨਾ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਦੇ ਦਰਦ ਨੂੰ ਅਣਦੇਖਿਆ ਕਰ ਸਕਦੇ ਹਨ, ਇਸ ਲਈ ਇਨ੍ਹਾਂ ਜੁੜੀਆਂ ਹੋਈਆਂ ਮੰਗਾਂ ਸਮਝੀਆਂ ਜਾ ਸਕਦੀਆਂ ਹਨ। ਇਹ ਮੰਗਾਂ ਅਜਿਹੀਆਂ ਹੈ ਵੀ ਨਹੀਂ ਕਿ ਸਰਕਾਰ ਉਨ੍ਹਾਂ ਦਾ ਹੱਲ ਨਾ ਕੱਢ ਸਕੇ। ਹਰਿਆਣਾ ਸਰਕਾਰ ਕਿਸਾਨਾਂ ਉਤੇ ਮੁਕੱਦਮੇ ਖਤਮ ਕਰਨ ਦੀ ਇੱਛਾ ਪ੍ਰਗਟ ਕਰ ਚੁੱਕੀ ਹੈ, ਇਸ ਨੂੰ ਲੈ ਕੇ ਕਿਸਾਨ ਨੇਤਾਵਾਂ ਨਾਲ ਮੁੱਖ ਮੰਤਰੀ ਨਾਲ ਮੀਟਿੰਗ ਵੀ ਹੋਈ ਸੀ। ਦੂਜੇ ਸੂਬਿਆਂ ਦੇ ਲਈ ਵੀ ਇਸ ਮਾਮਲੇ ਵਿੱਚ ਕੋਈ ਅੜਚਣ ਨਹੀਂ ਹੋ ਸਕਦੀ। ਅਸਲ ਵਿੱਚ ਅਸਲ ਰੁਕਾਵਟ ਘੱਟੋ ਘੱਟ ਸਮਰਥਨ ਮੁੱਲ ਨੂੰ ਲੈ ਕੇ ਹੈ। ਖੇਤੀ ਮੰਤਰੀ ਨੇ ਕਿਹਾ ਹੈ ਕਿ ਕਿਸਾਨ ਆਪਣੇ ਪੰਜ ਮੈਂਬਰਾਂ ਦੇ ਨਾਮ ਦੇਵੇ, ਸਰਕਾਰ ਇੱਕ ਕਮੇਟੀ ਬਣਾ ਕੇ ਐਮ ਐਸ ਪੀ ਦੇ ਮਸਲੇ ਨੂੰ ਸੁਲਝਾਉਣ ਦਾ ਯਤਨ ਕਰੇਗੀ। ਪਰ ਕਿਸਾਨ ਨੇਤਾਵਾਂ ਨੂੰ ਇਸ ਤਰ੍ਹਾਂ ਦੀ ਕਿਸੇ ਕਮੇਟੀ ਉਤੇ ਭਰੋਸਾ ਨਹੀਂ ਹੈ। ਉਹ ਆਪਣੇ ਸਾਹਮਣੇ ਕਾਨੂੰਨ ਬਣਦਾ ਦੇਖਣਾ ਚਾਹੁੰਦੇ ਹਨ। ਪਰ ਸਰਕਾਰ ਨੂੰ ਕੁੱਝ ਲੋਕਾਂ ਨੇ ਸਮਝਾ ਦਿੱਤਾ ਹੈ ਕਿ ਐਮ ਐਸ ਪੀ ਉਤੇ ਕਾਨੂੰਨ ਬਣ ਜਾਣ ਦੇ ਬਾਅਦ ਸਰਕਾਰੀ ਖਜ਼ਾਨੇ ਉਤੇ 70 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦਾ ਬੋਝ ਪਵੇਗਾ। ਜਦੋਂ ਤੱਕ ਇਸ ਭਰਮ ਨੂੰ ਦੂਰ ਨਹੀਂ ਕੀਤਾ ਜਾਂਦਾ ਅਤੇ ਐਮ ਐਸ ਪੀ ਦੀ ਲੋੜ ਨੂੰ ਠੀਕ ਤਰ੍ਹਾਂ ਨਾਲ ਨਹੀਂ ਸਮਝਿਆ ਜਾਂਦਾ, ਉਦੋਂ ਤੱਕ ਸਰਕਾਰ ਦੇ ਇਸ ਦਿਸ਼ਾ ਵਿੱਚ ਅੱਗੇ ਵਧਣ ਦੀ ਸੰਭਾਵਨਾ ਨਹੀਂ ਹੈ। ਸੰਯੁਕਤ ਕਿਸਾਨ ਮੋਰਚਾ ਨੇ ਜਿਨ੍ਹਾਂ ਪੰਜ ਨੇਤਾਵਾ ਨੂੰ ਸਰਕਾਰ ਨਾਲ ਗੱਲਬਾਤ ਲਈ ਚੁਣਿਆ ਹੈ, ਉਹ ਖੇਤੀ ਖੇਤਰ ਅਤੇ ਕਾਨੂੰਨੀ ਬਰੀਕੀਆਂ ਸਮਝਣ ਵਾਲੇ ਲੋਕ ਹਨ। ਹੋ ਸਕਦਾ ਹੈ ਕਿ ਉਹ ਸਰਕਾਰ ਨਾਲ ਗੱਲਬਾਤ ਦੇ ਲਈ ਬੈਠਣ ਅਤੇ ਦੋਨੋਂ ਪਾਸਿਓਂ ਇਸ ਲਚਕੀਲੇ ਰੁੱਖ ਅਤੇ ਖੁੱਲ੍ਹੇ ਮਨ ਨਾਲ ਗੱਲਬਾਤ ਹੋਵੇ ਤਾਂ ਕਈ ਗਤੀਰੋਧ ਸੁਲਝਣ ਅਤੇ ਕੋਈ ਉਸਾਰੂ ਰਸਤਾ ਖੁੱਲ੍ਹੇ। ਸਰਕਾਰ ਵੀ ਸ਼ਾਇਦ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੀ ਕਿ ਐਮ ਐਸ ਪੀ ਦਾ ਮੁੱਦਾ ਸੁਲਝਾਉਣਾ ਕਿਸਾਨਾਂ ਦੇ ਲਈ ਬਹੁਤ ਜ਼ਰੂਰੀ ਹੈ। ਇਸ ਸਰਕਾਰ ਦਾ ਵਾਅਦਾ ਵੀ ਰਿਹਾ ਹੈ ਕਿ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨੀ ਹੈ। ਪ੍ਰਧਾਨ ਮੰਤਰੀ ਪਹਿਲਾਂ ਖੁਦ ਐਮ ਐਸ ਪੀ ਨਾਲ ਸਬੰਧਤ ਕਮੇਟੀ ਵਿੱਚ ਸ਼ਾਮਲ ਰਹਿ ਚੁੱਕੇ ਹਨ। ਇਸ ਲਈ ਉਮੀਦ ਕੀਤੀ ਜਾ ਸਕਦੀ ਹੈ ਕਿ ਇਸ ਮਸਲੇ ਉਤੇ ਵੀ ਦੋਨੋਂ ਪੱਖਾਂ ਵਿਚਾਲੇ ਕੋਈ ਚੰਗੀ ਪਹਿਲ ਹੋ ਸਕਦੀ ਹੈ।

**ਸੁਖਜਿੰਦਰ ਸਮਰਾ**
**ਮੋ. 95835-92000**

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। - ਸੰਪਾਦਕ

# ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਮੋਦੀ ਸਰਕਾਰ ਦਾ ਗੈਰ-ਲੋਕਤੰਤਰੀ ਵਰਤਾਰਾ



**ਗੁਰਮੀਤ ਸਿੰਘ ਪਲਾਹੀ**

ਮੋਦੀ ਸਰਕਾਰ ਨੇ ਜਿਸ ਗੈਰ-ਲੋਕਤੰਤਰੀ ਢੰਗ ਤਰੀਕੇ ਨਾਲ ਸੂਬਿਆਂ ਦੀਆਂ ਸਰਕਾਰਾਂ ਦੀ ਸੰਘੀ ਘੁੱਟਕੇ ਤਿੰਨ ਕਾਲੇ ਕਾਨੂੰਨਾਂ ਦਾ ਆਰਡੀਨੈਂਸ ਕੋਵਿਡ ਮਹਾਂਮਾਰੀ ਦੇ ਦਿਨਾਂ 'ਚ ਲਿਆਂਦਾ, ਫਿਰ ਧੱਕੇ ਨਾਲ ਬਿੱਲ ਪਾਰਲੀਮੈਂਟ ਦੇ ਦੋਹਾਂ ਘਰਾਂ ਵਿੱਚ ਬਿਨ੍ਹਾਂ ਬਹਿਸ ਪਾਸ ਕਰਵਾਏ, ਦਿਨਾਂ 'ਚ ਹੀ ਰਾਸ਼ਟਰਪਤੀ ਤੋਂ ਮੋਹਰ ਲੁਆਕੇ ਕਾਨੂੰਨ ਬਣਾਏ, ਉਸੇ ਡਿਕਟੇਟਰਾਨਾ ਢੰਗ ਨਾਲ ਆਪਣੇ ਸੁਭਾਅ ਮੁਤਾਬਕ ਇਹ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਿਸ ਲੈ ਲਏ ਹਨ, ਵਿਰੋਧੀ ਧਿਰ ਨੂੰ ਬਹਿਸ ਦਾ ਮੌਕਾ ਹੀ ਨਹੀਂ ਦਿੱਤਾ। ਵਿਰੋਧੀ ਧਿਰ ਦੇ ਰੌਲੇ-ਰੱਪੇ ਨੂੰ ਠੱਲਣ ਲਈ 12 ਰਾਜ ਸਭਾ ਮੈਂਬਰ ਸਭਾ 'ਚੋ ਮੁਅੱਤਲ ਕਰ ਦਿੱਤੇ ਗਏ।

**ਗੈਰ-ਲੋਕਤੰਤਰੀ ਵਰਤਾਰਾ**

ਅਸਲ ਵਿੱਚ ਤਾਂ 2014 ਤੋਂ 2021 ਤੱਕ ਜਿੰਨੇ ਵੀ ਬਿੱਲ ਪਾਰਲੀਮੈਂਟ ਵਿੱਚ ਲਿਆਂਦੇ ਗਏ, ਲਗਭਗ 95 ਫ਼ੀਸਦੀ ਬਿਨ੍ਹਾਂ ਕਿਸੇ ਬਹਿਸ, ਬਿਨ੍ਹਾਂ ਪਾਰਲੀਮਾਨੀ ਕਮੇਟੀਆਂ ਦੇ ਵੇਖਣ-ਪਰਖਣ ਤੋਂ ਕਾਨੂੰਨ ਬਣਾ ਦਿੱਤੇ ਗਏ।

ਇੱਕ ਸੁਫ਼ਨੇ ਵਾਂਗਰ ਦੇਸ਼ ਦੇ ਬਾਦਸ਼ਾਹ" ਨੇ ਨੋਟਬੰਦੀ ਕੀਤੀ, ਦੇਸ਼ ਦੀ ਆਰਥਿਕਤਾ ਦਾ ਬੇੜਾ ਗਰਕ ਕੀਤਾ। 'ਇੱਕ ਦੇਸ਼ ਇੱਕ ਟੈਕਸ' ਦੀ ਬਾਤ ਪਾਉਂਦਿਆਂ ਜੀ.ਐਸ.ਟੀ. ਰਾਤੋ-ਰਾਤ ਲਿਆਕੇ ਵਪਾਰੀਆਂ ਦਾ ਗਲ ਘੁੱਟਿਆ, ਇਸ ਕਾਨੂੰਨ ਵਿੱਚ ਬਾਅਦ 'ਚ 150 ਸੋਧਾਂ ਕਰਨੀਆਂ ਪਈਆਂ। ਸੰਵਿਧਾਨ ਦੀ 370 ਧਾਰਾ ਖਤਮ ਕਰਕੇ ਕਸ਼ਮੀਰੀ ਲੋਕਾਂ ਦੇ ਹੱਕਾਂ ਦਾ ਘਾਣ ਕੀਤਾ। ਜੰਮੂ- ਕਸ਼ਮੀਰ ਦੇ ਟੋਟੇ-ਟੋਟੇ ਕਰਕੇ ਇੱਕ ਵੱਖਰਾ ਸੰਦੇਸ਼ ਦਿੱਤਾ ਕਿ ਹਾਕਮਾਨਾ ਢੰਗ ਨਾਲ ਇਹ ਸਰਕਾਰ ਕਿਸੇ 'ਤੇ ਵੀ ਜ਼ੁਲਮ-ਜ਼ਬਰ ਢਾਅ ਸਕਦੀ ਹੈ ਅਤੇ ਇਹ ਵੀ ਕਿ ਹਿੰਦੋਸਤਾਨ ਵਿੱਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ।

**ਕੀ ਕਹਿੰਦਾ ਹੈ ਭਾਰਤੀ ਸੰਵਿਧਾਨ ?**

ਭਾਰਤੀ ਸੰਵਿਧਾਨ ਅਨੁਸਾਰ ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੈ। ਸੰਵਿਧਾਨ ਦੇ ਆਰਟੀਕਲ 246 ਦੀ ਧਾਰਾ 14 ਅਨੁਸਾਰ ਖੇਤੀਬਾੜੀ ਸਬੰਧੀ ਕਾਨੂੰਨ ਬਨਾਉਣਾ ਸੂਬਿਆਂ ਦਾ ਅਧਿਕਾਰ ਹੈ ਪਰ ਕੇਂਦਰ ਸਰਕਾਰ ਨੇ ਧੱਕੇ ਨਾਲ ਸੂਬਿਆਂ ਦੇ ਹੱਕਾਂ ਦਾ ਹਨਨ ਕਰਕੇ, ਉਹਨਾ ਦੇ ਹੱਕਾਂ 'ਤੇ ਡਾਕਾ ਮਾਰਕੇ ਪਾਰਲੀਮੈਂਟ 'ਚ ਬਿੱਲ ਲਿਆਕੇ ਖੇਤੀ ਕਾਨੂੰਨ ਪਾਸ ਕਰਵਾ ਲਏ। ਭਾਰਤੀ ਸੰਵਿਧਾਨ ਦੇ ਆਰਟੀਕਲ 246 ਅਨੁਸਾਰ ਕਾਨੂੰਨ ਬਨਾਉਣ ਲਈ ਕੇਂਦਰੀ ਲਿਸਟ, ਸੂਬਿਆਂ ਦੀ ਲਿਸਟ ਅਤੇ ਤੀਸਰੀ ਸੂਬਿਆਂ ਅਤੇ ਕੇਂਦਰ ਦੀ ਸਾਂਝੀ ਕਾਨਕਰੰਟ ਲਿਸਟ ਤਹਿ ਕੀਤੀ ਗਈ ਹੈ। ਇਹਨਾ ਤਿੰਨਾਂ ਲਿਸਟਾਂ ਵਿੱਚ ਖੇਤੀਬਾੜੀ ਦਾ ਜ਼ਿਕਰ ਸ਼ਡਿਊਲਡ 7 ਅਧੀਨ 12 ਵੇਰ ਕੀਤਾ ਗਿਆ ਹੈ। ਪਰ ਪਾਰਲੀਮੈਂਟ ਦੀ ਧਾਰਾ 245, 246 ਅਨੁਸਾਰ ਪਾਰਲੀਮੈਂਟ ਨੂੰ ਖੇਤੀ ਖੇਤਰ, ਖੇਤੀਬਾੜੀ ਸਬੰਧੀ ਕਾਨੂੰਨ ਵਿਵਸਥਾ ਦਾ ਕੋਈ ਹੱਕ ਨਹੀਂ ਹੈ।

**ਪਾਰਲੀਮੈਂਟ 'ਚ ਬਹਿਸ ਤੋਂ ਭੱਜੀ ਸਰਕਾਰ**

'ਚਿੜੀਓ ਜੀ ਪਓ, ਚਿੜੀਓ ਮਰ ਜਾਓ' ਦਾ ਵਰਤਾਰਾ ਮੋਦੀ ਸਰਕਾਰ ਨੇ ਸਿਰਫ਼ ਖੇਤੀ ਕਾਨੂੰਨ ਕਾਹਲੀ ਨਾਲ ਪਾਸ ਕਰਨ ਤੇ ਰੱਦ ਕਰਨ ਸਬੰਧੀ ਹੀ ਨਹੀਂ ਕੀਤਾ ਸਗੋਂ ਹੋਰ ਮਾਮਲਿਆਂ ਅਤੇ ਦੇਸ਼ ਦੀਆਂ ਖ਼ੁਦਮੁਖਤਿਆਰ ਸੰਸਥਾਵਾਂ ਦਾ ਗਲ ਘੁੱਟ ਕੇ ਉਹਨਾ ਨੂੰ ਆਪਣੇ ਤੋਤੇ ਦਾ ਪਿੰਜਰਾ ਬਣਾ ਕੇ ਵੀ ਕੀਤਾ ਹੈ। ਹੁਣ ਵੀ ਭਾਵੇਂ ਪ੍ਰਧਾਨ ਮੰਤਰੀ ਨੇ ਦੇਸ਼ ਦੇ ਕਿਸਾਨਾਂ ਤੋਂ ਮੁਆਫ਼ੀ ਮੰਗੀ ਹੈ ਪਰ ਉਸ ਦੇ ਇਹ ਸ਼ਬਦ ਕਿ ਉਹਨਾ ਨੇ ਤਾਂ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਲਾਗੂ ਕੀਤੇ ਸਨ, ਜਿਸਨੂੰ ਕੁਝ ਕਿਸਾਨਾਂ ਪ੍ਰਵਾਨ ਨਹੀਂ ਕੀਤਾ। ਉਸਦੇ ਖੇਤੀ ਮੰਤਰੀ ਨੇ ਪਾਰਲੀਮੈਂਟ ਦੇ ਵਿੱਚ ਖੇਤੀ ਕਾਨੂੰਨਾਂ 'ਤੇ ਬਹਿਸ ਹੀ ਨਹੀਂ ਹੋਣ ਦਿੱਤੀ, ਕਿਉਂਕਿ ਉਥੇ ਇਹ ਮਸਲਾ ਉਠਣਾ ਸੀ ਕਿ ਇੱਕ ਸਾਲ ਦੇ ਸਮੇਂ ਦੇ ਕਿਸਾਨ ਸੰਘਰਸ਼ ਦੌਰਾਨ ਲਗਭਗ 700 ਸ਼ਹੀਦ ਹੋਏ ਕਿਸਾਨਾਂ ਦਾ ਜ਼ੁੰਮੇਵਾਰ ਕੌਣ ਹੈ ?ਹੈਰਾਨੀ ਦੀ ਗੱਲ ਹੈ ਕਿ ਦੇਸ਼ ਦਾ ਖੇਤੀ ਮੰਤਰੀ ਦੇਸ਼ ਦੀ ਪਾਰਲੀਮੈਂਟ ਵਿੱਚ ਐਲਾਨ ਕਰਦਾ ਹੈ ਕਿ ਸਰਕਾਰ ਕੋਲ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਸਬੰਧੀ ਅੰਕੜੇ ਹੀ ਨਹੀਂ ਹਨ। ਇਸ ਸਮੇਂ ਦੌਰਾਨ ਜੋ ਸਰਕਾਰੀ ਸਾਜ਼ਿਸ਼ਾਂ ਇਸ ਅੰਦੋਲਨ ਨੂੰ ਖ਼ਤਮ ਕਰਨ ਲਈ ਹੋਈਆਂ, ਪੰਜਾਬ, ਹਰਿਆਣਾ, ਯੂ.ਪੀ. ਦੀ ਆਰਥਿਕਤਾ ਦਾ ਜੋ ਉਜਾੜਾ ਇਸ ਅੰਦੋਲਨ ਕਾਰਨ ਹੋਇਆ ਅਤੇ ਜਿਸ ਕਿਸਮ ਦਾ ਅਣ-ਮਨੁੱਖੀ ਵਰਤਾਰਾ ਅਤੇ ਜ਼ਿੱਦੀ ਵਤੀਰਾ ਅੰਦੋਲਨ ਦੌਰਾਨ ਸਰਕਾਰ ਵਲੋਂ ਅਪਨਾਇਆ ਗਿਆ ਉਸ ਲਈ ਸਰਕਾਰ ਨੂੰ ਕਟਹਿਰੇ ਵਿੱਚ ਖੜੇ ਹੋਣਾ ਪੈਣਾ ਸੀ। ਦੇਸ਼ ਦੇ ਵੱਡੀ ਗਿਣਤੀ ਕਿਸਾਨ ਸਿੰਘੂ ਅਤੇ ਟਿਕਰੀ ਅਤੇ ਹੋਰ ਬਾਰਡਰਾਂ 'ਤੇ ਜਿਵੇਂ ਖੁਲ੍ਹੀ ਜੇਲ੍ਹ ਵਿੱਚ ਡੱਕ ਦਿੱਤੇ ਗਏ ਸਨ, ਉਹ ਮਨੁੱਖੀ ਅਧਿਕਾਰਾਂ ਦੀ ਸ਼ਰੇਆਮ ਉਲੰਘਣਾ ਸੀ, ਜਿਸਦੀ ਚਰਚਾ ਅੰਤਰਰਾਸ਼ਟਰੀ ਪੱਧਰ 'ਤੇ ਵੀ ਹੋਈ ਅਤੇ ਕਈ ਦੇਸ਼ਾਂ ਦੀਆਂ ਪਾਰਲੀਮੈਂਟਾਂ ਅਤੇ ਯੂ.ਐਨ.ਓ. 'ਚ ਵੀ ਹੋਈ। ਅੰਦੋਲਨ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨਾਂ ਵਿਰੁੱਧ ਕੇਸ ਦਰਜ਼ ਕੀਤੇ ਗਏ,ਜਿਸਦੀ ਸਰਕਾਰ ਨੇ ਕਦੇ ਪ੍ਰਵਾਹ ਨਹੀਂ ਕੀਤੀ ਪਰ ਅੰਤ ਵਿੱਚ ਵੋਟਾਂ ਦੀ ਰਾਜਨੀਤੀ ਕਰਦਿਆਂ ਬਹੁਤ ਹੀ ਕਲਿਹਣੇ ਅਤੇ ਸ਼ਾਤਰ ਢੰਗ ਨਾਲ ਮੋਦੀ ਸਰਕਾਰ ਨੇ ਪੰਜਾਬ, ਯੂ.ਪੀ. ਦੀਆਂ ਚੋਣਾਂ ਜਿੱਤਣ ਲਈ ਇਸ ਖੇਤੀ ਕਾਨੂੰਨ ਰੱਦ ਕਰਨ ਦੇ ਐਲਾਨ ਨੂੰ ਵਰਤਣ ਦਾ ਯਤਨ ਕੀਤਾ ਹੈ, ਉਹ ਸ਼ਰਮਨਾਕ ਹੈ।

**ਕਾਰਪੋਰੇਟਾਂ ਹੱਥ ਕੁੰਜੀ**

ਦੇਸ਼ ਦੇ ਕਾਰਪੋਰੇਟ ਸੈਕਟਰ ਦੀਆਂ ਝੋਲੀਆਂ ਭਰਨ ਅਤੇ ਕਿਸਾਨਾਂ ਨੂੰ ਜ਼ਮੀਨੋਂ ਨਿਹੱਥੇ ਕਰਨ ਦੀਆਂ ਸਾਜ਼ਿਸ਼ਾਂ ਚਿਰਾਂ ਤੋਂ ਹੀ ਮੌਜੂਦਾ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਹਨ। ਬੀਜ-ਬਿੱਲ 2019, ਖੇਤੀ ਦੀ ਬੁਨਿਆਦ ਬੀਜਾਂ ਉਤੇ, ਕਾਰਪੋਰੇਟ ਦਾ ਏਕਾਧਿਕਾਰ ਸਾਧਿਆ ਗਿਆ ਹੈ, ਜਿਸ ਨਾਲ ਕਿਸਾਨਾਂ ਦੇ ਅਧਿਕਾਰ ਕਮਜ਼ੋਰ ਹੋਏ ਹਨ ਅਤੇ ਕਾਰਪੋਰੇਟ ਦਾ ਕੰਟਰੋਲ ਬੀਜਾਂ ਉਤੇ ਵਧਿਆ ਹੈ। ਚਾਰ ਮੁੱਖ ਐਗਰੋ ਕੈਮੀਕਲ ਕਾਰਪੋਰੇਸ਼ਨਾਂ ਦਾ ਬੀਜਾਂ 'ਤੇ ਕਬਜ਼ਾ ਕਰਵਾ ਦਿੱਤਾ ਗਿਆ ਹੈ। ਵੱਡੀਆਂ ਕੈਮੀਕਲ ਕੰਪਨੀਆਂ ਨੇ ਛੋਟੀਆਂ ਕੰਪਨੀਆਂ ਨੂੰ ਖ਼ਰੀਦ ਕੇ ਆਪਣੇ ਅੰਦਰ ਜਜ਼ਬ ਕਰ ਲਿਆ ਹੈ। ਕਾਰਪੋਰੇਸ਼ਨ ਕੰਪਨੀਆਂ ਦਾ ਕੰਟਰੋਲ ਵਧਣ ਨਾਲ ਬੀਜਾਂ ਦੀਆਂ ਕੀਮਤਾਂ ਅਸਮਾਨੇ ਛੋਹ ਗਈਆਂ ਹਨ ਅਤੇ ਉਹਨਾ ਜੈਵ ਵੰਨ-ਸੁਵੰਨਤਾ ਅਤੇ ਕਿਸਾਨਾਂ ਦੀ ਬੀਜ ਸੰਪੂਰਣਤਾ ਤਬਾਹ ਕਰ ਦਿੱਤੀ ਹੈ। ਕਿਸਾਨਾਂ ਨੂੰ ਹਰ ਸੀਜ਼ਨ ਵਿੱਚ ਮਹਿੰਗੇ ਬੀਜ ਖਰੀਦਣੇ ਪੈਂਦੇ ਹਨ। ਇੰਜ ਖੇਤੀ ਨਿੱਤ ਮਹਿੰਗੀ ਹੋਣਾ ਕਿਸਾਨਾਂ ਦੀ ਆਰਥਿਕਤਾ 'ਚ ਨਿਘਾਰ ਦਾ ਵਿਸ਼ੇਸ਼ ਕਾਰਨ ਬਣਿਆ ਹੈ।

**ਆਰਥਿਕਤਾ 'ਚ ਨਿਘਾਰ**

ਇੱਕ ਸਰਵੇਖਣ ਦੇਸ਼ ਦੇ ਕਿਸਾਨਾਂ ਦੀ ਨਿੱਘਰ ਰਹੀ ਆਰਥਿਕਤਾ ਨੂੰ ਉਜਾਗਰ ਕਰਦਾ ਹੈ ਅਤੇ ਦਰਸਾਉਂਦਾ ਹੈ ਕਿ

(ੳ) ਫ਼ਸਲਾਂ ਦੀ ਉਤਪਾਦਕਤਾ ਵਿੱਚ ਤਕਰੀਬਨ ਖੜੋਤ ਅਤੇ ਜਿਣਸਾਂ ਦੇ ਅਣਲਾਹੇਬੰਦ ਭਾਅ ਕਾਰਨ ਖੇਤੀ ਦੀ ਵਿਵਹਾਰਕਤਾ ਖ਼ਤਮ ਹੋ ਰਹੀ ਹੈ।

(ਅ) ਛੋਟੇ ਕਿਸਾਨ ਆਪਣੀ ਜ਼ਮੀਨ ਠੇਕੇ ਤੇ ਦੇ ਰਹੇ ਹਨ ਅਤੇ ਖੇਤ ਮਜ਼ਦੂਰਾਂ ਵਿੱਚ ਤਬਦੀਲ ਹੋ ਰਹੇ ਹਨ।

(ੲ) ਪਸ਼ੂ ਪਾਲਣ ਅਤੇ ਗੈਰ-ਖੇਤੀ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ ਕਮਾਈ ਦੇ ਸਾਧਨਾਂ ਵਿੱਚ ਵਿਭਿੰਨਤਾ ਲਿਆਉਣ ਦੇ ਯਤਨਾਂ ਦੀ ਸਫ਼ਲਤਾ ਸੀਮਤ ਰਹੀ ਹੈ।

(ਸ) ਛੋਟੇ ਜ਼ਿਮੀਦਾਰਾਂ ਨੂੰ ਸੰਸਥਾਗਤ ਕ੍ਰੇਡਿਟ ਪ੍ਰਵਾਹ ਘੱਟ ਗਿਆ ਹੈ।

ਰਿਪੋਰਟ ਨੇ ਸੁਝਾਅ ਦਿੱਤਾ ਹੈ ਕਿ ਸਰਕਾਰ ਨੂੰ ਹੁਣ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਬਿਆਨਬਾਜੀ ਨੂੰ ਪਾਸੇ ਰੱਖਕੇ ਫ਼ਸਲਾਂ ਦੀ ਉਤਪਾਦਕਤਾ, ਲਾਹੇਬੰਦ ਭਾਅ ਅਤੇ ਖੇਤੀ ਦੀ ਵਿਵਹਾਰਕਤਾ ਨੂੰ ਸੁਧਾਰਨ 'ਤੇ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਅਤੇ ਇਹ ਵੀ ਕਿ ਇਕੱਤਰ ਅੰਕੜਿਆਂ ਦੇ ਅਧਾਰ 'ਤੇ ਸਰਕਾਰ ਨੂੰ ਸਥਾਨ ਵਿਸ਼ੇਸ਼ ਅਤੇ ਛੋਟੇ ਅਤੇ ਸੀਮਾਂਤ ਕਿਸਾਨ ਵਿਸ਼ੇਸ਼ ਨੀਤੀਆਂ ਬਨਾਉਣ ਦੀ ਲੋੜ ਹੈ। ਲੋੜ ਇਸ ਗੱਲ ਦੀ ਵੀ ਹੈ ਕਿ ਛੋਟੀਆਂ ਜੋਤਾਂ ਦੀ ਖੇਤੀ ਨੂੰ ਲਾਹੇਬੰਦ ਕਿਵੇਂ ਬਣਾਇਆ ਜਾਵੇ ? ਇਹ ਵੀ ਵੇਖਿਆ ਜਾਵੇ ਕਿ ਵਿਸ਼ਵ ਵਪਾਰ ਸੰਗਠਨ ਅਧੀਨ ਪ੍ਰਤੀਬੱਧਤਾਵਾਂ ਦੀ ਉਲੰਘਣਾ ਕੀਤੇ ਬਗੈਰ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਕਿਵੇਂ ਦਿੱਤੀ ਜਾ ਸਕਦੀ ਹੈ ? ਤੇ ਕਿਵੇਂ ਡਾ: ਐਸ.ਐਸ, ਸਵਾਮੀਨਾਥਨ ਦੀ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀ ਰਿਪੋਰਟ ਲਾਗੂ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਰਿਵਾਇਤੀ ਖੇਤੀ ਦੇ ਗਿਆਨ ਅਤੇ ਉਪਲੱਬਧ ਜੈਵਿਕ ਵੰਨ-ਸੁਵੰਨਤਾ ਦਾ ਇਸਤੇਮਾਲ ਕਰਕੇ, ਖੇਤੀ ਦੇ ਉਤਪਾਦਕ ਢਾਂਚੇ 'ਚ ਕਿਵੇਂ ਵਾਧਾ ਕੀਤਾ ਜਾ ਸਕਦਾ ਹੈ ਤੇ ਕਿਹੜੇ ਢੰਗ ਤਰੀਕੇ ਅਪਨਾਏ ਜਾ ਸਕਦੇ ਹਨ, ਜੋ ਵਾਤਾਵਰਨ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ।

**ਸਰਕਾਰ ਦੀ ਧੱਕੇਸ਼ਾਹੀ**

ਪਰ ਇਹਨਾ ਸਾਰੀਆਂ ਸੰਭਾਵਨਾਵਾਂ ਤੇ ਰਿਪੋਰਟਾਂ ਨੂੰ ਅੱਖੋਂ-ਪਰੋਖੇ ਕਰਦਿਆਂ ਮੋਦੀ ਸਰਕਾਰ ਨੇ ਜ਼ਿੱਦੀ ਅਤੇ ਅੱਖੜ ਰਵੱਈਆ ਅਖ਼ਤਿਆਰ ਕਰਦਿਆਂ, ਵਿਸ਼ਵ ਵਪਾਰ ਸੰਗਠਨ ਅਧੀਨ ਪ੍ਰਤੀਬੱਧਤਾਵਾਂ ਦੀ ਉਲੰਘਣਾ ਦੇ ਡਰੋਂ ਕਾਰਪੋਰੇਟ ਸੈਕਟਰ ਦਾ ਹੱਥ ਠੋਕਾ ਬਣਕੇ ਤਿੰਨ ਖੇਤੀ ਕਾਲੇ ਕਾਨੂੰਨ ਜਿਹਨਾ ਵਿੱਚ ਪਹਿਲਾ ਖੇਤੀ ਉਪਜ ਵਪਾਰ ਅਤੇ ਵਣਜ ਅਧਿਨਿਯਮ-2020 (The Farmers' Produce Trade and Commerce (Promotion and Facilitation) Act, 2020 ਦੂਸਰਾ ਖੇਤੀ (ਸਸ਼ਕਤੀਕਰਨ ਅਤੇ ਸੰਰਕਸ਼ਨ) ਕੀਮਤ ਆਸ਼ਵਾਸ਼ਨ ਅਤੇ ਖੇਤੀ ਸੇਵਾ ਉਤੇ ਕਰਾਰ ਅਧਿਨਿਯਮ 2020 (The Farmers Empowerment and Protection Agreement on Price Assurance and Farm services Act ,2020 ) ਅਤੇ ਤੀਜਾ ਜ਼ਰੂਰੀ ਵਸਤਾ ਸੰਸ਼ੋਧਨ ਅਧਿਨਿਯਮ 2020 (The Essential Commodities (Amendment) Act, 2020) ਸ਼ਾਮਲ ਸਨ, ਖੇਤੀ ਕਾਨੂੰਨ ਪਾਸ ਕਰਨ ਦਾ ਅਧਿਕਾਰ ਨਾ ਹੁੰਦਿਆਂ ਵੀ ਪਾਸ ਕਰ ਦਿੱਤੇ।

ਖੇਤੀ ਉਪਜ ਵਪਾਰ ਅਤੇ ਵਣਜ ਅਧਿਨਿਯਮ 2020 ਦੇ ਤਹਿਤ ਦੇਸ਼ ਦੇ ਕਿਸਾਨਾਂ ਨੂੰ ਉਹਨਾ ਦੀ ਉਪਜ ਵੇਚਣ ਦੇ ਲਈ ਅਧਿਕ ਵਿਕਲੱਪ ਮੁਹੱਈਆ ਕਰਾਉਣਾ ਮੁੱਖ ਉਦੇਸ਼ ਸੀ, ਇਹ ਕਾਨੂੰਨ ਦੇਸ਼ ਦੇ ਕਿਸਾਨਾਂ ਨੂੰ ਅੱਛੀ ਕੀਮਤ ਉਤੇ ਆਪਣੀ ਫ਼ਸਲ ਵੇਚਣ ਦੀ ਆਜ਼ਾਦੀ ਦਿੰਦੀ ਹੈ, ਇਸ ਤੋਂ ਬਿਨ੍ਹਾਂ ਇਹ, ਸੂਬਾ ਸਰਕਾਰਾਂ ਨੂੰ ਮੰਡੀ ਤੋਂ ਬਾਹਰ ਹੋਣ ਵਾਲੀ ਉਪਜ ਦੀ ਖ਼ਰੀਦੋ-ਫ਼ਰੋਖਤ ਉਤੇ ਟੈਕਸ ਵਸੂਲਣ ਤੋਂ ਰੋਕ ਲਗਾਉਂਦਾ ਸੀ। ਇਸ ਕਾਨੂੰਨ ਦੇ ਤਹਿਤ ਕਿਸਾਨ ਆਪਣੀ ਫ਼ਸਲ ਨੂੰ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਕਿਸੇ ਵੀ ਵਿਅਕਤੀ, ਦੁਕਾਨਦਾਰ ਸੰਸਥਾ ਆਦਿ ਨੂੰ ਵੇਚ ਸਕਦੇ ਹਨ, ਇੰਨਾ ਹੀ ਨਹੀਂ, ਕਿਸਾਨ ਆਪਣੀ ਉਪਜ ਦੀ ਕੀਮਤ ਵੀ ਖ਼ੁਦ ਤਹਿ ਕਰ ਸਕਦੇ ਹਨ। ਖੇਤੀ(ਸਸ਼ਕਤੀਕਰਨ ਅਤੇ ਸੰਰਕਸ਼ਣ) ਕੀਮਤ ਆਸ਼ਵਾਸ਼ਨ ਅਤੇ ਖੇਤੀ ਸੇਵਾ ਉਤੇ ਕਰਾਰ ਅਧਿਨਿਯਮ ਦੇ ਤਹਿਤ ਦੇਸ਼ ਭਰ ਦੇ ਕਿਸਾਨ ਬਿਜਾਈ ਤੋਂ ਪਹਿਲਾਂ ਹੀ ਤਹਿ ਮਾਣਕਾਂ ਅਤੇ ਤਹਿ ਕੀਮਤ ਦੇ ਹਿਸਾਬ ਵਿੱਚ ਆਪਣੀ ਫ਼ਸਲ ਵੇਚ ਸਕਦੇ ਸਨ, ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਇਹ ਕਾਨੂੰਨ ਕਾਰਪੋਰੇਟ ਫਾਰਮਿੰਗ ਨਾਲ ਜੁੜਿਆ ਹੈ। ਇਸ ਕਾਨੂੰਨ ਨੂੰ ਲੈ ਕੇ ਸਰਕਾਰ ਦਾ ਕਹਿਣਾ ਹੈ ਕਿ ਇਸਦੇ ਜ਼ਰੀਏ ਕਿਸਾਨਾਂ ਨੂੰ ਨੁਕਸਾਨ ਦਾ ਜ਼ੋਖ਼ਮ ਘੱਟ ਹੋਏਗਾ। ਇਸ ਤੋਂ ਬਿਨ੍ਹਾਂ ਉਹਨਾ ਨੂੰ ਫ਼ਸਲ ਤਿਆਰ ਹੋਣ ਤੋਂ ਬਾਅਦ ਖ਼ਰੀਦਦਾਰਾਂ ਨੂੰ ਥਾਂ-ਥਾਂ ਜਾਕੇ ਲੱਭਣ ਦੀ ਵੀ ਲੋੜ ਨਹੀਂ ਹੋਏਗੀ, ਇੰਨਾ ਹੀ ਨਹੀਂ, ਇਸਦੇ ਜ਼ਰੀਏ ਦੇਸ਼ ਦਾ ਕਿਸਾਨ ਬਰਾਬਰੀ ਦੇ ਅਧਾਰ ਉਤੇ ਨਾ ਸਿਰਫ਼ ਖ਼ਰੀਦਦਾਰ ਲੱਭਣ ਦੇ ਸਮਰੱਥ ਹੋਏਗਾ ਬਲਕਿ ਉਸਦੀ ਪਹੁੰਚ ਵੱਡੇ ਕਾਰੋਬਾਰੀਆਂ ਅਤੇ ਨਿਰਯਾਤਕਾਂ ਤੱਕ ਵੱਧ ਜਾਏਗੀ।

ਜ਼ਰੂਰੀ ਵਸਤਾਂ ਸੰਸ਼ੋਧਨ ਬਿੱਲ 2020 ਫ਼ਸਲਾਂ ਦੇ ਭੰਡਾਰਣ ਅਤੇ ਫਿਰ ਉਸਦੀ ਕਾਲਾ ਬਜ਼ਾਰੀ ਨੂੰ ਰੋਕਣ ਲਈ ਸਰਕਾਰ ਨੇ ਪਹਿਲਾਂ Essential Commodity Act, 1955 ਬਣਾਇਆ ਸੀ, ਇਸਦੇ ਤਹਿਤ ਵਪਾਰੀ ਇੱਕ ਸੀਮਤ ਮਾਤਰਾ ਵਿੱਚ ਹੀ ਕਿਸੇ ਵੀ ਖੇਤੀ ਉਪਜ ਦਾ ਭੰਡਾਰਣ ਕਰ ਸਕਦੇ ਸਨ, ਉਹ ਤੈਹ ਕੀਤੀ ਸੀਮਾ ਤੋਂ ਵੱਧਕੇ ਕਿਸੇ ਵੀ ਫ਼ਸਲ ਦਾ ਸਟਾਕ ਨਹੀਂ ਰੱਖ ਸਕਦੇ ਸਨ। ਨਵੇਂ ਖੇਤੀ ਕਾਨੂੰਨਾਂ ਵਿੱਚ ਜ਼ਰੂਰੀ ਵਸਤਾਂ ਸੰਸ਼ੋਧਨ ਅਧਿਨਿਯਮ-2020 ਦੇ ਤਹਿਤ ਅਨਾਜ਼ , ਦਾਲਾਂ, ਤਿਲਹਨ, ਖਾਣ ਵਾਲੇ ਤੇਲ, ਪਿਆਜ਼ ਅਤੇ ਆਲੂ ਜਿਹੀਆਂ ਕਈ ਫ਼ਸਲਾਂ ਨੂੰ ਜ਼ਰੂਰੀ ਵਸਤੂਆਂ ਦੀ ਲਿਸਟ ਤੋਂ ਬਾਹਰ ਕਰ ਦਿੱਤਾ ਗਿਆ। ਸਰਕਾਰ ਨੇ ਕਿਹਾ ਹੈ ਕਿ ਰਾਸ਼ਟਰੀ ਆਪਦਾ, ਅਕਾਲ ਜਾਂ ਇਹੋ ਜਿਹੀ ਕਿਸੇ ਵੀ ਉਲਟ ਹਾਲਤ ਦੇ ਦੌਰਾਨ ਉਹਨਾ ਵਸਤੂਆਂ ਦੇ ਭੰਡਾਰਣ ਉਤੇ ਕੋਈ ਸੀਮਾ ਨਹੀਂ ਲੱਗੇਗੀ।

**ਕਾਨੂੰਨਾਂ ਦੇ ਸਮਾਜ 'ਤੇ ਪ੍ਰਭਾਵ**

ਇਹਨਾ ਖੇਤੀ ਕਾਨੂੰਨਾਂ ਦੀ ਸਮੱਸਿਆ ਸਿਰਫ਼ ਕਿਸਾਨਾਂ ਦੀ ਨਹੀਂ ਸੀ। ਸਗੋਂ ਇਹ ਸਧਾਰਨ ਜਨ-ਮਾਨਸ ਉਤੇ ਵੀ ਪ੍ਰਭਾਵ ਪਾਉਣ ਵਾਲੇ ਸਨ ਅਤੇ ਉਹਨਾ ਲਈ ਵੱਡੀ ਚਣੌਤੀ ਸਨ। ਪਹਿਲਾ ਕਨੂੰਨ, (ਖੇਤੀ ਉਪਜ ਵਪਾਰ ਅਤੇ ਵਣਜ ਕਾਨੂੰਨ 2020) ਨੇੜੇ ਭਵੀੱਖ ਵਿੱਚ ਸਰਕਾਰੀ ਖੇਤੀ ਮੰਡੀਆਂ ਦੀ ਪ੍ਰਸੰਗਿਕਤਾ ਨੂੰ ਸਿਫ਼ਰ ਕਰਨ ਵਾਲਾ ਸੀ। ਸਰਕਾਰ ਨਿੱਜੀ ਖੇਤਰ ਨੂੰ ਬਿਨ੍ਹਾਂ ਕਿਸੇ ਰਜਿਸਟ੍ਰੇਸ਼ਨ ਅਤੇ ਬਿਨ੍ਹਾਂ ਕਿਸੇ ਜਵਾਬਦੇਹੀ ਦੇ ਖੇਤੀ ਉਪਜ ਦੀ ਖ਼ਰੀਦੋ-ਫ਼ਰੋਖਤ ਦੀ ਖੁਲ੍ਹੀ ਛੁੱਟੀ ਦੇ ਰਹੀ ਸੀ, ਇਸ ਕਾਨੂੰਨ ਦੀ ਆੜ ਵਿੱਚ ਸਰਕਾਰ ਨੇੜੇ ਭਵਿੱਖ ਵਿੱਚ ਖ਼ੁਦ ਜ਼ਿਆਦਾ ਅਨਾਜ਼ ਦਾ ਖ਼ਰੀਦਣ ਦੀ ਯੋਜਨਾ ਉਤੇ ਕੰਮ ਕਰ ਰਹੀ ਸੀ, ਸਰਕਾਰ ਚਾਹੁੰਦੀ ਸੀ ਕਿ ਜ਼ਿਆਦਾ ਤੋਂ ਜ਼ਿਆਦਾ ਖੇਤੀ ਉਪਜ ਦੀ ਖ਼ਰੀਦਦਾਰੀ ਨਿੱਜੀ ਖੇਤਰ ਹੱਥ ਹੋਵੇ ਤਾਂ ਕਿ ਇਹ ਆਪਣੇ ਭੰਡਾਰਣ ਅਤੇ ਵੰਡ ਪ੍ਰਣਾਲੀ ਦੀ ਜਵਾਬਦੇਹੀ ਤੋਂ ਬਣ ਸਕੇ। ਜ਼ਰਾ ਸੋਚੋ ਕਿ ਜੇਕਰ ਨੇੜ ਭਵਿੱਖ ਵਿੱਚ ਕੋਈ ਕਰੋਨਾ ਜਿਹੀ ਮਹਾਂਮਾਰੀ ਅਤੇ ਇਹੋ ਜਿਹੇ ਕਿਸੇ ਹੋਰ ਆਪਦਾ ਦੀ ਸਥਿਤੀ ਦਾ ਸਾਹਮਣਾ ਕਰਨਾ ਪਵੇ ਤਾਂ ਉਸ ਦੌਰਾਨ ਸਰਕਾਰ ਖ਼ੁਦ ਲੋਕਾਂ ਨੂੰ ਬੁਨਿਆਦੀ ਖਾਣ ਵਾਲੀ ਸਮੱਗਰੀ ਉਪਲੱਬਧ ਕਰਾਉਣ ਲਈ ਨਿੱਜੀ ਖੇਤਰ ਤੋਂ ਖਰੀਦਦਾਰੀ ਕਰੇਗੀ, ਹਾਲਾਂਕਿ ਹੁਣ ਆਪਣੇ ਵੱਡੇ ਐਫ.ਸੀ.ਆਈ. ਗੋਦਾਮ ਤੋਂ ਲੋਕਾਂ ਨੂੰ ਮੁਫ਼ਤ ਵਿੱਚ ਉਪਲੱਬਧ ਕਰਾਇਆ ਜਾ ਰਿਹਾ ਹੈ। ਇਸਦੇ ਨਾਲ ਹੀ ਸਰਕਾਰੀ ਖੇਤੀ ਮੰਡੀਆਂ ਦੇ ਸਮਾਨੰਤਰ ਅਨਾਜ਼ ਸ਼ਰਤਾਂ ਉਤੇ ਖੜਾ ਕੀਤਾ ਜਾਣ ਵਾਲਾ ਨਵਾਂ ਬਜ਼ਾਰ ਉਸਦੀ ਪ੍ਰਸੰਗਿਕਤਾ ਨੂੰ ਖ਼ਤਮ ਕਰ ਜਾਏਗਾ ਅਤੇ ਜਿਉਂ ਹੀ ਸਰਕਾਰੀ ਮੰਡੀਆਂ ਦੀ ਪ੍ਰਸੰਗਕਤਾ ਖ਼ਤਮ ਹੋਏਗੀ, ਠੀਕ ਉਸੇ ਦੇ ਨਾਲ ਘੱਟੋ-ਘੱਟ ਸਮਰੱਥਨ ਮੁੱਲ (ਐਮ.ਐਸ.ਸੀ.) ਦਾ ਸਿਧਾਂਤ ਵੀ ਪ੍ਰਭਾਵਹੀਣ ਹੋ ਜਾਏਗਾ, ਕਿਉਂਕਿ ਮੰਡੀਆਂ ਹੀ ਐਮ.ਐਸ.ਪੀ. ਸੁਨਿਸ਼ਚਿਤ ਕਰਦੀਆਂ ਹਨ।

ਦੂਜਾ ਕਾਨੂੰਨ ਖੇਤੀ ਕੀਮਤ ਆਸ਼ਵਾਸਨ ਅਤੇ ਖੇਤੀ ਸੇਵਾ ਕਰਾਰ ਅਧਿਨਿਯਮ 2020 ਹੈ, ਜਿਸ ਦੀ ਅਧਿਕ ਚਰਚਾ ਕਾਨਟਰੈਕਟ ਫਾਰਮਿੰਗ ਦੇ ਵਿਵਾਦ ਦੇ ਸਮਾਧਾਨ ਦੇ ਮੌਜੂਦਾ ਪ੍ਰਾਵਧਾਨਾਂ ਦੇ ਸੰਦਰਵ ਵਿੱਚ ਕੀਤੀ ਜਾ ਰਹੀ ਹੈ। ਇਸ ਕਾਨੂੰਨ ਦਾ ਵਿਰੁੱਧ ਇਸ ਤੱਥ ਉਤੇ ਹੋ ਰਿਹਾ ਹੈ ਕਿ ਇਸਦੇ ਜ਼ਰੀਏ ਕਿਸਾਨਾਂ ਨੂੰ ਵਿਵਾਦ ਦੀ ਸਥਿਤੀ ਵਿੱਚ ਸਿਵਲ ਕੋਰਟ ਜਾਣ ਤੋਂ ਰੋਕਿਆ ਗਿਆ ਹੈ, ਇਹ ਬਿਲਕੁਲ ਸਹੀ ਵਰੋਧ ਹੈ, ਲੇਕਿਨ ਇਸਦੇ ਨਾਲ-ਨਾਲ ਇੱਕ ਹੋਰ ਹਿੱਸਾ ਹੈ, ਜਿਸ ਉਤੇ ਧਿਆਨ ਦੇਣ ਦੀ ਲੋੜ ਹੈ। ਕਾਨਟਰੈਕਟ ਫਾਰਮਿੰਗ ਦੇ ਇਸ ਕਾਨੂੰਨ ਦੇ ਕਾਰਣ ਦੇਸ਼ ਵਿੱਚ ਭੂਮੀਹੀਣ ਕਿਸਾਨਾਂ ਦੇ ਇੱਕ ਬਹੁਤ ਵੱਡੇ ਵਰਗ ਦੇ ਜੀਵਨ ਉਤੇ ਇਸਦਾ ਡੂੰਘਾ ਪ੍ਰਭਾਵ ਅਤੇ ਸੰਕਿਟ ਆਉਣ ਵਾਲਾ ਹੈ।

**ਬਾਕੀ ਅਗਲੇ ਅੰਕ 'ਚ**

# ਹੁਣ ਇਹ ਮੋਸ਼ਨ ਕਿੰਨੇ ਦਾ ਪਊਗਾ ?



**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਮੋ. 9501100062**



ਅੱਤਵਾਦ ਦੌਰਾਨ ਪੰਜਾਬ ਪੁਲਿਸ ਕਈ ਅਜੀਬੋ ਗਰੀਬ ਹਾਲਾਤਾਂ ਵਿੱਚੋਂ ਗੁਜ਼ਰੀ ਹੈ। ਸ਼ੁਰੂਆਤ ਵਿੱਚ ਪੁਲਿਸ ਕੋਲ ਪੁਰਾਣੀਆਂ ਥਰੀ ਨਟ ਥਰੀ ਰਾਈਫਲਾਂ ਅਤੇ ਬੈਟਰੀ ਤੋਂ ਬਗੈਰ ਧੱਕੇ ਨਾਲ ਸਟਾਰਟ ਹੋਣ ਵਾਲੀਆਂ ਖਟਾਰਾ ਜੀਪਾਂ ਹੁੰਦੀਆਂ ਸਨ ਜੋ ਸਿਰਫ ਐਸ.ਐਚ.ਉ. ਦੀ ਵਰਤੋਂ ਵਾਸਤੇ ਸਨ। ਬਾਕੀ ਮੁਲਾਜ਼ਮ ਟੈਕਸੀ ਸਟੈਂਡ ਤੋਂ ਵਗਾਰ ਵਿੱਚ ਲਿਆਦੀਆਂ ਅੰਬੈਸਡਰ ਕਾਰਾਂ ਜਾਂ ਘੜੂਕਿਆਂ ਨਾਲ ਆਪਣਾ ਕੰਮ ਸਾਰਦੇ ਸਨ। ਸਵੇਰੇ ਜੀਪ ਸਟਾਰਟ ਕਰਨ ਲੱਗਿਆਂ ਆਸੇ ਪਾਸੇ ਪਤਾ ਲੱਗ ਜਾਂਦਾ ਸੀ ਕਿ ਥਾਣੇਦਾਰ ਸਾਹਿਬ ਇਲਾਕੇ ਵੱਲ ਨਿਕਲਣ ਲੱਗੇ ਹਨ। ਥਾਣੇ ਦੇ ਅੱਧੇ ਮੁਲਾਜ਼ਮ ਅਤੇ ਸੜਕ 'ਤੇ ਤੁਰੇ ਜਾਂਦੇ ਰਾਹਗੀਰ ਧੱਕਾ ਲਗਾ ਕੇ ਮਸਾਂ ਜੀਪ ਸਟਾਰਟ ਕਰਦੇ ਸਨ। ਅੱਤਵਾਦ ਦੇ ਸ਼ੁਰੂ ਵਿੱਚ ਜਦੋਂ ਖਾੜਕੂ ਘਾਤ ਲਗਾ ਕੇ ਪੁਲਿਸ ਦੀਆਂ ਗੱਡੀਆਂ 'ਤੇ ਫਾਇਰਿੰਗ ਕਰਦੇ ਸਨ ਤਾਂ ਬੁਲਟ ਪਰੂਫ ਗੱਡੀਆਂ ਨਾ ਹੋਣ ਕਾਰਨ ਪੁਲਿਸ ਦਾ ਬਹੁਤ ਜਾਨੀ ਨੁਕਸਾਨ ਹੁੰਦਾ ਸੀ। ਇਸ ਸਮੇਂ ਦੌਰਾਨ ਬਹੁਤ ਸਾਰੇ ਅਫਸਰ ਅਤੇ ਮੁਲਾਜ਼ਮ ਮਾਰੇ ਗਏ ਸਨ। ਖਾੜਕੂ ਬੁਲਟ ਅਤੇ ਹੀਰੋ ਹਾਂਡੇ ਮੋਟਰ ਸਾਇਕਲ ਦੇ ਬਹੁਤ ਸ਼ੌਕੀਨ ਸਨ। ਇਸ ਕਾਰਨ ਕਈ ਸਾਲਾਂ ਤੱਕ ਪੰਜਾਬ ਵਿੱਚ ਬੁਲਟ ਮੋਟਰ ਸਾਇਕਲ ਅਤੇ ਦੋਹਰੀ ਸਵਾਰੀ 'ਤੇ ਪਾਬੰਦੀ ਲੱਗੀ ਰਹੀ ਸੀ। ਇਹ ਖਬਰਾਂ ਆਮ ਹੀ ਆਉਂਦੀਆਂ ਹੁੰਦੀਆਂ ਸਨ ਕਿ ਫਲਾਣੀ ਜਗ੍ਹਾ ਖਾੜਕੂ ਪੁਲਿਸ 'ਤੇ ਫਾਇਰਿੰਗ ਕਰ ਕੇ ਭੱਜ ਗਏ ਤੇ ਪੁਲਿਸ ਦੀਆਂ ਰਾਈਫਲਾਂ ਚੱਲੀਆਂ ਹੀ ਨਹੀਂ। ਪਰ ਹੌਲੀ ਹੌਲੀ ਪੁਲਿਸ ਵੀ ਨਵੇਂ ਹਾਲਾਤ ਮੁਤਾਬਕ ਢਲਣ ਲੱਗ ਪਈ। ਜਿਵੇਂ ਜਿਵੇਂ ਖਾੜਕੂ ਨਵੇਂ ਹਥਿਆਰਾਂ ਅਤੇ ਢੰਗ ਤਰੀਕਆਂ ਨਾਲ ਲੈਸ ਹੁੰਦੇ ਗਏ, ਪੁਲਿਸ ਵੀ ਮਾਡਰਨ ਹੋਣ ਲੱਗ ਪਈ। ਜੂਲੀਉ ਫਰਾਂਸਿਸ ਰਿਬੀਰੋ ਦੇ ਪੰਜਾਬ ਪੁਲਿਸ ਦੇ ਡੀ.ਜੀ.ਪੀ. ਲੱਗਦੇ ਸਾਰ ਪੁਲਿਸ ਨੂੰ ਨਵੀਆਂ ਤੋਂ ਨਵੀਆਂ ਗੱਡੀਆਂ ਅਤੇ ਹਥਿਆਰ ਮਿਲਣ ਲੱਗ ਪਏ। ਪੁਲਿਸ ਨੇ ਪਹਿਲੀ ਵਾਰ ਬੁਲਟ ਪਰੂਫ ਜਿਪਸੀਆਂ, ਕੈਂਟਰ ਅਤੇ ਟਰੈਕਟਰ ਵੇਖੇ। ਪੁਰਾਣੀਆਂ ਬੇਕਾਰ ਥਰੀ ਨਾਟ ਥਰੀ ਅਤੇ ਫੌਜ ਦੀਆਂ ਕੰਡਮ ਹੋਈਆਂ ਐਸ.ਐਲ.ਆਰ. ਰਾਈਫਲਾਂ ਦੀ ਜਗ੍ਹਾ ਵਿਦੇਸ਼ੀ ਏ.ਕੇ. 47 ਰਾਈਫਲਾਂ (ਅਸਾਲਟਾਂ) ਥਾਣਿਆਂ ਵਿੱਚ ਪਹੁੰਚ ਗਈਆਂ। ਇਸ ਤੋਂ ਪਹਿਲਾਂ ਪੁਲਿਸ ਖਾੜਕੂਆਂ ਦੀਆਂ ਜ਼ਬਤ ਕੀਤੀਆਂ ਹੋਈਆਂ ਅਸਾਲਟਾਂ ਨਾਲ ਹੀ ਕੰਮ ਚਲਾਉਂਦੀ ਸੀ ਪਰ ਉਨ੍ਹਾਂ ਦੀਆਂ ਗੋਲੀਆਂ ਨਹੀਂ ਸਨ ਮਿਲਦੀਆਂ। ਬੁਲਟ ਪਰੂਫ ਗੱਡੀਆਂ ਸਰਦੀਆਂ ਵਿੱਚ ਤਾਂ ਠੀਕ ਰਹਿੰਦੀਆਂ ਸਨ, ਪਰ ਗਰਮੀਆਂ ਵਿੱਚ ਭੱਠੀ ਵਾਂਗ ਤਪ ਜਾਂਦੀਆਂ ਸਨ। ਸਭ ਤੋਂ ਨਿਕੰਮੇ ਬੁਲਟ ਪਰੂਫ ਆਲਵਿਨ ਨਿਸ਼ਾਨ ਕੈਂਟਰ ਸਨ। ਉਨ੍ਹਾਂ ਦਾ ਇੰਜਣ ਸੀਟ ਦੇ ਥੱਲੇ ਹੁੰਦਾ ਸੀ ਜਿਸ ਕਾਰਨ ਗਰਮੀਆਂ ਵਿੱਚ ਇਸ ਦੇ ਇੰਜਣ ਤੋਂ ਨਿਕਲਣ ਵਾਲੀ ਸੜੀ ਹੋਈ ਗਰਮ ਹਵਾ ਪੁਲਿਸ ਵਾਲਿਆਂ ਦੇ ਥੱਲੇ ਧੱਫੜ ਪਾ ਦਿੰਦੀ ਸੀ। ਸ਼ੀਸ਼ਿਆਂ ਦੀ ਜਗ੍ਹਾ ਲੋਹੇ ਦੀਆਂ ਮੋਟੀਆਂ ਪਲੇਟਾਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਹਵਾ ਅੰਦਰ ਆਉਣ ਦੀ ਕੋਈ ਗੁੰਜਾਇਸ਼ ਨਹੀਂ ਸੀ ਹੁੰਦੀ। ਪੁਲਿਸ ਵਾਲੇ ਗਰਮੀ ਤਾਂ ਝੱਲ ਲੈਂਦੇ ਸਨ, ਪਰ ਗੋਲੀ ਦੇ ਡਰੋਂ ਕੋਈ ਪਲੇਟ ਨਹੀਂ ਸੀ ਖੋਲ੍ਹਦਾ। ਇਨ੍ਹਾਂ ਗੱਡੀਆਂ ਨੇ ਬਹੁਤ ਸਾਰੇ ਪੁਲਿਸ ਵਾਲਿਆਂ ਦੀਆਂ ਜਾਨਾਂ ਬਚਾਈਆਂ ਸਨ। ਥਾਣੇ ਦਿੜ੍ਹਬੇ ਦੇ ਇੱਕ ਬੁਲਟ ਪਰੂਫ ਕੈਂਟਰ ਦਾ ਗਸ਼ਤ ਦੌਰਾਨ ਅਗਲਾ ਸ਼ੀਸ਼ਾ ਖਾੜਕੂ ਸੁੱਖ ਰਾਮ ਕੁਲਾਰ ਨੇ ਘਾਤ ਲਗਾ ਕੇ ਕੀਤੇ ਗਏ ਇੱਕ ਹਮਲੇ ਵਿੱਚ ਮਸ਼ੀਨ ਗੰਨ ਦੇ ਬਰਸਟ ਨਾਲ ਭੰਨ ਦਿੱਤਾ ਸੀ। ਸ਼ੀਸ਼ਾ ਬੁਲਟ ਪਰੂਫ ਹੋਣ ਕਾਰਨ ਅੱਗੇ ਬੈਠੇ ਸਾਰੇ ਮੁਲਾਜ਼ਮ ਤਾਂ ਬਚ ਗਏ ਸਨ, ਪਰ ਪਿਛਲੇ ਹਿੱਸੇ ਉੱਪਰ ਛੱਤ ਨਾ ਹੋਣ ਕਾਰਨ ਕਈ ਮੁਲਾਜ਼ਮਾਂ ਦੀ ਜਾਨ ਗਈ ਸੀ। ਸ਼ੁਰੂ ਸ਼ੁਰੂ ਵਿੱਚ ਇਨ੍ਹਾਂ ਵਹੀਕਲਾਂ ਦੀ ਬੁਲਟ ਪਰੂਫਿੰਗ ਜਲੰਧਰ ਦੀ ਇੱਕ ਕੱਚ ਕਰੜ ਕੰਪਨੀ ਵੱਲੋਂ ਕੀਤੀ ਗਈ ਸੀ (ਜਿਸ ਨੇ ਇਸ ਕੰਮ ਵਿੱਚ ਕਰੋੜਾਂ ਰੁਪਏ ਕਮਾਏ ਸਨ)। ਉਸ ਕੰਪਨੀ ਨੇ ਇਸ ਕੰਮ ਵਿੱਚ ਅਨੇਕਾਂ ਊਣਤਾਈਆਂ ਛੱਡ ਦਿੱਤੀਆਂ ਸਨ, ਜਿਸ ਕਾਰਨ ਇਨ੍ਹਾਂ ਵਿੱਚ ਕੋਈ ਨਾ ਕੋਈ ਨੁਕਸ ਪਿਆ ਹੀ ਰਹਿੰਦਾ ਸੀ। ਕਦੇ ਕਮਾਨੀ ਟੱਟ ਜਾਂਦੀ ਸੀ ਤੇ ਕਦੇ ਬਾਰੀਆਂ ਜਾਮ ਹੋ ਜਾਂਦੀਆਂ ਸਨ। ਜਿਪਸੀਆਂ 'ਤੇ ਬਿਨਾਂ ਕਿਸੇ ਟੈਕਨੀਕਲ ਸੂਝ ਬੂਝ ਦੇ ਕਵਿੰਟਲਾਂ ਦੇ ਹਿਸਾਬ ਨਾਲ ਲੋਹਾ ਜੜ ਦਿੱਤਾ ਗਿਆ ਸੀ, ਜਿਸ ਕਾਰਨ ਉਹ ਜਿਆਦਾ ਤੇਜ਼ ਨਹੀਂ ਭੱਜ ਸਕਦੀਆਂ ਸਨ ਤੇ ਇੰਜਣ ਗਰਮ ਹੋਣਾ ਆਮ ਗੱਲ ਸੀ। ਕਈ ਵਾਰ ਤੇਜ਼ ਮੋੜ ਕੱਟਣ 'ਤੇ ਉਹ ਉਲਟ ਵੀ ਜਾਂਦੀਆਂ ਸਨ। ਡਰਾਈਵਰ ਮਹੀਨੇ ਵਿੱਚੋਂ 20 ਦਿਨ ਵਰਕਸ਼ਾਪ ਹੀ ਰਹਿੰਦੇ ਸਨ। ਉਸ ਸਮੇਂ ਨਰਿੰਦਰ ਸਿੰਘ ਸੈਣੀ (ਨਾਮ ਬਦਲਿਆ ਹੋਇਆ) ਨਾਮਕ ਥਾਣੇਦਾਰ ਥਾਣੇ ਸਰਹਾਲੀ (ਜਿਲ੍ਹਾ ਤਰਨ ਤਾਰਨ) ਦਾ ਐਸ.ਐਚ.ਉ. ਲੱਗਾ ਹੋਇਆ ਸੀ ਤੇ ਉਹ ਖਾੜਕੂਆਂ ਦੀ ਹਿੱਟ ਲਿਸਟ 'ਤੇ ਸੀ। ਉਸ ਦੀ ਬੁਲਟ ਪਰੂਫ ਜਿਪਸੀ ਦਾ ਡਰਾਈਵਰ ਬਹੁਤ ਹੀ ਚਾਲੂ ਕਿਸਮ ਦਾ ਇਨਸਾਨ ਸੀ ਤੇ ਜਿਪਸੀ ਵਿੱਚ ਕੋਈ ਨਾ ਕੋਈ ਨੁਕਸ ਪੈਣ ਦੇ ਬਹਾਨੇ ਸੈਣੀ ਕੋਲੋਂ ਲਗਾਤਾਰ ਪੈਸੇ ਭੋਟਦਾ ਰਹਿੰਦਾ ਸੀ। ਬੁਲਟ ਪਰੂਫ ਜਿਪਸੀ ਬਿਨਾਂ ਨਾ ਸਰਦਾ ਹੋਣ ਕਾਰਨ ਸੈਣੀ ਨੂੰ ਉਸ ਦੀ ਗੱਲ ਮੰਨਣੀ ਪੈਂਦੀ ਸੀ। ਇੱਕ ਦਿਨ ਸੈਣੀ ਪਿੰਡਾਂ ਵਿੱਚ ਗਸ਼ਤ ਕਰ ਰਿਹਾ ਸੀ ਤਾਂ ਜਿਪਸੀ ਅੱਗੇ ਕੁਝ ਡੰਗਰ ਆ ਜਾਣ ਕਾਰਨ ਡਰਾਈਵਰ ਨੂੰ ਅਚਾਨਕ ਬਰੇਕ ਮਾਰਨੀ ਪਈ। ਭਾਰੀ ਹੋਣ ਕਾਰਨ ਜਿਪਸੀ ਨੂੰ ਦੁਬਾਰਾ ਸਪੀਡ ਪਕੜਨ ਵਿੱਚ ਕਾਫੀ ਵਕਤ ਲੱਗ ਜਾਂਦਾ ਸੀ ਜਿਸ ਕਾਰਨ ਡਰਾਈਵਰ ਖਿਝ ਗਿਆ ਤੇ ਬੜਬੜਾਇਆ, ਉਦੁਰ ਫਿੱਟੇ ਮੂੰਹ, ਸਾਲਿਆਂ ਨੇ ਸਾਰਾ ਮੋਸ਼ਨ (ਰਫਤਾਰ) ਈ ਤੋੜ ਦਿੱਤਾ ਆ।" ਸੈਣੀ ਡਰਾਈਵਰ ਦੀਆਂ ਰੋਜ ਰੋਜ ਦੀਆਂ ਮੰਗਾਂ ਤੋਂ ਅੱਕਿਆ ਪਿਆ ਸੀ। ਉਸ ਨੇ ਸੋਚਿਆ ਸ਼ਾਇਦ ਬਰੇਕ ਮਾਰਨ ਨਾਲ ਫਿਰ ਕੋਈ ਪੁਰਜ਼ਾ ਟੁੱਟ ਗਿਆ ਹੈ। ਉਹ ਟੁੱਟ ਕੇ ਡਰਾਈਵਰ ਨੂੰ ਪਿਆ, ਉਭੂਤਨੀ ਦਿਆ, ਹੁਣ ਇਹ ਮੋਸ਼ਨ ਕਿੰਨੇ ਦਾ ਪਊਗਾ ?" ਸੁਣ ਕੇ ਡਰਾਈਵਰ ਹੱਸ ਪਿਆ, ਉਕੋਈ ਨਈਂ ਜਨਾਬ, ਮੇਰੇ ਦੋਸਤ ਕੋਲ ਇੱਕ ਮੋਸ਼ਨ ਵਾਧੂ ਪਿਆ ਆ। ਮੈਂ ਉਸ ਤੋਂ ਫਰੀ ਹੀ ਲੈ ਆਊਂਗਾ।" ਡਰਾਈਵਰ ਦੀ ਦਰਿਆ ਦਿਲੀ ਵੇਖ ਕੇ ਸੈਣੀ ਨੇ ਸੁੱਖ ਦਾ ਸਾਹ ਲਿਆ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਊਣ੍ਹੀ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਗਤਕਾ : ਅਧਿਆਤਮਕ ਅਤੇ ਸਰੀਰਿਕ ਪੱਖ

ਮਨਿੰਦਰਜੀਤ ਸਿੰਘ ਪੁਰੇਵਾਲ

ਹਿੰਦੁਸਤਾਨ ਦੀ ਧਰਤੀ ਨੇ ਸਮੇਂ ਦੇ ਬਹੁਤ ਉਤਾਰ-ਚੜ੍ਹਾਅ ਨੂੰ ਹੰਢਾਇਆ ਹੈ। ਇਸ ਦੇਸ਼ ਵਿੱਚ ਅਣਗਿਣਤ ਕਲਾਵਾਂ, ਕਲਾ ਦੇ ਮੰਦਰ, ਸ਼ਬਦ ਤੇ ਆਵਾਜ਼ ਦੇ ਰੂਪ ਵਿੱਚ ਇਸ ਧਰਤੀ ਨੂੰ ਭਾਗ ਲਾ ਰਹੇ ਹਨ। ਇਨ੍ਹਾਂ ਅਣਗਿਣਤ ਕਲਾਵਾਂ ਵਿੱਚੋਂ ਇੱਕ ਕਲਾ ਹੈ ਸ਼ਸਤਰ ਕਲਾ। ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿੱਚ ਕਈ ਪ੍ਰਕਾਰ ਦੀਆਂ ਸ਼ਸਤਰ ਕਲਾਵਾਂ ਤੀਰਅੰਦਾਜ਼ੀ, ਕਮਾਨਬਾਜ਼ੀ, ਤਲਵਾਰਬਾਜ਼ੀ, ਗੁਰਜ ਕਲਾ ਆਦਿ ਅੱਜ ਵੀ ਪ੍ਰਚੱਲਿਤ ਹਨ। ਇਨ੍ਹਾਂ ਸ਼ੈਲੀਆਂ ਵਿੱਚੋਂ ਹੀ ਇੱਕ ਸ਼ੈਲੀ ਹੈ ਗਤਕਾ ਜੋ ਵਧੇਰੇ ਕਰਕੇ ਪੰਜਾਬ ਅਤੇ ਉੱਤਰ ਭਾਰਤ ਦੇ ਕਈ ਇਲਾਕਿਆਂ ਵਿੱਚ ਪ੍ਰਚੱਲਿਤ ਹੈ।

ਸ਼ਸਤਰ ਵਿੱਦਿਆ ਦੀ ਸ਼ੁਰੂਆਤ ਧਿਆਨ ਤੋਂ ਹੁੰਦੀ ਹੈ, ਇਸ ਦੀਆਂ ਅਨੇਕਾਂ ਉਦਾਹਰਣਾਂ ਚੀਨ ਅਤੇ ਜਪਾਨ ਦੀਆਂ ਸ਼ਸਤਰ ਕਲਾਵਾਂ ਉੱਪਰ ਖੋਜ ਕਰਨ ਉਪਰੰਤ ਵੀ ਮਿਲੀਆਂ ਹਨ। ਉਸੇ ਤਰ੍ਹਾਂ ਗਤਕੇ ਦੀ ਸ਼ੁਰੂਆਤ ਵੀ ਧਿਆਨ, ਸਿਮਰਨ ਤੋਂ ਹੁੰਦੀ ਹੈ, ਜੇਕਰ ਕਿਰਿਆਤਮਕ ਪੱਖ ਤੋਂ ਵੀ ਦੇਖੀਏ ਤਾਂ ਸ਼ਸਤਰ ਕਲਾ ਸਿੱਖਣ ਅਤੇ ਉਸ ਨੂੰ ਆਪਣੇ ਜੀਵਨ ਸ਼ੈਲੀ ਵਿੱਚ ਸ਼ਾਮਲ ਕਰਨ ਲਈ ਮਨ ਦਾ ਸ਼ਾਂਤ ਅਤੇ ਕਾਬੂ ਵਿੱਚ ਹੋਣਾ ਬਹੁਤ ਜ਼ਰੂਰੀ ਹੈ। ਸ਼ਸਤਰ ਵਿੱਦਿਆ ਦਾ ਖਜ਼ਾਨਾ ਬਾਬਾ ਬੁੱਢਾ ਜੀ ਕੋਲ ਬਹੁਤ ਲੰਬਾ ਸਮਾਂ (ਗੁਰੂ ਨਾਨਕ ਦੇਵ ਤੋਂ ਗੁਰੂ ਹਰਿਗੋਬਿੰਦ ਸਾਹਿਬ ਤੱਕ) ਲਗਪਗ 115 ਸਾਲ ਰਿਹਾ। ਬਾਬਾ ਬੁੱਢਾ ਜੀ ਦੁਆਰਾ ਇੰਨਾ ਲੰਮਾ ਸਮਾਂ ਇਸ ਕਲਾ ਨੂੰ ਸਾਂਭੇ ਰੱਖਣਾ ਸੁਭਾਵਕ ਨਹੀਂ ਸੀ। ਇਹ ਵੀ ਤਾਂ ਹੀ ਸੰਭਵ ਹੋਇਆ ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਧਿਆਨ ਪ੍ਰਕਿਰਿਆ ਵਿੱਚ ਮਜਬੂਤ ਬਣਾਈ ਰੱਖਿਆ। ਗੁਰੂ ਨਾਨਕ ਦੇਵ ਨੇ ਜਦੋਂ ਸਰੀਰ ਤਿਆਗਿਆ ਤਾਂ ਗੁਰਗੱਦੀ ਉੱਪਰ ਬਿਰਾਜਮਾਨ ਹੋਏ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) ਨੇ ਵੀ ਸਭ ਤੋਂ ਜ਼ਿਆਦਾ ਧਿਆਨ, ਸਿਮਰਨ ਅਭਿਆਸ ਵੱਲ ਦਿੱਤਾ। ਨਾਲ ਹੀ ਉਨਾਂ ਮੱਲ ਅਖਾੜੇ ਆਰੰਭ ਦਿੱਤੇ। ਅੱਜ ਮੱਲ ਅਖਾੜੇ ਘੋਲ ਦੇ ਰੂਪ ਵਿੱਚ ਦੁਨੀਆ ਭਰ ਵਿੱਚ ਪ੍ਰਚਲਿਤ ਹਨ।

ਗੁਰੂ ਅੰਗਦ ਦੇਵ ਤੋਂ ਬਾਅਦ ਗੁਰੂ ਅਮਰਦਾਸ ਨੇ ਵੀ ਧਿਆਨ, ਸਿਮਰਨ ਨੂੰ ਮੁੱਖ ਰੱਖਿਆ ਤੇ ਮਲ ਅਖਾੜੇ ਦੀ ਵਿਰਾਸਤ ਨੂੰ ਸੰਭਾਲਿਆ। ਗੁਰੂ ਸਾਹਿਬ ਨੇ ਆਪਣੀ ਬਾਣੀ ਅਤੇ ਆਪਣੇ ਉਪਦੇਸ਼ਾਂ ਦੁਆਰਾ ਇਹ ਸੁਨਿਸ਼ਚਿਤ ਕੀਤਾ ਕਿ ਜਿਸ ਤਰ੍ਹਾਂ ਮੱਲ ਯੁੱਧ ਕਰਦਿਆਂ ਯੋਧਿਆਂ ਦਾ ਪਸੀਨਾ ਨਿਕਲਦਾ ਹੈ, ਉਸੇ ਤਰ੍ਹਾਂ ਸਿਮਰਨ ਕਰਦਿਆਂ ਮਨ ਵਿੱਚ ਘਰ ਕੀਤੀਆਂ ਸਮਾਜਿਕ ਕੁਰੀਤੀਆਂ ਨਿੱਕਲ ਜਾਣੀਆਂ ਚਾਹੀਦੀਆਂ ਹਨ।

ਗੁਰੂ ਅਮਰਦਾਸ ਤੋਂ ਬਾਅਦ ਗੁਰੂ ਰਾਮਦਾਸ ਨੇ ਸੰਗਤ ਦੀ ਮਹੱਤਤਾ ਨੂੰ ਸਮਝਦਿਆਂ ਗੁਰੂ ਸਾਹਿਬ ਨੇ ਸਰਾਵਾਂ ਅਤੇ ਧਰਮ ਮੰਦਰਾਂ ਦੀ ਉਸਾਰੀ ਦਾ ਕਾਰਜ ਆਰੰਭਿਆ। ਇਸੇ ਕਾਰਜ ਤਹਿਤ ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵੀ ਆਰੰਭ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਲਗਾਇਆ। ਜੋ ਕਿ ਅੰਤਰ ਦਰਸ਼ਨ ਅਤੇ ਸ਼ਸਤਰ ਵਿੱਦਿਆ ਦੋਵਾਂ ਦੇ ਧਨੀ ਸਨ। ਫਿਰ ਗੁਰੂ ਅਰਜਨ ਦੇਵ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤਾਂ ਜੋ ਹਰ ਸਮੇਂ ਹਰ ਵਰਗ ਦਾ ਮਨੁੱਖ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਆਪਣਾ ਜੀਵਨ ਸੁਧਾਰ ਸਕੇ। ਦੂਸਰੇ ਪਾਸੇ ਗੁਰੂ ਸਾਹਿਬ ਨੇ ਸਿੱਖਾਂ ਨੂੰ ਧਿਆਨ ਕੇਂਦ੍ਰਿਤ ਕਰਨਾ ਸਿਖਾਇਆ। ਗੁਰੂ ਹਰਿਗੋਬਿੰਦ ਸਾਹਿਬ ਨੇ ਬਚਪਨ ਤੋਂ ਹੀ ਬਾਬਾ ਬੁੱਢਾ ਜੀ ਪਾਸੋਂ ਸ਼ਸਤਰ ਵਿੱਦਿਆ ਪ੍ਰਾਪਤ ਕੀਤੀ, ਪਰ ਪਿਤਾ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨੇ ਉਨ੍ਹਾਂ ਨੂੰ ਇੱਕ ਨਵੇਂ ਸਿਧਾਂਤ ਨੂੰ ਸਿਰਜਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਨੇ ਦੋ ਤਲਵਾਰਾਂ 'ਮੀਰੀ ਅਤੇ ਪੀਰੀ' ਧਾਰਨ ਕੀਤੀਆਂ। ਗੁਰੂ ਸਾਹਿਬ ਨੇ ਅਜਿਹਾ ਕਰਕੇ ਵਕਤ ਦੀ ਹਕੂਮਤ ਨਾਲ ਜੰਗ ਦਾ ਐਲਾਨ ਕੀਤਾ ਕਿਉਂਕਿ ਜਾਲਮ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਾਹਿਬ ਦਾ ਨਿਰਮਾਣ ਕਰਕੇ ਹੁਕਮਰਾਨਾਂ ਨੂੰ ਸਾਵਧਾਨ ਕਰ ਦਿੱਤਾ ਸੀ ਕਿ ਹੁਣ ਤੋਂ ਸੰਤ ਦੀ ਰਾਖੀ ਸੰਤ ਦੀ ਤੇਗ ਹੀ ਕਰੇਗੀ। ਇਸ ਤਰ੍ਹਾਂ ਗੁਰੂ ਹਰਗੋਬਿੰਦ ਸਾਹਿਬ ਨੇ ਸੰਤ ਦੇ ਹੱਥ ਵਿੱਚ ਤੇਗ ਦੇ ਕੇ ਉਸ ਦੇ ਅੰਦਰ ਬੀਰ ਰਸ (ਜੋਸ਼) ਭਰ ਦਿੱਤਾ। ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖਤ ਦੇ ਸਾਹਮਣੇ ਗਤਕਾ ਸਿਖਲਾਈ ਦਿੱਤੀ ਜਾਂਦੀ ਅਤੇ ਮੁਕਾਬਲੇ ਵੀ ਕਰਵਾਏ ਜਾਂਦੇ ਰਹੇ। ਫਿਰ ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੇਵਲ ਗੁਰਮਤਿ ਨਾਲ ਜੁੜ ਕੇ ਧਿਆਨ ਸਿਮਰਨ ਕਰਨ ਵੱਲ ਪ੍ਰੇਰਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਤੋਂ ਬਾਅਦ, ਤੇਗ ਦੇ ਧਨੀ ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਾਂਤਮਈ ਢੰਗ ਨਾਲ ਹਕੂਮਤ ਦੇ ਜ਼ੁਲਮ ਦਾ ਵਿਰੋਧ ਕੀਤਾ ਅਤੇ ਸ਼ਹਾਦਤ ਦਿੱਤੀ। ਇਸੇ ਤਰ੍ਹਾਂ ਕਰਕੇ ਗੁਰੂ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਇਹ ਸਿੱਖਿਆ ਦਿੱਤੀ ਕਿ ਜਦੋਂ ਤੱਕ ਹਰ ਹੀਲਾ ਖਤਮ ਨਾ ਹੋ ਜਾਵੇ ਉਦੋਂ ਤੱਕ ਤਲਵਾਰ ਦਾ ਸਹਾਰਾ ਨਹੀਂ ਲੈਣਾ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹ ਰਸਤਾ ਹੀ ਅਪਣਾਇਆ ਕਿਉਂਕਿ ਜਾਲਮ ਦਾ ਜ਼ੁਲਮ ਹਦ ਤੋਂ ਪਾਰ ਹੋ ਚੁੱਕਾ ਸੀ ਤੇ ਉਸ ਨੂੰ ਰੋਕਣ ਦਾ ਹਰ ਹੀਲਾ ਵੀ ਬੇਕਾਰ ਹੋ ਗਿਆ ਸੀ। ਇਸ ਲਈ ਗੁਰੂ ਸਾਹਿਬ ਨੇ ਜਾਲਮ ਨਾਲ ਸਿੱਧੀ ਟੱਕਰ ਲਈ। ਗੁਰੂ ਸਾਹਿਬ ਨੇ ਔਰੰਗਜੇਬ ਦੇ ਨਾਮ ਲਿਖੀ ਆਪਣੀ ਫ਼ਤਹਿ ਦੀ ਚਿੱਠੀ ਜਫ਼ਰਨਾਮਾ ਵਿੱਚ ਇਹ ਲਿਖ ਕੇ ਸਾਬਿਤ ਕੀਤਾ ਕਿ ਉਨ੍ਹਾਂ ਨੇ ਮਜ਼ਬੂਰਨ ਤੇਗ ਚੁੱਕੀ ਹੈ ਕਿਉਂਕਿ ਹੁਕਮਰਾਨ ਨੇ ਹੋਰ ਕੋਈ ਰਸਤਾ ਹੀ ਨਹੀਂ ਛੱਡਿਆ। ਸਿੱਖ ਸਮਾਜ ਦੇ ਨਾਲ ਨਾਲ ਇਹ ਸਿੱਖਿਆ ਹੌਲੀ-ਹੌਲੀ ਹੋਰ ਵਰਗਾਂ ਨੂੰ ਵੀ ਪ੍ਰਭਾਵਿਤ ਕਰਨ ਲੱਗ ਗਈ। ਪੁਲਿਸ ਅਤੇ ਫੌਜ ਵਿੱਚ ਭਰਤੀ ਹੋਣ ਸਮੇਂ ਘੋੜਸਵਾਰੀ ਦੇ ਨਾਲ-ਨਾਲ ਬਹੁਤ ਸਾਰੇ ਅਹੁਦਿਆਂ ਦੀ ਨਿਯੁਕਤੀ ਲਈ ਗੱਤਕੇਬਾਜ਼ ਨੂੰ ਪਹਿਲ ਦਿੱਤੀ ਜਾਂਦੀ ਸੀ। ਕਈ ਘਰਾਣਿਆਂ ਵਿੱਚ ਤਾਂ ਬਹੁਤ ਛੋਟੀ ਉਮਰ ਵਿੱਚ ਹੀ ਬੱਚਿਆਂ ਨੂੰ ਹੀ ਗਤਕਾ ਖੇਡਣ ਦੀ ਜਾਂਚ ਸਿਖਾਈ ਜਾਂਦੀ ਸੀ। ਜਿਸ ਥਾਂ 'ਤੇ ਗਤਕੇ ਦੀ ਸਿੱਖਿਆ ਦਿੱਤੀ ਜਾਂਦੀ ਸੀ ਉਸ ਨੂੰ 'ਅਖਾੜਾ' ਕਿਹਾ ਜਾਂਦਾ ਸੀ। ਸਿੱਖਣ ਵਾਲਿਆਂ ਲਈ ਸਮੇਂ ਦੀ ਪਾਬੰਦੀ, ਜਗ੍ਹਾ ਦੀ ਪਾਬੰਦੀ ਅਤੇ ਰਹਿਤ ਦੀ ਪਾਬੰਦੀ ਕਰਨੀ ਅਤਿ ਜ਼ਰੂਰੀ ਸਮਝੀ ਜਾਂਦੀ ਸੀ। ਹੌਲੀ-ਹੌਲੀ ਇੱਕ ਅਖਾੜੇ ਤੋਂ ਕਈ ਅਖਾੜੇ ਪਿੰਡਾਂ ਕਸਬਿਆਂ ਵਿੱਚ ਸਥਾਪਿਤ ਹੋਣ ਲੱਗੇ ਅਤੇ ਫਿਰ ਇਨ੍ਹਾਂ ਅਖਾੜਿਆਂ ਵਿੱਚ ਆਪਸੀ ਮੁਕਾਬਲੇ ਵੀ ਕਰਵਾਏ ਜਾਂਦੇ। ਸਿੱਖ ਮਿਸਲਾਂ ਦੀ ਹੋਂਦ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਤੱਕ ਅਜਿਹਾ ਹੁੰਦਾ ਰਿਹਾ। ਇਸ ਖੇਡ ਵਿੱਚ ਮੁੱਖ ਰੂਪ ਵਿੱਚ ਦੋ ਪੱਖਾਂ ਵਿੱਚ ਨਿਪੁੰਨਤਾ ਹਾਸਲ ਕਰਨੀ ਜ਼ਰੂਰੀ ਹੈ- ਪਹਿਲਾਂ ਤਾਂ ਆਪਣੇ ਵਿਰੋਧੀ ਦਾ ਹਮਲਾ ਰੋਕਣਾ ਅਤੇ ਦੂਜਾ ਵਿਰੋਧੀ 'ਤੇ ਹਮਲਾ ਕਰਨਾ। ਗੱਤਕਾ ਖੇਡਣ ਲਈ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਹਥਿਆਰ ਵਰਤੇ ਜਾਂਦੇ ਹਨ। ਹਮਲਾ ਕਰਨ ਲਈ ਗੱਤਕਾ ਸੋਟੀ ਜਾਂ ਤਲਵਾਰ ਅਤੇ ਹਮਲਾ ਰੋਕਣ ਲਈ ਢਾਲ ਹੁੰਦੀ ਹੈ। ਗੱਤਕਾ ਇਕ ਮੀਟਰ (39 ਇੰਚ) ਦੇ ਕਰੀਬ ਲੰਬਾ ਡੰਡਾ ਹੁੰਦਾ ਹੈ। ਇਸ ਦੇ ਇੱਕ ਸਿਰੇ 'ਤੇ ਹੱਥ ਦੀ ਚੰਗੀ ਪਕੜ ਅਤੇ ਸੁਰੱਖਿਆ ਲਈ ਇੱਕ ਗੱਦੀ ਲਗਾਈ ਹੁੰਦੀ ਹੈ। ਢਾਲ ਲੱਕੜ ਜਾਂ ਲੋਹੇ ਦੀ ਬਣੀ ਹੁੰਦੀ ਹੈ, ਜਿਸ ਦੇ ਅੰਦਰਲੇ ਪਾਸੇ ਫੜ੍ਹਣ ਲਈ ਮਜ਼ਬੂਤ ਕੁੰਡੀ ਲੱਗੀ ਹੁੰਦੀ ਹੈ।



ਸ਼ੁਰੂ ਵਿੱਚ ਗਤਕੇ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਕੁੱਝ ਮੁਹਾਰਤ ਹਾਸਲ ਕਰ ਲੈਣ ਤੋਂ ਬਾਅਦ ਤਲਵਾਰ ਅਤੇ ਕਈ ਹੋਰ ਪ੍ਰਮੁੱਖ ਹਥਿਆਰਾਂ ਖੰਡਾ (ਦੋ ਧਾਰੀ ਤਲਵਾਰ), ਤਵਰ (ਕੁਹਾੜਾ), ਬਰਛਾ, ਚੱਕਰ, ਨੇਜਾ ਅਤੇ ਜਾਲ ਨਾਲ ਸਿਖਲਾਈ ਦਿੱਤੀ ਜਾਂਦੀ ਹੈ। ਆਜ਼ਾਦੀ ਤੋਂ ਬਾਅਦ ਖਾਸ ਤੌਰ 'ਤੇ ਇਸ ਸਿੱਖਿਆ ਵੱਲ ਲੋਕਾਂ ਦਾ ਧਿਆਨ ਹੌਲੀ-ਹੌਲੀ ਘਟਦਾ ਚਲਾ ਗਿਆ। ਕਿਉਂਕਿ ਤਲਵਾਰਾਂ, ਨੇਜੇ, ਬਰਛੇ, ਖੰਡੇ ਅਤੇ ਤੀਰ ਕਮਾਨ ਦੀ ਜਗ੍ਹਾ ਹਥਿਆਰ ਬੰਦੂਕਾਂ, ਪਸਤੌਲਾਂ, ਰਿਵਾਲਵਰਾਂ, ਰਾਕਟਾਂ, ਲਾਂਚਰਾਂ, ਮਿਜ਼ਾਈਲਾਂ ਅਤੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨੂੰ ਤਰਜੀਹ ਦਿੱਤੀ ਜਾਣ ਲੱਗੀ। ਕੁੱਝ ਸਮਾਂ ਪਹਿਲਾਂ ਜੇਕਰ ਇੱਕ ਦਹਾਕਾ ਪਹਿਲਾਂ ਦੀ ਗੱਲ ਨਾ ਕਰੀਏ ਤਾਂ ਉਸ ਤੋਂ ਪਹਿਲਾਂ ਇਹ ਖੇਡ ਨਿਹੰਗ ਸਿੰਘਾਂ ਅਤੇ ਅਜਿਹੇ ਕੁੱਝ ਹੋਰ ਸਮੂਹਾਂ ਤਕ ਹੀ ਸੀਮਿਤ ਰਹਿ ਗਈ ਸੀ। ਮੇਲਿਆਂ ਅਤੇ ਨਗਰ-ਕੀਰਤਨ ਵਿੱਚ ਗਤਕੇਬਾਜ਼ੀ ਨੂੰ ਰੌਚਕ ਤੌਰ 'ਤੇ ਪ੍ਰਦਰਸ਼ਿਤ ਕੀਤਾ ਜਾਂਦਾ ਸੀ। ਵੱਖ-ਵੱਖ ਸਮਿਆਂ 'ਤੇ ਗਤਕੇ ਨੂੰ ਇੱਕ ਖੇਡ ਵਜੋਂ ਮਾਨਤਾ ਦਿੱਤੇ ਜਾਣ ਦੀ ਗੱਲ ਤੁਰਦੀ ਰਹੀ ਅਤੇ ਲੁਕਦੀ ਰਹੀ ਹੈ। ਪਰ ਪੰਜਾਬ ਸਰਕਾਰ ਨੇ ਇਸ ਵਿੱਦਿਆ ਅਤੇ ਇਸ ਖੇਡ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਹੈ। ਜਿਸ ਕਾਰਨ ਪਹਿਲਾਂ ਇੰਟਰ ਕਾਲਜ ਅਤੇ ਫਿਰ ਇੰਟਰ ਯੂਨੀਵਰਸਿਟੀ ਮੁਕਾਬਲੇ ਕਰਵਾਏ ਜਾਣ ਲੱਗ ਪਏ ਹਨ। ਇਸ ਵਿੱਦਿਆ ਨੂੰ ਪ੍ਰਫੁੱਲਤ ਕਰਨ ਲਈ ਫੈਡਰੇਸ਼ਨਾਂ ਅਤੇ ਕਈ ਸਿੱਖ ਜਥੇਬੰਦੀਆਂ ਵੀ ਕੋਸ਼ਿਸ਼ ਕਰ ਰਹੀਆਂ ਹਨ। ਇੱਥੇ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਗੁਰੂਆਂ ਵੱਲੋਂ ਸ਼ੁਰੂ ਕੀਤੀ ਇਸ ਖੇਡ ਨੂੰ ਨਿਰਸਵਾਰਥ ਹੋ ਕੇ ਅਣਗੌਲਿਆਂ ਕੀਤੇ ਬਿਨ੍ਹਾਂ ਹੋਰ ਸਮਾਂ ਨਾ ਗਵਾਉਂਦੇ ਹੋਏ ਦੁਨੀਆਂ ਭਰ 'ਚ ਪ੍ਰਚਲਿਤ ਅਤੇ ਸਥਾਪਿਤ ਕੀਤਾ ਜਾਵੇ।

# ਭਾਜਪਾ ਤੇ ਢੀਂਡਸਾ ਧੜੇ ਨਾਲ ਮਿਲ ਕੇ ਸਰਕਾਰ ਬਣਾਵਾਂਗੇ- ਕੈਪਟਨ ਅਮਰਿੰਦਰ ਸਿੰਘ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਥੇ ਆਪਣੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਮੁੱਖ ਦਫ਼ਤਰ ਦਾ ਉਦਘਾਟਨ ਕਰਨ ਮਗਰੋਂ ਦਾਅਵਾ ਕੀਤਾ ਕਿ ਉਹ ਪੰਜਾਬ 'ਚ ਭਾਜਪਾ ਤੇ ਢੀਂਡਸਾ ਧੜੇ ਨਾਲ ਗੱਠਜੋੜ ਕਰ ਕੇ ਅਗਲੀ ਸਰਕਾਰ ਬਣਾਉਣਗੇ. ਉਨ੍ਹਾਂ ਕਿਹਾ ਕਿ ਗੱਠਜੋੜ ਬਾਰੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਗੱਲਬਾਤ ਹੋ ਚੁੱਕੀ ਹੈ ਅਤੇ ਹੁਣ ਉਹ ਭਾਜਪਾ ਦੇ ਹੋਰਨਾਂ ਲੀਡਰਾਂ ਨਾਲ ਮੁਲਾਕਾਤ ਕਰਨਗੇ. ਉਨ੍ਹਾਂ ਕਿਹਾ ਕਿ ਅਗਲੀਆਂ ਚੋਣਾਂ ਵਿੱਚ ਤਜਰਬੇਕਾਰਾਂ ਨੂੰ ਟਿਕਟਾਂ ਦਿੱਤੀ ਜਾਵੇਗੀ. ਅਮਰਿੰਦਰ ਨੇ ਕਿਹਾ ਕਿ ਭਾਵੇਂ ਸੀਟਾਂ ਬਾਰੇ ਗੱਲਬਾਤ ਹੋਣੀ ਬਾਕੀ ਹੈ ਪਰ ਉਨ੍ਹਾਂ ਦੀ ਸਮਝ ਹੈ ਕਿ ਜਿਸ ਪਾਰਟੀ ਦਾ ਜੋ ਜਿੱਤਣ ਵਾਲਾ ਹੋਵੇਗਾ, ਉਸ ਨੂੰ ਹੀ ਟਿਕਟ ਦਿੱਤੀ ਜਾਵੇਗੀ. ਉਨ੍ਹਾਂ ਦਾਅਵੇ ਨਾਲ ਕਿਹਾ ਕਿ ਚੋਣਾਂ ਤਾਂ ਉਹ ਜਿੱਤਣਗੇ ਕਿਉਂਕਿ ਸ਼ਹਿਰੀ ਅਤੇ ਪੇਂਡੂ ਵੋਟਰਾਂ ਨੂੰ ਲੈ ਕੇ ਗੱਠਜੋੜ ਲਈ ਚੰਗੀ ਰਿਪੋਰਟ ਸਾਹਮਣੇ ਆ ਰਹੀ ਹੈ. ਉਨ੍ਹਾਂ ਇਹ ਵੀ ਕਿਹਾ ਕਿ ਚੋਣ ਜ਼ਾਬਤਾ ਲੱਗਣ ਮਗਰੋਂ ਉਨ੍ਹਾਂ ਨਾਲ ਕਾਂਗਰਸੀ ਲੀਡਰ ਆਉਣਗੇ. ਹਾਲੇ ਉਹ ਖ਼ੁਲਾਸਾ ਨਹੀਂ ਕਰਨਗੇ ਕਿ ਕਿੰਨੇ ਕਾਂਗਰਸੀ ਲੀਡਰ ਉਨ੍ਹਾਂ ਦੇ ਨਾਲ ਹਨ. ਅਮਰਿੰਦਰ ਨੇ ਕਿਹਾ ਕਿ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ 10 ਦਿਨਾਂ ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਜ਼ਿਲ੍ਹਿਆਂ ਵਿੱਚ ਢਾਂਚਾ ਖੜ੍ਹਾ ਕੀਤਾ ਜਾ ਰਿਹਾ ਹੈ. ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਕਾਂਗਰਸੀ ਮੈਨੀਫ਼ੈਸਟੋ ਦੇ 92 ਫ਼ੀਸਦੀ ਵਾਅਦੇ ਤਾਂ ਉਨ੍ਹਾਂ ਨੇ ਹੀ ਪੂਰੇ ਕੀਤੇ ਹਨ. ਉਨ੍ਹਾਂ ਨੂੰ ਤਾਂ ਕਾਂਗਰਸ ਸਰਕਾਰ ਦੇ ਇਸਤਿਹਾਰ ਦੇਖ ਕੇ ਹੈਰਾਨੀ ਹੁੰਦੀ ਹੈ ਜੋ ਮਹਿਜ਼ ਡਰਾਮਾ ਹਨ. ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 2 ਮਹੀਨਿਆਂ ਵਿੱਚ ਹੀ ਭ੍ਰਿਸ਼ਟਾਚਾਰ ਵਧ ਗਿਆ ਹੈ. ਉਨ੍ਹਾਂ ਚੰਨੀ ਵੱਲ ਇਸਾਰਾ ਕਰਦਿਆਂ ਕਿਹਾ ਕਿ ਹੁਣ ਤਾਂ ਉਹ 3 ਮਹੀਨਿਆਂ ਤੋਂ ਬੈਠੇ ਹਨ, ਐੱਸ.ਟੀ.ਐਫ਼ ਦੀ ਰਿਪੋਰਟ ਅਦਾਲਤ ਵਿੱਚ ਖੁੱਲ੍ਹਵਾ ਲੈਣ, ਕੌਣ ਉਨ੍ਹਾਂ ਨੂੰ ਰੋਕ ਰਿਹਾ ਹੈ. ਅਮਰਿੰਦਰ ਸਿੰਘ ਨੇ 'ਆਪ' ਬਾਰੇ ਕਿਹਾ ਕਿ ਅਗਰ ਪਾਰਟੀ ਆਪਣੀ ਸਥਿਤੀ ਮਜ਼ਬੂਤ ਦੱਸ ਰਹੀ ਹੈ ਤਾਂ ਉਨ੍ਹਾਂ ਦੇ ਵਿਧਾਇੱਕ ਮੈਦਾਨ ਛੱਡ ਕੇ ਕਿਉਂ ਭੱਜ ਰਹੇ ਹਨ. ਉਨ੍ਹਾਂ ਇਹ ਵੀ ਕਿਹਾ ਤਿੰਨ ਕਾਨੂੰਨ ਰੱਦ ਹੋ ਚੁੱਕੇ ਹਨ ਅਤੇ ਐਮ.ਐੱਸ.ਪੀ ਦੇ ਮਾਮਲੇ 'ਤੇ ਕਮੇਟੀ ਬਣ ਰਹੀ ਹੈ, ਬਕਾਇਆ ਮਸਲੇ ਵੀ ਹੱਲ ਕੀਤੇ ਜਾ ਰਹੇ ਹਨ. ਇਸੇ ਦੌਰਾਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ 'ਚੋਂ ਸਿਰਫ਼ ਅਮਰਿੰਦਰ ਸਿੰਘ ਹੀ ਅਗਲੀ ਚੋਣ ਲੜਣਗੇ. ਉਨ੍ਹਾਂ ਖੁਦ ਚੋਣ ਲੜਨ ਤੋਂ ਇਨਕਾਰ ਕੀਤਾ.



**ਕੈਪਟਨ ਨਾਲ ਨਜ਼ਰ ਨਹੀਂ ਆਇਆ ਕੋਈ ਵੱਡਾ ਚਿਹਰਾ**

ਮੁੱਖ ਦਫ਼ਤਰ ਖੋਲ੍ਹੇ ਜਾਣ ਸਮੇਂ ਕੈਪਟਨ ਅਮਰਿੰਦਰ ਸਿੰਘ ਨਾਲ ਕਾਂਗਰਸ ਪਾਰਟੀ 'ਚੋਂ ਆਇਆ ਕੋਈ ਵੱਡਾ ਚਿਹਰਾ ਨਹੀਂ ਦਿਖਿਆ. ਕੋਈ ਸਾਬਕਾ ਵਿਧਾਇਕ ਜਾਂ ਮੰਤਰੀ ਵੀ ਨਹੀਂ ਆਇਆ. ਰਣਇੰਦਰ ਸਿੰਘ ਤੋਂ ਇਲਾਵਾ ਅਮਰਿੰਦਰ ਸਿੰਘ ਦੀ ਬੇਟੀ ਵੀ ਮੌਕੇ 'ਤੇ ਹਾਜ਼ਰ ਸਨ. ਅਮਰਿੰਦਰ ਸਿੰਘ ਵਲੋਂ ਇੱਥੇ 9 ਸੈਕਟਰ ਵਿੱਚ ਆਪਣਾ ਦਫ਼ਤਰ ਖੋਲ੍ਹਿਆ ਗਿਆ ਹੈ।

# ਓਮੀਕਰੋਨ : ਹੁਣ ਬ੍ਰਿਟੇਨ 'ਚ ਵੀ ਹੋਣ ਲੱਗਾ ਕਮਿਊਨਿਟੀ ਸਪ੍ਰੈਡ, ਕਈ ਇਲਾਕਿਆਂ 'ਚ ਸਾਹਮਣੇ ਆਏ ਕੇਸ

ਲੰਡਨ (ਪੰਜਾਬੀ ਅਖ਼ਬਾਰ ਬਿਊਰੋ)- ਦੁਨੀਆਂ ਦੇ 38 ਦੇਸ਼ਾਂ ਵਿੱਚ ਕੋਰੋਨਾ ਦੇ ਨਵੇਂ ਵੈਰੀਐਂਟ ਓਮੀਕਰੋਨ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਦੱਖਣੀ ਅਫ਼ਰੀਕਾ ਵਿੱਚ ਸਭ ਤੋਂ ਪਹਿਲਾਂ ਪਛਾਣੇ ਗਏ ਇਸ ਵੈਰੀਐਂਟ ਦੇ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਬ੍ਰਿਟੇਨ, ਯੂਰਪ ਅਤੇ ਭਾਰਤ ਵਿੱਚ ਵੀ ਕਾਫ਼ੀ ਤੇਜ਼ੀ ਨਾਲ ਕੇਸ ਮਿਲ ਰਹੇ ਹਨ। ਅਮਰੀਕਾ, ਆਸਟ੍ਰੇਲੀਆ ਦੇ ਬਾਅਦ ਹੁਣ ਬ੍ਰਿਟੇਨ ਵਿੱਚ ਵੀ ਓਮੀਕਰੋਨ ਦਾ ਕਮਿਊਨਿਟੀ ਸਪ੍ਰੈਡ ਸ਼ੁਰੂ ਹੋ ਚੁੱਕਾ ਹੈ। ਇੱਥੇ ਬਿਨਾਂ ਟ੍ਰੈਵਲ ਹਿਸਟਰੀ ਦੇ ਵੀ ਕਾਫ਼ੀ ਲੋਕ ਕੋਰੋਨਾ ਦੇ ਨਵੇਂ ਵੈਰੀਐਂਟ ਤੋਂ ਇਨਫ਼ੈਕਟਿਡ ਹੋ ਰਹੇ ਹਨ। ਯੂ.ਕੇ. ਦੇ ਸਿਹਤ ਮੰਤਰੀ ਸਾਜਿਦ ਜਾਵਿਦ ਨੇ ਸੰਸਦ ਵਿੱਚ ਦੱਸਿਆ ਕਿ ਦੇਸ਼ ਵਿੱਚ ਕੋਰੋਨਾ ਦੇ ਨਵੇਂ ਵੈਰੀਐਂਟ ਦੇ 336 ਕੇਸ ਸਾਹਮਣੇ ਆ ਚੁੱਕੇ ਹਨ। ਇੰਗਲੈਂਡ ਵਿੱਚ ਇਸ ਦਾ ਕਮਿਊਨਿਟੀ ਸਪ੍ਰੈਡ ਵੀ ਦੇਖਣ ਨੂੰ ਮਿਲਿਆ ਹੈ। ਇੰਗਲੈਂਡ ਵਿੱਚ ਹੁਣ ਤੱਕ 261 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ ਜਦਕਿ ਸਕੌਟਲੈਂਡ ਵਿੱਚ 71, ਵੇਲਜ਼ ਵਿੱਚ 4 ਕੇਸ ਸਾਹਮਣੇ ਆਏ ਹਨ। ਸਾਜਿਦ ਜਾਵਿਦ ਨੇ ਕਿਹਾ ਕਿ ਕਈ ਕੇਸ ਅਜਿਹੇ ਸਾਹਮਣੇ ਆਏ ਹਨ, ਜਿਹਨਾਂ ਦੀ ਕੋਈ ਟ੍ਰੈਵਲ ਹਿਸਟਰੀ ਵੀ ਨਹੀਂ ਹੈ। ਅਜਿਹੇ ਵਿੱਚ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਇੰਗਲੈਂਡ ਦੇ ਕਈ ਖੇਤਰਾਂ ਵਿੱਚ ਕਮਿਊਨਿਟੀ ਸਪ੍ਰੈਡ ਦੇਖਣ ਨੂੰ ਮਿਲ ਰਿਹਾ ਹੈ। ਅਸੀਂ ਕੁਝ ਵੀ ਕਿਸਮਤ 'ਤੇ ਨਹੀਂ ਛੱਡ ਰਹੇ। ਉਨ੍ਹਾਂ ਨੇ ਕਿਹਾ ਕਿ ਜਦੋਂ ਦੁਨੀਆਂ ਦੇ ਵਿਗਿਆਨੀ ਨਵੇਂ ਵੈਰੀਐਂਟ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ ਉਦੋਂ ਸਾਡੀ ਰਣਨੀਤੀ ਸਮਾਂ ਰਹਿੰਦੇ ਕੋਰੋਨਾ ਦੇ ਨਵੇਂ ਵੈਰੀਐਂਟ ਦੇ ਸਾਹਮਣੇ ਆਪਣਾ ਡਿਫ਼ੈਂਸ ਮਜ਼ਬੂਤ ਕਰਨ 'ਤੇ ਹੈ। ਭਾਵੇਂਕਿ ਜਾਵੇਦ ਨੇ ਯੂ.ਕੇ. ਹੈੱਲਥ ਸਕਿਓਰਟੀ ਏਜੰਸੀ ਵੱਲੋਂ ਜਾਰੀ ਡਾਟਾ ਦਾ ਵੀ ਜ਼ਿਕਰ ਕੀਤਾ।



ਇਸ ਵਿੱਚ ਵਿਗਿਆਨੀਆਂ ਨੇ ਓਮੀਕਰੋਨ ਦੀ ਸਮੇਂ ਸੀਮਾ ਡੈਲਟਾ ਵੈਰੀਐਂਟ ਤੋਂ ਘੱਟ ਹੋਣ ਦੀ ਸੰਭਾਵਨਾ ਜਤਾਈ ਹੈ। ਉਨ੍ਹਾਂ ਨੇ ਕਿਹਾ ਕਿ ਹਾਲੇ ਇਹ ਸਾਫ਼ ਨਹੀਂ ਹੈ ਕਿ ਇਹ ਵਾਇਰਸ ਕਿੰਨਾ ਖ਼ਤਰਨਾਕ ਹੈ ਅਤੇ ਵੈਕਸੀਨ ਦਾ ਇਸ 'ਤੇ ਕੀ ਅਸਰ ਪਵੇਗਾ। ਇਸ ਲਈ ਅਸੀਂ ਕੁਝ ਵੀ ਨਹੀਂ ਕਹਿ ਸਕਦੇ ਕਿ ਇਹ ਵੈਰੀਐਂਟ ਸਾਨੂੰ ਰਿਕਵਰੀ ਲਈ ਕਿੰਨਾ ਸਮਾਂ ਦੇਵੇਗਾ। ਬ੍ਰਿਟੇਨ ਨੇ ਰੈੱਡ ਲਿਸਟ ਜਾਰੀ ਕੀਤੀ ਜਿਸ ਵਿੱਚ ਕਿਸੇ ਵੀ ਦੇਸ਼ ਦੇ ਯਾਤਰੀ ਭਾਵੇਂ ਉਸ ਨੇ ਟੀਕਾਕਰਨ ਕਰਵਾਇਆ ਹੋਵੇ, ਉਸ ਨੂੰ ਯੂ.ਕੇ. ਆਉਣ ਲਈ 48 ਘੰਟੇ ਪਹਿਲਾਂ ਦੀ ਪੀ.ਸੀ.ਆਰ. ਨੈਗੇਟਿਵ ਰਿਪੋਰਟ ਦਿਖਾਉਣੀ ਹੋਵੇਗੀ।

# ਸ਼ਹੀਦ ਕਿਸਾਨਾਂ ਨੂੰ ਸੰਸਦ ਸ਼ਰਧਾਂਜਲੀ ਦੇਵੇ- ਹਰਸਿਮਰਤ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)-ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਕਿ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੀ ਸ਼ਹਾਦਤ ਨੂੰ ਸੰਸਦ ਵਿੱਚ ਮਾਨਤਾ ਦਿੱਤੀ ਜਾਵੇ, ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ। ਸਾਬਕਾ ਕੇਂਦਰੀ ਮੰਤਰੀ ਨੇ ਮੰਗ ਕੀਤੀ ਕਿ ਸਾਰੀਆਂ ਫ਼ਸਲਾਂ 'ਤੇ ਐੱਮ.ਐੱਸ.ਪੀ. ਦਿੱਤੀ ਜਾਵੇ ਅਤੇ ਇਸ ਨੂੰ ਕਾਨੂੰਨੀ ਅਧਿਕਾਰ ਬਣਾਇਆ ਜਾਵੇ। ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਬਾਦਲ ਨੇ ਕਿਹਾ, 'ਅਸੀਂ ਸਾਰੇ ਜਾਣਦੇ ਹਾਂ ਕਿ ਕਿਸਾਨਾਂ ਨੇ ਕਿਸਾਨੀ ਭਾਈਚਾਰੇ ਤੇ ਖੇਤ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਸ਼ਾਂਤੀਪੂਰਨ ਤੇ ਲੋਕਤੰਤਰੀ ਅੰਦੋਲਨ ਵਿੱਚ ਭਾਗ ਲੈਂਦਿਆਂ ਆਪਣੀਆਂ ਸ਼ਹਾਦਤਾਂ ਦਿੱਤੀਆਂ ਹਨ। ਸਦਨ ਨੂੰ ਉਨ੍ਹਾਂ ਦੇ ਸੰਘਰਸ਼ ਨਾਲ ਇਕਜੁੱਟਤਾ ਦਿਖਾਉਣੀ ਚਾਹੀਦੀ ਹੈ ਅਤੇ ਕਿਸਾਨਾਂ ਵਲੋਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਜੋ ਕੇਂਦਰ ਵੱਲੋਂ ਮੰਨੀ ਗਈ ਨੂੰ ਲੈ ਕੇ ਵਿੱਢੇ ਸੰਘਰਸ਼ ਵਿੱਚ ਝੱਲੀਆਂ ਮੁਸ਼ਕਿਲਾਂ 'ਤੇ ਅਫ਼ਸੋਸ ਜ਼ਾਹਿਰ ਕਰਨਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਐੱਮ.ਐੱਸ.ਪੀ. ਨੂੰ ਕਾਨੂੰਨੀ ਰੂਪ ਦੇਣਾ ਚਾਹੀਦਾ ਹੈ ਤੇ ਸਾਰੀਆਂ ਫ਼ਸਲਾਂ ਐੱਮ.ਐੱਸ.ਪੀ. 'ਤੇ ਖਰੀਦੀਆਂ ਜਾਣੀਆਂ ਚਾਹੀਦੀਆਂ ਹਨ। ਸਾਬਕਾ ਕੇਂਦਰੀ ਮੰਤਰੀ ਨੇ ਮੰਗ ਕੀਤੀ ਕਿ ਦਿੱਲੀ ਅਤੇ ਦੇਸ਼ ਵਿੱਚ ਹੋਰ ਥਾਵਾਂ 'ਤੇ ਕਿਸਾਨਾਂ ਖ਼ਿਲਾਫ਼ ਦਰਜ ਸਾਰੇ ਝੂਠੇ ਕੇਸ ਕੇਂਦਰ ਸਰਕਾਰ ਵਲੋਂ ਵਾਪਸ ਲਏ ਜਾਣ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਪਹਿਲਾਂ ਅਕਾਲੀ ਦਲ ਦੀ ਗੱਲ ਮੰਨ ਲਈ ਹੁੰਦੀ ਅਤੇ ਸੰਸਦ ਵਿੱਚ ਤਿੰਨ ਖੇਤੀ ਬਿਲਾਂ ਨੂੰ ਪਾਸ ਨਾ ਕਰਵਾਇਆ ਹੁੰਦਾ ਤਾਂ ਸੈਂਕੜੇ ਕਿਸਾਨਾਂ ਦੀ ਜਾਨ ਬਚਾਈ ਜਾ ਸਕਦੀ ਸੀ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਵਿੱਚ ਕੀਤੇ ਜਾ ਰਹੇ ਵਾਅਦੇ ਪਹਿਲਾਂ ਦਿੱਲੀ ਵਿੱਚ ਲਾਗੂ ਕਰਨੇ ਚਾਹੀਦੇ ਹਨ।



# ਚੋਣਾਂ 'ਚ ਅਮਰਿੰਦਰ-ਬਾਦਲ ਦੋਸਤਾਨਾ ਮੈਚ ਖੇਡਣਗੇ- ਚੰਨੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅਮਰਿੰਦਰ ਤੇ ਬਾਦਲ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ 'ਚ ਦੋਸਤਾਨਾ ਮੈਚ ਖੇਡਣਗੇ. ਉਨ੍ਹਾਂ ਕਿਹਾ ਕਿ ਅਮਰਿੰਦਰ ਤੇ ਬਾਦਲ ਆਪਸ ਵਿੱਚ ਅਖੌਤੀ ਦੁਸ਼ਮਣ-ਦੋਸਤ ਬਣੇ ਹੋਏ ਹਨ ਅਤੇ ਅਗਲੀਆਂ ਚੋਣਾਂ ਵਿੱਚ ਵੀ ਇੱਕ- ਦੂਜੇ ਨੂੰ ਸਿਆਸੀ ਲਾਹਾ ਪਹੁੰਚਾਉਣ ਲਈ ਸੀਟਾਂ ਦੀ ਵਿਵਸਥਾ ਵਿੱਚ ਰੁੱਝੇ ਹੋਏ ਹਨ. ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਵੀ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਇੱਕ ਦੂਸਰੇ ਦੀ ਸੁਵਿਧਾ ਲਈ ਅਮਰਿੰਦਰ ਤੇ ਬਾਦਲ ਦੋਸਤਾਨਾ ਮੈਚ ਖੇਡਦੇ ਰਹੇ ਹਨ. ਮੁੱਖ ਮੰਤਰੀ ਨੇ ਕਿਹਾ ਕਿ ਅਗਲੀਆਂ ਚੋਣਾਂ ਕਰ ਕੇ ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਲੀਡਰਸ਼ਿਪ ਨੇ ਸਿਰਫ਼ ਸਿਆਸੀ ਫ਼ਾਇਦੇ ਲਈ ਪੰਜਾਬ ਦੇ ਹਿੱਤਾਂ ਦਾ ਅੰਦਰਖਾਤੇ ਨੁਕਸਾਨ ਕੀਤਾ ਹੈ. ਚੰਨੀ ਨੇ ਕਿਹਾ ਕਿ ਇਹ ਤਿੰਨੋਂ ਹੀ ਸੂਬੇ ਦੇ ਹਿੱਤਾਂ ਨੂੰ ਠੇਸ ਪਹੁੰਚਾਉਣ ਲਈ ਘਿਓ-ਖਿਚੜੀ ਸਨ ਅਤੇ ਭਵਿੱਖ ਵਿੱਚ ਵੀ ਆਪਣੇ ਇਸ ਸਿਆਸਤ ਤੋਂ ਪ੍ਰੇਰਿਤ ਏਜੰਡੇ ਨੂੰ ਜਾਰੀ ਰੱਖਣਗੇ. ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵਿਰੋਧੀਆਂ ਦੀ ਕੋਈ ਸਾਜ਼ਿਸ਼ ਕਾਂਗਰਸੀ ਵਰਕਰਾਂ ਦੇ ਉਤਸਾਹ ਨੂੰ ਘਟਾ ਨਹੀਂ ਸਕੇਗੀ ਅਤੇ ਅਮਰਿੰਦਰ ਦੇ ਕਾਂਗਰਸ 'ਚੋਂ ਲਾਂਭੇ ਹੋਣ ਮਗਰੋਂ ਕਾਂਗਰਸੀ ਵਰਕਰਾਂ ਦੇ ਮੂਡ ਵਿੱਚ ਵੱਡੀ ਤਬਦੀਲੀ ਆਈ ਹੈ. ਚੰਨੀ ਨੇ ਕਿਹਾ ਕਿ ਆਗਾਮੀ ਚੋਣਾਂ ਵਿੱਚ ਪੰਜਾਬ ਦੇ ਲੋਕ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ 'ਤੇ ਭਰੋਸਾ ਨਹੀਂ ਕਰਨਗੇ ਕਿਉਂਕਿ ਅਮਰਿੰਦਰ ਸਿੰਘ ਆਪਣੀ ਢਿੱਲੀ ਕਾਰਗੁਜ਼ਾਰੀ ਕਰਕੇ ਲੋਕਾਂ ਤੋਂ ਦੂਰੀ ਬਣਾਈ ਰੱਖਣ ਕਰਕੇ ਆਪਣੀ ਭਰੋਸੇਯੋਗਤਾ ਗੁਆ ਬੈਠੇ ਹਨ. ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਨੇ ਬਤੌਰ ਮੁੱਖ ਮੰਤਰੀ ਕੁਝ ਨਹੀਂ ਕੀਤਾ ਅਤੇ ਫ਼ਾਰਮ ਹਾਊਸ ਹੀ ਬੈਠੇ ਰਹੇ. ਮੁੱਖ ਮੰਤਰੀ ਨੇ ਪ੍ਰਾਈਵੇਟ ਚੈੱਨਲ ਦੇ ਪ੍ਰੋਗਰਾਮ ਵਿੱਚ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਨਸ਼ਿਆਂ ਦੇ ਮਾਮਲੇ ਦੀ ਪੜਤਾਲ ਸਹੀ ਲੀਹ 'ਤੇ ਚੱਲ ਰਹੀ ਹੈ ਅਤੇ ਜਲਦੀ ਹੀ ਲੋਕਾਂ ਦੀ ਤਸੱਲੀ ਅਨੁਸਾਰ ਇਨਸਾਫ਼ ਹੋਵੇਗਾ. ਉਨ੍ਹਾਂ ਕਿਹਾ ਕਿ ਇਹ ਮੁੱਦੇ ਬੁਰੀ ਤਰ੍ਹਾਂ ਉਲਝਾਏ ਹੋਏ ਸਨ ਪਰ ਸਰਕਾਰ ਇਨ੍ਹਾਂ ਦੇ ਤਰਕਪੂਰਨ ਅੰਤ ਵੱਲ ਵਧ ਰਹੀ ਹੈ. ਚੰਨੀ ਨੇ ਕੇਜਰੀਵਾਲ ਨੂੰ ਸਲਾਹ ਦਿੱਤੀ ਕਿ ਉਹ ਇਸ ਤੱਥ ਨੂੰ ਭਲੀ-ਭਾਂਤੀ ਜਾਣਦੇ ਹਨ ਕਿ ਉਹ ਇਸ ਸੂਬੇ ਵਿੱਚ ਕਦੇ ਵੀ ਸੱਤਾ ਵਿੱਚ ਨਹੀਂ ਆਉਣਗੇ ਇਸ ਲਈ ਵੱਡੇ-ਵੱਡੇ ਵਾਅਦੇ ਕਰ ਕੇ ਪੰਜਾਬ ਦੇ ਲੋਕਾਂ ਨੂੰ ਆਪਣੀਆਂ ਕੋਝੀਆਂ ਚਾਲਾਂ ਨਾਲ ਮੂਰਖ ਬਣਾਉਣ ਦੀ ਬਜਾਏ ਉਹ ਦਿੱਲੀ ਵਿੱਚ ਆਪਣੀ ਸਰਕਾਰ 'ਤੇ ਜ਼ਿਆਦਾ ਧਿਆਨ ਦੇਣ.





'ਆਲੋਚਨਾ ਨੂੰ ਹਾਂ-ਪੱਖੀ ਢੰਗ ਨਾਲ ਲੈਂਦਾ ਹਾਂ'- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਹ ਵੀ ਕਿਹਾ ਕਿ ਉਹ ਸਰਕਾਰ ਦੀ ਅਗਵਾਈ ਕਰ ਰਹੇ ਹਨ ਜਦੋਂ ਕਿ ਨਵਜੋਤ ਸਿੰਘ ਸਿੱਧੂ ਪਾਰਟੀ ਪ੍ਰਧਾਨ ਹਨ ਅਤੇ ਦੋਵਾਂ ਸੰਗਠਨਾਂ ਵਿੱਚ ਪੂਰੀ ਤਰ੍ਹਾਂ ਕਿਸੁਰਤਾ ਹੈ. ਮੁੱਖ ਮੰਤਰੀ ਚੰਨੀ ਨੇ ਬਿਨਾਂ ਕਿਸੇ ਝਿਜਕ ਦੇ ਕਿਹਾ ਕਿ ਉਹ ਹਮੇਸ਼ਾ ਆਪਣੀ ਆਲੋਚਨਾ ਨੂੰ ਹਾਂ-ਪੱਖੀ ਢੰਗ ਨਾਲ ਹੀ ਲੈਂਦੇ ਹਨ, ਚਾਹੇ ਇਹ ਪਾਰਟੀ ਦੇ ਅੰਦਰੋਂ ਹੋ ਰਹੀ ਹੋਵੇ ਜਾਂ ਬਾਹਰੋਂ. ਉਨ੍ਹਾਂ ਕਿਹਾ ਕਿ ਕੰਮਕਾਜ ਦੇ ਜਮਹੂਰੀ ਢਾਂਚੇ ਵਿੱਚ ਵਿਚਾਰਾਂ ਦਾ ਮਤਭੇਦ ਅਕਸਰ ਹੁੰਦਾ ਹੈ ਅਤੇ ਹਰੇਕ ਨੂੰ ਬਿਨਾਂ ਕਿਸੇ ਪੱਖਪਾਤ ਅਤੇ ਗਲਤ ਭਾਵਨਾ ਦੇ ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ।







# ਕਾਮੇਡੀ ਦਾ ਨਵਾਂ ਖਜ਼ਾਨਾ ਲੈ ਕੇ ਆ ਰਿਹਾ 'ਸ਼ਾਵਾ ਨੀਂ .. ਗਿਰਧਾਰੀ ਲਾਲ'



ਸੁਰਜੀਤ ਜੱਸਲ
9814607737



ਗਾਇਕੀ ਤੋਂ ਪੰਜਾਬੀ ਪਰਦੇ ਵੱਲ ਆਇਆ ਗਿੱਪੀ ਗਰੇਵਾਲ ਨੇ ਕਾਮੇਡੀ ਅਤੇ ਸਮਾਜਿਕ ਵਿਸ਼ਿਆਂ ਦੀਆਂ ਅਨੇਕਾਂ ਫ਼ਿਲਮਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ ਹੈ। ਐਕਸ਼ਨ ਫ਼ਿਲਮ 'ਵਾਰਨਿੰਗ 'ਤੋਂ ਬਾਅਦ ਹੁਣ ਗਿੱਪੀ ਗਰੇਵਾਲ ਹਾਸਿਆਂ ਦੀਆਂ ਲੱਪਾਂ ਵੰਡਦੀ ਫ਼ਿਲਮ 'ਸ਼ਾਵਾਂ ਨੀਂ ਗਿਰਧਾਰੀ ਲਾਲ' ਲੈ ਕੇ ਆ ਰਿਹਾ ਹੈ।

ਪੁਰਾਣੇ ਵਿਰਸੇ ਦੀਆਂ ਚਰਚਿਤ ਬੋਲੀਆਂ ਦੇ ਮਜ਼ਾਕੀਆ ਪਾਤਰ ਗਿਰਧਾਰੀ ਲਾਲ ਬਾਰੇ ਬਣੀ ਇਸ ਫ਼ਿਲਮ ਦਾ ਲੇਖਕ ਅਤੇ ਨਿਰਦੇਸ਼ਕ ਤੇ ਨਾਇਕ ਗਿੱਪੀ ਗਰੇਵਾਲ ਹੀ ਹੈ। ਪੇਂਡੂ ਕਲਚਰ ਦੀਆਂ ਖੁਸ਼ਬੋਆਂ ਬਿਖ਼ੇਰਦੀ ਮਨੋਰੰਜਨ ਭਰਪੂਰ ਕਾਮੇਡੀ ਫਿਲਮ 'ਸ਼ਾਵਾ ਨੀ ਗਿਰਧਾਰੀ ਲਾਲ' ਵਿਚ ਗਿੱਪੀ ਗਰੇਵਾਲ ਨੇ ਅਜਿਹੇ ਬੇਪ੍ਰਵਾਹ ਨੌਜਵਾਨ ਦਾ ਕਿਰਦਾਰ ਨਿਭਾਇਆ ਹੈ ਜੋ ਪਿੰਡ ਦੀਆਂ ਸੋਹਣੀਆਂ ਜਨਾਨੀਆਂ ਦਾ ਝਾਕਾ ਲੈਣ ਦਾ ਆਦੀ ਹੈ। ਇਹ ਇੱਕ ਸਧਾਰਨ ਕਿਸਮ ਦੇ ਛੜੇ ਬੰਦੇ ਦੇ ਹੁਸੀਨ ਸੁਪਨਿਆਂ ਦੀ ਕਹਾਣੀ ਹੈ,ਜਿਸਨੂੰ ਪਿੰਡ ਦੀਆਂ ਸਾਰੀਆਂ ਜਨਾਨੀਆਂ ਚੰਗੀਆਂ ਲੱਗਦੀਆਂ ਹਨ ਪਰ ਉਹ ਕਿਸੇ ਨੂੰ ਚੰਗਾ ਨਹੀਂ ਲੱਗਦਾ। ਆਪਣੇ ਆਪ ਨੂੰ ਚੰਗਾ ਵਿਖਾਉਣ ਲਈ ਗਿਰਧਾਰੀ ਲਾਲ ਜੋ ਸਕੀਮਾਂ ਘੜ੍ਹਦਾ ਹੈ ਉਹੋ ਫਿਲਮ ਦੀ ਰੌਚਕਤਾ ਨੂੰ ਵਧਾਉਂਦੀਆਂ ਹਨ। ਫ਼ਿਲਮ ਦਾ ਪੇਂਡੂ ਕਲਚਰ ਵਿਖਾਉਣ ਲਈ 1940 ਦੇ ਸਮਿਆਂ ਦੇ ਪੁਰਾਣੇ ਘਰਾਂ ਚ ਸੂਟਿੰਗ ਕੀਤੀ ਗਈ ਹੈ।

ਫ਼ਿਲਮ ਦਾ ਗੀਤ ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਫ਼ਿਲਮ ਵਿਚ ਗਿੱਪੀ ਗਰੇਵਾਲ, ਹਿਮਾਂਸੀ ਖੁਰਾਣਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਰਾਣਾ ਰਣਵੀਰ, ਸਰਦਾਰ ਸੋਹੀ, ਨੀਰੂ ਬਾਜਵਾ, ਯਾਮਨੀ ਗੌਤਮ, ਪਾਇਲ ਰਾਜਪੂਤ, ਸੁਰੀਲੀ ਗੌਤਮ, ਸਾਰਾ ਗੁਰਪਾਲ, ਤਨੂ ਗਰੇਵਾਲ, ਸੀਮਾ ਕੌਸ਼ਲ, ਪ੍ਰਭ ਗਰੇਵਾਲ, ਪਰਮਿੰਦਰ ਕੌਰ ਗਿੱਲ, ਰਾਜ ਧਾਲੀਵਾਲ, ਗੁਰਪ੍ਰੀਤ ਕੌਰ ਭੰਗੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। 'ਸ਼ਾਵਾਂ ਨੀਂ ਗਿਰਧਾਰੀ ਲਾਲ' ਹੰਬਲ ਮੋਸ਼ਨ ਪਿਕਚਰਜ਼, ਪੂਜਾ ਐਂਟਰਟੇਨਮੈਂਟ ਤੇ ਓਮਜੀ ਸਟਾਰ ਸਟੂਡੀਓਜ਼ ਦੀ ਪੇਸ਼ਕਸ਼ ਹੈ ਅਤੇ ਫਿਲਮ ਦੇ ਨਿਰਮਾਤਾ ਗਿੱਪੀ ਗਰੇਵਾਲ, ਵਾਸ਼ੂ ਭਗਨਾਨੀ ਅਤੇ ਆਸ਼ੂ ਮੁਨੀਸ਼ ਸਾਹਨੀ ਹਨ। ਇਸ ਫ਼ਿਲਮ ਦੀ ਕਹਾਣੀ ਗਿੱਪੀ ਗਰੇਵਾਲ ਨੇ ਲਿਖਿਆ ਹੈ ਅਤੇ ਡਾਇਲਾਗ ਤੇ ਸਕਰੀਨ ਪਲੇਅ ਰਾਣਾ ਰਣਬੀਰ ਨੇ ਲਿਖੇ ਹਨ। ਨਾਮੀ ਗੀਤਕਾਰ ਹੈਪੀ ਰਾਏਕੋਟੀ ਅਤੇ ਰਿੱਕੀ ਖਾਨ ਦੇ ਲਿਖੇ ਗੀਤਾਂ ਨੂੰ ਗਿੱਪੀ ਗਰੇਵਾਲ, ਸਤਿੰਦਰ ਸਰਤਾਜ, ਸੁਨੀਧੀ ਚੌਹਾਨ ਅਤੇ ਜੀ ਖਾਨ ਨੇ ਗਾਇਆ ਹੈ। 17 ਦਸੰਬਰ ਨੂੰ ਰਿਲੀਜ਼ ਹੋ ਰਹੀ ਇਹ ਫ਼ਿਲਮ ਪੰਜਾਬੀ ਦਰਸ਼ਕਾਂ ਲਈ ਮਨੋਰੰਜਨ ਦੀ ਇੱਕ ਨਵੀਂ ਸੌਗਾਤ ਹੋਵੇਗੀ।



# ਨੌਜਵਾਨਾਂ ਦੀਆਂ ਭਾਵਨਾਵਾਂ ਨਾਲ ਜੁੜੀ ਫ਼ਿਲਮ 'ਮਰਜਾਣੇ'



ਲੇਖਕ ਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਦਾ ਸਿਨਮਾ ਆਮ ਸਿਨਮੇ ਤੋਂ ਜ਼ਰਾ ਹਟਕੇ ਹੁੰਦਾ ਹੈ। ਉਸਨੇ ਆਪਣੀਆਂ ਫ਼ਿਲਮਾਂ ਜ਼ਰੀਏ ਬੀਤੇ ਪੰਜਾਬ ਦੇ ਸੰਤਾਪ,ਜ਼ਿੰਦਗੀ ਤੋਂ ਭਟਕੇ ਨੌਜਵਾਨਾਂ, ਪ੍ਰਸ਼ਾਸਨ ਤੇ ਸਿਆਸੀ ਸਾਜਿਸ਼ਾਂ ਨੂੰ ਪੇਸ਼ ਕਰਦੇ ਇਤਿਹਾਸ ਨੂੰ ਸਿਨਮਾ ਬੁੱਕ ਵਿੱਚ ਦਰਜ ਕਰਵਾਇਆ ਹੈ, ਵੱਡੀ ਗੱਲ ਕਿ ਉਸਦੀਆਂ ਫ਼ਿਲਮਾਂ 'ਚੋਂ ਨਿਰੋਲ ਮਾਲਵੇ ਦੀ ਮਹਿਕ ਆਉਂਦੀ ਹੈ। ਦਰਸ਼ਕ ਉਸਦੀਆਂ ਫ਼ਿਲਮਾਂ ਦੀ ਉਡੀਕ ਵੀ ਕਰਦੇ ਹਨ। ਇੰਨ੍ਹੀਂ ਦਿਨੀਂ ਅਮਰਦੀਪ ਸਿੰਘ ਗਿੱਲ ਦੀ ਆਪਣੀ ਲਿਖੀ ਤੇ ਡਾਇਰੈਕਟ ਕੀਤੀ ਇੱਕ ਨਵੀਂ ਫ਼ਿਲਮ 'ਮਰਜਾਣੇ' ਰਿਲੀਜ਼ ਹੋਵੇਗੀ।

ਮਾਂ-ਪੁੱਤ ਦੇ ਰਿਸ਼ਤੇ ਦੀ ਭਾਵੁਕਤਾ ਭਰਿਆ ਗੀਤ 'ਕਾਂਵਾਂ' ---

ਫ਼ਿਲਮ ਭਾਵੇਂ ਐਕਸ਼ਨ ਵਾਲੀ ਹੋਵੇ ਜਾਂ ਕਾਮੇਡੀ ..ਹਮੇਸ਼ਾਂ ਹੀ ਗੀਤਾਂ ਦੀ ਵਿਸ਼ੇਸ਼ ਅਹਿਮੀਅਤ ਰੱਖੀ ਜਾਂਦੀ ਹੈ। ਬਹੁਤ ਘੱਟ ਫ਼ਿਲਮਕਾਰ ਹੁੰਦੇ ਹਨ ਜੋ ਗੀਤਾਂ ਦੀ ਚੋਣ ਅਤੇ ਵਿਸ਼ਿਆਂ ਪ੍ਰਤੀ ਧਿਆਨ ਦਿੰਦੇ ਹਨ ਪ੍ਰੰਤੂ ਅਮਰਦੀਪ ਸਿੰਘ ਗਿੱਲ ਦੀ ਗੱਲ ਵੱਖਰੀ ਹੈ। ਦਰਅਸਲ ਉਹ ਫ਼ਿਲਮਕਾਰ ਤੋਂ ਪਹਿਲਾਂ ਇੱਕ ਸੁਲਝਿਆ ਹੋਇਆ ਗੀਤਕਾਰ ਹੈ। ਸਾਹਿਤ ਦੀ ਫੁੱਲਬਾੜੀ ਚੋਂ ਉਪਜੇ ਇਸ ਗੀਤਕਾਰ ਦੇ ਲਿਖੇ ਅਨੇਕਾਂ ਗੀਤਾਂ ਨੇ ਪੰਜਾਬੀ ਗਾਇਕੀ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਇੰਨ੍ਹੀਂ ਦਿਨੀਂ ਰਿਲੀਜ਼ ਹੋ ਰਹੀ ਅਮਰਦੀਪ ਸਿੰਘ ਗਿੱਲ ਦੀ ਲਿਖੀ ਤੇ ਡਾਇਰੈਕਟ ਕੀਤੀ ਫ਼ਿਲਮ 'ਮਰਜਾਣੇ' ਦੇ ਟਰੇਲਰ ਤੋਂ ਬਾਅਦ ਹੁਣ ਇਸਦੇ ਗੀਤ ਵੀ ਕਾਫ਼ੀ ਚਰਚਾ ਵਿੱਚ ਹਨ। ਮਾਂ-ਪੁੱਤ ਦੇ ਮੋਹ ਤੇ ਵਿਛੋੜੇ ਦੀ ਤੜਫ਼ ਬਿਆਨਦਾ ਗੀਤ

ਕਾਂਵਾਂ ਵੇ ਸੁਣ ਕਾਂਵਾਂ... ਕਿਉਂ ਬਦਲ ਗਏ ਸਿਰਨਾਵਾਂ
ਪੁੱਤ ਕਿਹੜੇ ਰਾਹ ਪੈ ਗਈ -- ਵੇ ਖੜ ਬੂਹੇ ਚ ਉਡੀਕਣ ਮਾਵਾਂ

ਬਹੁਤ ਹੀ ਭਾਵੁਕਤਾ ਭਰਿਆ ਗੀਤ ਹੈ। ਅਮਰਦੀਪ ਨੇ ਇਸ ਗੀਤ ਨੂੰ ਜਿੰਨ੍ਹਾ ਵਧੀਆ ਲਿਖਿਆ ਹੈ, ਹਰਭਜਨ ਮਾਨ ਨੇ ਉਨ੍ਹੇ ਹੀ ਸੋਹਜਮਈ ਅੰਦਾਜ਼ 'ਚ ਰੂਹ ਨਾਲ ਗਾਇਆ ਹੈ। ਸਚਿਨ ਆਹੂਜਾ ਦਾ ਸੰਗੀਤ ਵੀ ਕਮਾਲ ਦਾ ਹੈ।

'ਮਰਜਾਣੇ' ਫ਼ਿਲਮ ਦਾ ਜਿੱਥੇ ਇਹ ਗੀਤ ਮਾਂ ਪੁੱਤ ਦੇ ਰਿਸ਼ਤੇ ਦੀ ਭਾਵੁਕਤਾ ਦਾ ਪ੍ਰਗਟਾਵਾ ਕਰਦਾ ਹੈ ਉਥੇ ਹੀ ਫਿਲਮ ਦਾ ਇੱਕ ਹੋਰ ਗੀਤ 'ਜ਼ਿੰਦਗੀ ਯਾਰਾਂ ਦੀ' ਫ਼ਿਲਮ ਦੇ ਨਾਇਕ ਦਾ ਗੈਂਗਸਟਰ ਜੀਵਨ ਦਰਸਾਉਂਦਾ ਸਿੱਪੀ ਗਿੱਲ ਦਾ ਗਾਇਆ ਹੈ ਜੋ ਨਰਿੰਦਰ ਬਾਠ ਨੇ ਲਿਖਿਆ ਤੇ ਦੀਪ ਜੰਡੂ ਨੇ ਸੰਗੀਤਬੰਧ ਕੀਤਾ ਹੈ।

ਓਹਰੀ ਪ੍ਰੋਡਕਸ਼ਨ ਅਤੇ ਜੀਤ ਸੰਨਜ਼ ਇੰਟਰਨੈਸ਼ਨਲ ਦੇ ਬੈਨਰ ਹੇਠ 10 ਦਸੰਬਰ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦੇ ਲੇਖਕ ਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਇਹ ਫ਼ਿਲਮ ਅੱਜ ਦੇ ਨੌਜਵਾਨਾਂ ਨੂੰ ਸਹੀ ਸੇਧ ਨਾ ਮਿਲਣ ਕਰਕੇ ਕੁਰਾਹੇ ਪਈ ਜਵਾਨੀ ਦੀ ਕਹਾਣੀ ਹੈ। ਲਾਡ ਪਿਆਰ ਦੇ ਨਾਲ ਮਰਜਾਣੇ ਆਖਣ ਵਾਲੀਆਂ ਉਨ੍ਹਾਂ ਮਾਵਾਂ ਦੇ ਪੁੱਤਾਂ ਦੀ ਕਹਾਣੀ ਹੈ ਜੋ ਜਵਾਨੀ ਦੇ ਤਾਅ ਵਿੱਚ ਜ਼ਿੰਦਗੀ ਦੇ ਰਾਹਾਂ ਤੋਂ ਅਜਿਹਾ ਭਟਕੇ ਕਿ ਹਾਲਾਤਾਂ ਨੇ ਹਥਿਆਰ ਚੁੱਕਣ ਲਈ ਮਜਬੂਰ ਕਰ ਦਿੱਤਾ। ਨਸ਼ਿਆਂ ਦੇ ਕਾਰੋਬਾਰ 'ਚ ਪਏ ਰਾਜਸ਼ੀ-ਸ਼ਰਨ ਲੋਕਾਂ ਨੇ ਆਪਣੀਆਂ ਤਿਜੌਰੀਆਂ ਭਰਨ ਲਈ ਕਿੰਨ੍ਹੇ ਹੀ ਮਾਵਾਂ ਦੇ ਪੁੱਤਾਂ ਦੀ ਜ਼ਿੰਦਗੀ ਖਰਾਬ ਕਰ ਦਿੱਤੀ ਤੇ ਰਿਵਾਲਰ 'ਚੋਂ ਨਿਕਲੀ ਗੋਲੀ ਵਾਂਗ ਮੁੜ ਕਦੇ ਘਰ ਨਾ ਪਰਤੇ ਇਸ ਫ਼ਿਲਮ 'ਚ ਸਿੱਪੀ ਗਿੱਲ ਨੇ ਮੁੱਖ ਭੂਮਿਕਾ ਨਿਭਾਈ ਹੈ। ਜਿਸਨੇ ਇਸ ਤੋਂ ਪਹਿਲਾਂ 'ਜੱਦੀ ਸਰਦਾਰ, ਜੱਟ ਜੱਟ ਬੁਆਏਜ਼-ਪੁੱਤ ਜੱਟਾਂ ਦੇ ' ਅਤੇ 'ਟਾਇਗਰ' ਫ਼ਿਲਮਾਂ ਨਾਲ ਪੰਜਾਬੀ ਦਰਸ਼ਕਾਂ ਦੇ ਦਿਲਾਂ 'ਚ ਖਾਸ਼ ਥਾਂ ਬਣਾਈ ਹੈ। 'ਮਰਜਾਣੇ ' ਫ਼ਿਲਮ 'ਚ ਸਿੱਪੀ ਗਿੱਲ ਦੀ ਨਾਇਕਾ ਪ੍ਰੀਤ ਕਮਲ ਹੈ। ਪ੍ਰੀਤ ਕਮਲ ਬਾਲੀਵੁਡ ਤੇ ਪਾਲੀਵੁੱਡ ਦੀ ਅਦਾਕਾਰਾ ਹੈ ਜੋ ਇਸ ਤੋਂ ਪਹਿਲਾਂ ਐਮੀ ਵਿਰਕ ਦੀ 'ਸਾਬ ਬਹਾਦਰ' ਫ਼ਿਲਮ ਵਿੱਚ ਵੀ ਕੰਮ ਕਰ ਚੁੱਕੀ ਹੈ। 'ਮਰਜਾਣੇ' ਫ਼ਿਲਮ ਵਿੱਚ ਪ੍ਰੀਤ ਨੇ 'ਪੂਜਾ' ਨਾਂ ਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜੋ ਸਿੱਪੀ ਗਿੱਲ ਦੀ ਲਵਰ ਹੈ।

ਇਸ ਜੋੜੀ ਤੋਂ ਇਲਾਵਾ ਕੁਲ ਸਿੱਧੂ, ਸੋਨਪ੍ਰੀਤ ਜਵੰਧਾ, ਤਰਸੇਮ ਪੌਲ, ਆਸੀਸ ਦੁੱਗਲ, ਹਰਿੰਦਰ ਭੁੱਲਰ, ਸਤਵਿੰਦਰ ਕੌਰ, ਪ੍ਰੀਤ ਭੁੱਲਰ, ਰਮਨਦੀਪ ਢਿੱਲੋਂ, ਬਲਵਿੰਦਰ ਧਾਲੀਵਾਲ, ਜੀਤ ਸਿੰਘ, ਹਰਪ੍ਰੀਤ ਬੈਂਸ ਤੇ ਬਖ਼ਤਾਵਰ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਗੀਤ ਅਮਰਦੀਪ ਸਿੰਘ ਗਿੱਲ, ਨਰਿੰਦਰ ਬਾਠ ਤੇ ਸੁਲੱਖਣ ਚੀਮਾ ਨੇ ਲਿਖੇ ਹਨ। ਸੰਗੀਤ ਸਚਿਨ ਆਹੂਜਾ, ਗੁਰਮੀਤ ਸਿੰਘ, ਲਾਡੀ ਗਿੱਲ ਤੇ ਦੀਪ ਜੰਡੂ ਨੇ ਦਿੱਤਾ ਹੈ। ਫ਼ਿਲਮ ਦਾ ਸੰਗੀਤ ਯੈਲੋ ਮਿਊਜਿਕ ਵਲੋਂ ਰਿਲੀਜ ਕੀਤਾ ਜਾਵੇਗਾ। ਫ਼ਿਲਮ ਦੇ ਨਿਰਮਾਤਾ ਵਿਵੇਕ ਓਹਰੀ, ਸਰਬਪਾਲ ਸਿੰਘ ਤੇ ਅੰਮ੍ਰਿਤਪਾਲ ਸਿੰਘ ਹਨ ਜਦਕਿ ਜਸਪ੍ਰੀਤ ਕੌਰ ਤੇ ਪ੍ਰੀਤ ਮੋਹਨ (ਕੈਂਡੀ) ਸਹਿ ਨਿਰਮਾਤਾ ਹਨ। ਇਸ ਫ਼ਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ ਜਿਸ ਨੂੰ ਦਰਸ਼ਕਾਂ ਵਲੋਂ ਪਸੰਦ ਕੀਤਾ ਜਾ ਰਿਹਾ ਹੈ। ਇਹ ਫ਼ਿਲਮ ਪੀ ਟੀ ਸੀ ਗਲੋਬ ਵਲੋਂ 10 ਦਸੰਬਰ ਨੂੰ ਦੇਸ਼ ਵਿਦੇਸ਼ਾਂ ਵਿਚ ਵੱਡੀ ਪੱਧਰ 'ਤੇ ਰਿਲੀਜ਼ ਕੀਤੀ ਜਾ ਰਹੀ ਹੈ।

# ਲਵਪ੍ਰੀਤ ਕੌਰ ਦੇਓ ਨੂੰ ਮਿਲਿਆ ਐਵਾਰਡ ਹੋਰਨਾਂ ਬੱਚਿਆਂ ਵਿੱਚ ਉਤਸ਼ਾਹ ਭਰਦਾ ਹੈ

3 ਦਸੰਬਰ, 2021 'ਇੰਨਰਨੈਸ਼ਨਲ ਡੇ ਫਾਰ ਪਰਸਨ ਵਿੱਧ ਡਿਸਏਬਲੀ' ਕੈਨੇਡਾ ਵਿੱਚ ਮਨਾਇਆ ਗਿਆ। ਇਸ ਦਿਨ 'ਤੇ ਲਵਪ੍ਰੀਤ ਕੌਰ ਦੇਓ ਨੂੰ ਪ੍ਰੀਮੀਅਰ ਕੌਂਸਲ ਆਨ 'ਸਟੇਟਸ ਆਫ਼ ਪਰਸਨ ਵਿੱਧ ਡਿਸਏਬਲਟੀਜ਼ ਐਵਾਰਡ ਆਫ਼ ਐਕਸਲੈਂਟ ਇਨ ਏਰੀਆ ਆਫ਼ ਪਬਲਿਕ ਅਵੇਅਰਨਿਸ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਹਰ ਸਾਲ ਅਲਬਰਟਾ ਪ੍ਰੀਮੀਅਰ ਕੌਂਸਲ ਵੱਲੋਂ ਕਿਸੇ ਇੱਕ ਵਿਅਕਤੀ, ਕਿਸੇ ਇੱਕ ਟੀਮ ਜਾਂ ਕਿਸੇ ਸੰਸਥਾ ਨੂੰ ਦਿੱਤਾ ਜਾਂਦਾ ਹੈ। ਇਸ ਵਾਰ ਇਹ ਐਵਾਰਡ ਲਵਪ੍ਰੀਤ ਦੀ ਝੋਲ਼ੀ ਪਿਆ ਹੈ। ਸਾਨੂੰ ਉਸ ਦੀਆਂ ਪ੍ਰਾਪਤੀਆਂ ਤੇ ਹਮੇਸ਼ਾ ਮਾਣ ਰਹੇਗਾ।

ਕੈਲਗਰੀ ਵਿੱਚ ਇੱਕ ਸੰਸਥਾ ਹੈ 'ਸੇਰੇਵਲ ਪਾਲਸੀ ਆਫ਼ ਅਲਬਰਟਾ' ਜੋ ਪਿਛਲੇ ਚਾਲ਼ੀ ਸਾਲਾਂ ਤੋ ਇਸ ਬਿਮਾਰੀ ਨਾਲ ਪੀੜਤ ਲੋਕਾਂ ਦੀ ਮੱਦਦ ਕਰਦੀ ਆ ਰਹੀ ਹੈ। ਇਸ ਸੰਸਥਾ ਨਾਲ ਰਲ ਕੇ ਲਵਪ੍ਰੀਤ ਨੇ ਇਸ ਬਿਮਾਰੀ ਨਾਲ ਜੂਝ ਰਹੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਸੰਬਧੀਆਂ ਨੂੰ ਸੁਚੇਤ ਲਈ ਅਤੇ ਉਨ੍ਹਾਂ ਦੀ ਭਲਾਈ ਲਈ ਫ਼ੰਡ ਇੱਕਠਾ ਕਰਨ ਵਿੱਚ ਇੱਕ ਸ਼ਾਨਾਮੱਤਾ ਰੋਲ ਨਿਭਾ ਰਹੀ ਹੈ।

ਲਵਪ੍ਰੀਤ ਨੇ ਕਮਿਊਨਟੀ ਲਈ ਉਹ ਕੰਮ ਕੀਤੇ ਹਨ ਜੋ ਪੂਰੀ ਤਰ੍ਹਾਂ ਤੰਦਰੁਸਤ ਬੱਚੇ ਵੀ ਨਹੀਂ ਕਰ ਸਕਦੇ। ਕਿਉਂਕਿ ਉਹ ਅਸੰਭਵ ਨੂੰ ਸੰਭਵ ਬਣਾਉਣ ਵਿੱਚ ਵਿਸ਼ਵਾਸ਼ ਰੱਖਦੀ ਕਰਕੇ ਇਸ ਸਾਲ ਦੇ ਸ਼ੁਰੂ ਵਿੱਚ ਉਸ ਨੇ ਫ਼ੰਡ ਇਕੱਠ ਕਰਨ ਦੇ ਨਾਲ ਕੈਲਗਰੀ ਡਾਉਨ ਟਾਉਨ ਵਿੱਚ 167 ਮਕਹਿਊ ਬਲ਼ਫ ਵੂਡਨ ਸਟੈਅਰਜ਼ (ਲੱਕੜ ਦੀਆਂ ਪੌੜੀਆਂ) ਚੜ ਕੇ ਰਿਕਾਰਡ ਬਣਾਇਆ ਹੈ।

ਕੈਲਗਰੀ ਦੇ ਨੌਰਥ ਵੈਸਟ ਵਿੱਚ ਪੈਂਦੇ ਟਾਊਨ ਏਅਰਡਰੀ ਆਪਣੇ ਕਾਫ਼ੀ ਪਰਿਵਾਰ ਰਹਿ ਰਹੇ ਹਨ। ਜਿਨ੍ਹਾਂ ਵਿੱਚ ਇੱਕ ਪਰਿਵਾਰ ਹੈ ਹਰਦਿਆਲ ਸਿੰਘ ਦਿਓ ਹੋਰਾਂ ਦਾ। ਇਹ ਪਰਿਵਾਰ ਸਾਡੇ ਭਾਈਚਾਰੇ ਵਿੱਚ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਬਹੁਤ ਹੀ ਮਿਲਣ ਸਾਰ ਅਤੇ ਕਮਿਊਨਟੀ ਵਿੱਚ ਹਰ ਮਨ ਪਿਆਰਾ ਹੈ। ਸ੍ਰ. ਹਰਦਿਆਲ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਦੀ ਬਹੁਤ ਹੀ ਪਿਆਰੀ ਬੱਚੀ, ਲਵਪ੍ਰੀਤ ਕੌਰ ਬਚਪਨ ਤੋਂ ਸੈਰੇਵਲ ਪਾਲਸੀ ਤੋਂ ਪੀੜਤ ਹੈ। ਪਰ ਅੱਜ ਤੱਕ ਉਸ ਬੱਚੀ ਨੇ ਇਹ ਕਦੇ ਨਹੀਂ ਮਹਿਸੂਸ ਕੀਤਾ ਕਿ ਉਹ ਕਿਸੇ ਦੂਜੇ ਪੂਰੀ ਤਰ੍ਹਾਂ ਤੰਦਰੁਸਟ ਬੱਚਿਆਂ ਨਾਲੋਂ ਘੱਟ ਹੈ। ਲਵਪ੍ਰੀਤ ਦਾ ਕਹਿਣਾ ਹੈ ਕਿ ਹਰ ਚੀਜ਼ ਸੰਭਵ ਹੈ ਜੇਕਰ ਤੁਸੀਂ ਦਿਰੜ ਇਰਾਦੇ ਅਤੇ ਮਿਹਨਤ ਨਾਲ ਆਪਣੇ ਨਿਸ਼ਾਨੇ ਵੱਲ ਇੱਕ ਇੱਕ ਕਦਮ ਵਧਦੇ ਜਾਂਦੇ ਹੋ।

ਸੋ ਸਾਨੂੰ ਇਹੋ ਜਿਹੇ ਬੱਚਿਆਂ ਤੇ ਹਮੇਸ਼ਾਂ ਮਾਣ ਰਹੇਗਾ ਜਿਹੜੇ ਕਿਸੇ ਬਿਮਾਰੀ ਨੂੰ ਆਪਣੇ ਰਾਹ ਦਾ ਰੋੜਾ ਨਹੀਂ ਬਣਨ ਦਿੰਦੇ। ਸਗੋਂ ਮਿਹਨਤ ਤੇ ਲਗਨ ਨਾਲ ਅੱਗੇ ਵਧਦੇ ਜਾਂਦੇ ਹਨ। ਅਸੀਂ ਲਵਪ੍ਰੀਤ, ਉਸਦੇ ਪਰਿਵਾਰ, ਉਸ ਦੀ ਕੋਚ ਅਤੇ ਏਅਰਡਰੀ ਦਾ ਸਾਰਾ ਭਾਈਚਾਰਾ, ਜੋ ਉਸ ਨੂੰ ਸਫ਼ਲਤਾ ਵੱਲ ਵੱਧਣ ਵਿੱਚ ਮਦਦ ਕਰਦਾ ਹੈ ਸਭ ਨੂੰ ਵਧਾਈ ਦਿੰਦੇ ਹਾਂ। ਸਾਨੂੰ ਲਵਪ੍ਰੀਤ ਵਰਗੇ ਸਿਰੜੀ ਬੱਚਿਆਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜੋ ਆਪਣੀ ਹਿੰਮਤ ਅਤੇ ਦਿਰੜ ਇਰਾਦਿਆਂ ਨਾਲ ਅੱਗੇ ਵੱਧਦੇ ਹਨ। ਦੂਜਿਆਂ ਲਈ ਰੋਲ ਮਾਡਲ ਦਾ ਕੰਮ ਕਰਦੇ ਹਨ। ਇੱਕ ਵਾਰ ਫੇਰ ਅਸੀਂ ਲਵਪ੍ਰੀਤ ਨੂੰ ਉਸ ਦੇ ਸਿਰੜ, ਲਗਨ ਅਤੇ ਮਿਹਨਤ ਨੂੰ ਸਲਿਊਟ ਕਰਦੇ ਹਾਂ ਤੇ ਇਸ ਸਨਮਾਨ ਲਈ ਵਧਾਈ ਦਿੰਦੇ ਹਾਂ।

**ਸਤਨਾਮ ਸਿੰਘ ਢਾਅ ਕੈਲਗਰੀ**

# ਟ੍ਰਸਟ ਅਕਾਊਂਟ ਵਿੱਚ ਬੇ ਨਿਯਮੀਆਂ ਕਾਰਣ ਵਕੀਲ ਦਾ ਲਾਇਸੈਂਸ ਰੱਦ ਹੋਇਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਗ੍ਰਾਹਕਾਂ ਦੇ ਟ੍ਰਸਟ ਅਕਾਓਂਟ ਤੋਂ ਲਗਪਗ 10 ਲੱਖ ਡਾਲਰ ਦਾ ਘਪਲਾ ਕਰ ਲੈਣ ਦੇ ਇੱਕ ਮਾਮਲੇ ਵਿੱਚ ਰੀਅਲ ਇਸਟੇਟ ਨਾਲ ਸੰਬੰਧਿਤ ਇੱਕ ਵਕੀਲ ਨੂੰ 8 ਮਹੀਨਿਆਂ ਵਾਸਤੇ ਸਸਪੈਂਡ ਕਰ ਦਿੱਤਾ ਗਿਆ ਹੈ। ਲੌਅ ਸੁਸਾਇਟੀ ਔਫ਼ ਐਲਬਰਟਾ ਦਾ ਕਹਿਣਾ ਹੈ ਕਿ ਵੌਰੇਨ ਵੂ ਨਾਮ ਦੇ ਇਸ ਵਕੀਲ ਨੇ ਆਪਣੇ ਸਟਾਫ਼ ਦੀ ਕਾਰਗੁਜ਼ਾਰੀ 'ਤੇ ਸਹੀ ਢੰਗ ਨਾਲ ਨਜ਼ਰ ਨਹੀਂ ਰੱਖੀ ਤੇ ਵੱਡਾ ਵਿਤੀ ਨੁਕਸਾਨ ਹੋ ਗਿਆ ਜਿਸ ਕਰਕੇ ਉਹ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਵਕੀਲ ਵੌਰੇਨ ਵੂ ਦੇ ਇਸ ਔਰਤ ਕਰਮਚਾਰੀ ਦਾ ਨਾਮ ਆਰ.ਕੇ. ਦੱਸਿਆ ਗਿਆ ਹੈ ਤੇ ਉਸ ਨੇ ਟ੍ਰਸਟ ਅਕਾਓਂਟ ਤੋਂ 9 ਲੱਖ 14 ਹਜ਼ਾਰ 590 ਡਾਲਰ ਦਾ ਰਗੜਾ ਲਗਾਇਆ ਤੇ ਫ਼ਰਮ ਦੇ ਜਨਰਲ ਅਕਾਓਂਟ ਤੋਂ 1 ਲੱਖ 23 ਹਜ਼ਾਰ 680 ਡਾਲਰ ਦੀ ਰਕਮ ਹੜੱਪ ਲਈ। ਇਸ ਰਕਮ ਵਿਚੋਂ ਕੋਈ ਵਸੂਲੀ ਨਹੀਂ ਹੋ ਸਕੀ ਹੈ। ਦਸੰਬਰ, 2016 ਤੋਂ ਬਾਦ ਇਸ ਟ੍ਰਸਟ ਅਕਾਓਂਟ ਨੂੰ ਠੀਕ ਨਹੀਂ ਕੀਤਾ ਜਾ ਸਕਿਆ ਹੈ। ਚੋਰੀ ਦਾ ਪਤਾ ਫਰਬਰੀ, 2019 ਵਿੱਚ ਲੱਗਿਆ ਸੀ। ਵਕੀਲ ਵੌਰੇਨ ਵੂ ਨੂੰ 15 ਹਜ਼ਾਰ ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ ਤੇ ਇਸ ਦੀ ਅਦਾਇਗੀ ਉਪਰੰਤ ਹੀ 8 ਮਹੀਨੇ ਮਗਰੋਂ ਉਸ ਦਾ ਲਾਇਸੰਸ ਬਹਾਲ ਹੋ ਸਕੇਗਾ।

Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
STOP
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਸੰਯੁਕਤ ਕਿਸਾਨ ਮੋਰਚੇ ਦੇ ਮੰਚ ਤੋਂ ਪੁਸਤਕ 'ਖੇਤਾਂ ਦਾ ਸਫ਼ਰ' ਲੋਕ-ਅਰਪਣ



ਜਗਦੇਵ ਸਿੱਧੂ







26 ਨਵੰਬਰ,2021 ਨੂੰ ਭਾਰਤ ਅੰਦਰ ਕਿਸਾਨਾਂ ਦੁਆਰਾ ਦਿੱਲੀ ਦੇ ਬਾਰਡਰਾਂ ਉੱਤੇ ਸੰਯੁਕਤ ਕਿਸਾਨ ਮੋਰਚੇ ਦੀ ਸੁਯੋਗ ਅਗਵਾਈ ਵਿਚ ਚਲਾਏ ਜਾ ਰਹੇ ਦੇਸ਼-ਵਿਆਪੀ ਸ਼ਾਂਤੀਪੂਰਨ ਅੰਦੋਲਨ ਦਾ ਸਾਲ ਪੂਰਾ ਹੋਣ ਦੀ ਵਰ੍ਹੇਗੰਢ ਮਨਾਈ ਗਈ। ਸਰਕਾਰ ਵੱਲੋਂ ਤਿੰਨ ਵਿਵਾਦਿਤ ਖੇਤੀ ਕਾਨੂੰਨ ਵਾਪਸ ਲੈਣ ਦੇ ਐਲਾਨ ਉਪ੍ਰੰਤ ਤਸੱਲੀ ਅਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਲੱਖਾਂ ਦੀ ਗਿਣਤੀ ਵਿਚ ਪਹੁੰਚੇ ਕਿਸਾਨਾਂ ਦੀ ਸ਼ਮੂਲੀਅਤ ਨਵਾਂ ਇਤਿਹਾਸ ਸਿਰਜ ਗਈ। ਇਨ੍ਹਾਂ ਵਿਚ ਦੇਸ਼ ਭਰ ਤੋਂ ਆਏ ਲਿਖਾਰੀ, ਬੁੱਧੀਜੀਵੀ, ਚਿੰਤਕ, ਰੰਗਕਰਮੀ ਅਤੇ ਕਲਾਕਾਰ ਵੀ ਸ਼ਾਮਲ ਸਨ। ਟਿੱਕਰੀ ਬਾਰਡਰ ਵਾਲੇ ਮੋਰਚੇ ਦੇ ਗ਼ਦਰੀ ਬੀਬੀ ਗੁਲਾਬ ਕੌਰ ਮੰਚ ਤੋਂ ਕੋਈ ਦੋ ਲੱਖ ਲੋਕਾਂ ਦੇ ਭਰਵੇਂ ਇਕੱਠ ਸਾਹਮਣੇ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਕਿਸਾਨਾਂ ਅਤੇ ਲੇਖਕਾਂ ਦੁਆਰਾ ਸਾਂਝੇ ਰੂਪ ਵਿਚ ਕੈਲਗਰੀ ਦੀ ਨਾਮਵਰ ਸ਼ਾਇਰਾ, ਸੁਰਿੰਦਰ ਗੀਤ ਦੀ ਇਤਿਹਾਸਕ ਪੁਸਤਕ 'ਖੇਤਾਂ ਦਾ ਸਫ਼ਰ' ਨੂੰ ਲੋਕ-ਅਰਪਣ ਕੀਤਾ ਗਿਆ। ਮੰਚ ਦੇ ਜਨਰਲ ਸਕੱਤਰ, ਸਾਬਕਾ ਮੁਖੀ, ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਤੇ ਸਮਰੱਥ ਆਲੋਚਕ ਸੁਖਦੇਵ ਸਿਰਸਾ ਅਤੇ ਕਵੀ ਸੁਰਜੀਤ ਜੱਜ ਨੇ ਅਹਿਮ ਭੂਮਿਕੀ ਨਿਭਾਈ। ਉਨ੍ਹਾਂ ਤੋਂ ਇਲਾਵਾ ਲੋਕ-ਅਰਪਣ ਸਮੇਂ ਉੱਥੇ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਲੇਖਕ-ਪੱਤਰਕਾਰ ਰਾਮ ਸ਼ਰਨ ਜੋਸ਼ੀ, ਹਿੰਦੀ ਨਾਵਲਕਾਰ ਵਿਭੂਤੀ ਨਾਰਾਇਣ ਰਾਏ, ਹਿੰਦੀ ਲੇਖਕ -ਪੱਤਰਕਾਰ ਰਾਜ ਪਾਠਕ, ਉਰਦੂ ਕਵੀ ਡਾ. ਗੌਹਰ ਰਜ਼ਾ, ਉਰਦੂ ਲੇਖਕ ਡਾ. ਅਰਜ਼ਮੰਦ ਆਰਾ, ਡਾ. ਗੁਲਜ਼ਾਰ ਪੰਧੇਰ, ਦੇਸ਼ਭਗਤ ਯਾਦਗਾਰ ਕਮੇਟੀ ਦੇ ਕਨਵੀਨਰ ਅਮੋਲਕ ਸਿੰਘ, ਬਲਦੇਵ ਸਿੰਘ ਕੋਕਰੀ ਕਲਾਂ ਅਤੇ ਝੰਡਾ ਸਿੰਘ ਮੰਚ ਤੇ ਹਾਜ਼ਰ ਸਨ। ਇਸ ਮੌਕੇ ਇੰਗਲੈਂਡ ਵਾਸੀ ਦਲਵੀਰ ਕੌਰ ਦੁਆਰਾ ਸੰਪਾਦਿਤ ਕਾਵਿ-ਸੰਗ੍ਰਹਿ 'ਕਿਸਾਨੀ ਸੰਘਰਸ਼-ਸਦੀ ਦਾ ਕਾਵਿ' ਅਤੇ ਤਰਸੇਮ ਬਰਨਾਲਾ ਦੁਆਰਾ ਹਿੰਦੀ ਵਿਚ ਅਨੁਵਾਦਿਤ ਪੁਸਤਕ 'ਖੇਤ ਪੂਛਤੇ ਹੈਂ' ਨੂੰ ਵੀ ਲੋਕ-ਅਰਪਣ ਕੀਤਾ ਗਿਆ।ਅਗਲੇ ਦਿਨ ਸਿੰਘੂ ਬਾਰਡਰ ਦੇ ਮੋਰਚੇ ਤੋਂ ਵੀ ਕਿਸਾਨਾਂ ਤੇ ਲੇਖਕਾਂ ਦੁਆਰਾ 'ਖੇਤਾਂ ਦਾ ਸਫ਼ਰ' ਨੂੰ ਲੋਕ-ਅਰਪਣ ਕੀਤਾ ਗਿਆ, ਜਿਸ ਸਮੇਂ ਸੁਖਦੇਵ ਸਿਰਸਾ, ਸੁਰਜੀਤ ਜੱਜ, ਮਨਜੀਤ ਸਿੰਘ, ਰਮੇਸ਼ ਯਾਦਵ, ਕੁੱਲ ਹਿੰਦ ਕਿਸਾਨ ਸਭਾ ਦਾ ਕੌਮੀ ਪ੍ਰਧਾਨ ਅਤੁਲ ਕੁਮਾਰ ਅਨਜਾਨ, ਲਖਬੀਰ ਸਿੰਘ ਨਿਜ਼ਾਮਪੁਰ ਹੁਰੀਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। 'ਖੇਤਾਂ ਦਾ ਸਫ਼ਰ' ਦੀਆਂ ਕਾਫ਼ੀ ਗਿਣਤੀ ਵਿਚ ਪੁਸਤਕਾਂ ਉਭਰਦੇ ਨੌਜਵਾਨ ਕਵੀ ਅਕਰਮ ਧੂਰਕੋਟ ਅਤੇ ਸੁਰਜੀਤ ਜੱਜ ਨੇ ਪਟਿਆਲੇ ਤੋਂ ਲੈ ਕੇ ਪੁਜਦੀਆਂ ਕੀਤੀਆਂ। ਇਹ ਇੱਕੋ ਕਿਤਾਬ ਹੈ ਜਿਸ ਵਿਚ ਨਿਰੋਲ ਕਿਸਾਨੀ ਨਾਲ ਸੰਬੰਧਤ ਇੱਕੋ ਕਵੀ \ ਕਵਿੱਤਰੀ ਦੀਆਂ ਕਵਿਤਾਵਾਂ ਹਨ। ਇਸ ਵਿਚਲੇ ਇੱਕ ਗੀਤ ਦੀ ਸਤਰ ਹੈ - ਹੱਕ ਮੰਗਦੇ ਹਾਕਮਾ ਤੈਥੋਂ, ਅਸੀਂ ਨੀਂ ਕੋਈ ਭੀਖ ਮੰਗਦੇ। ਕੁਛ ਹੋਰ ਸਤਰਾਂ ਹਨ - ਅਸੀਂ ਲੜਾਂਗੇ \ ਅਸੀਂ ਮਰਾਂਗੇ \ ਅਸੀਂ ਜਿੱਤਾਂਗੇ। ਪੁਸਤਕ ਦਾ ਸਮਰਪਣ ਇਉਂ ਹੈ - ਖੇਤਾਂ ਦੇ ਗੌਰਵ ਲਈ \ ਭਾਰਤ ਵਿਚ ਚੱਲ ਰਹੇ \ ਕਿਰਤੀ ਕਿਸਾਨ ਸੰਘਰਸ਼ \ ਦੇ ਨਾਂ। ਮੋਹਨ ਤਿਆਗੀ ਅਨੁਸਾਰ - ਇਨ੍ਹਾਂ ਕਵਿਤਾਵਾਂ ਵਿਚ ਪੰਜਾਬ ਦੇ ਕਿਰਤੀ ਕਿਸਾਨ ਲੋਕਾਂ ਦੇ ਮੁੜ੍ਹਕੇ ਅਤੇ ਲਹੂ ਦੀ ਜੀਵੰਤ ਇਬਾਰਤ ਉੱਕਰੀ ਹੋਈ ਹੈ। ਪੁਸਤਕ ਦੀ ਹਰਮਨ-ਪਿਆਰਤਾ ਤੇ ਮੰਗ ਨੂੰ ਵੇਖਦਿਆਂ ਇਸ ਦਾ ਦੂਜਾ ਸੰਸਕ੍ਰਣ ਪਾਠਕਾਂ ਸਾਹਮਣੇ ਆ ਰਿਹਾ ਹੈ। ਇਸ ਇਤਿਹਾਸਕ ਅੰਦੋਲਨ ਦੇ ਇਤਿਹਾਸਕ ਦਿਹਾੜੇ ਤੇ ਸੁਰਿੰਦਰ ਗੀਤ ਨੇ ਇਤਿਹਾਸ ਦੇ ਪੰਨੇ ਤੇ ਢੁਕਵੀਂ ਹਾਜ਼ਰੀ ਦਰਜ ਕਰਨ ਦਾ ਮਾਣ ਹਾਸਲ ਕਰ ਲਿਆ ਹੈ।

# ਕੈਲਗਰੀ ਰਹਿੰਦੇ ਭਾਰਤੀ ਲੋਕਾਂ ਵੱਲੋਂ ਦਿੱਲੀ ਤੱਕ ਸਿੱਧੀ ਉਡਾਣ ਦੀ ਮੰਗ




ਐਲਬਰਟਾ ਸੂਬੇ ਦੇ ਕੈਲਗਰੀ ਸ਼ਹਿਰ ਵਿੱਚ ਵਸਦੇ ਭਾਰਤੀ ਭਾਈਚਾਰੇ ਵੱਲੋਂ ਕੈਲਗਰੀ ਤੋਂ ਦਿੱਲੀ ਸਿੱਧੀ ਉਡਾਣ ਦੀ ਮੰਗ ਚੱਕੀ ਜਾ ਰਹੀ ਹੈ। ਇਸ ਸਬੰਧੀ ਕੈਲਗਰੀ ਸ਼ਹਿਰ ਦੇ ਰਹਿਣ ਵਾਲੇ ਪੰਜਾਬੀ ਮੂਲ ਦੇ ਮੁਕਲ ਸ਼ਰਮਾ ਵੱਲੋਂ ਇਸ ਬਾਬਤ ਇੱਕ ਪਟੀਸ਼ਨ ਵੀ ਸ਼ੁਰੂ ਕੀਤੀ ਗਈ ਹੈ । ਪਟੀਸ਼ਨ ਉੱਪਰ 11,500 ਤੋਂ ਵਧੇਰੇ ਲੋਕਾਂ ਵੱਲੋਂ ਦਸਤਖ਼ਤ ਕੀਤੇ ਜਾ ਚੁੱਕੇ ਹਨ ਅਤੇ 15 ਹਜ਼ਾਰ ਦਸਤਖ਼ਤਾਂ ਦਾ ਟੀਚਾ ਰੱਖਿਆ ਗਿਆ ਹੈ। ਮੁਕਲ ਸ਼ਰਮਾ, ਜੋ ਕਿ ਬੈਂਕਿੰਗ ਖ਼ੇਤਰ ਵਿੱਚ ਕੰਮ ਕਰਦੇ ਹਨ , ਨੇ ਕਿਹਾ ਕੈਲਗਰੀ ਵਿੱਚ ਪੰਜਾਬੀ ਮੂਲ ਦੇ ਲੋਕਾਂ ਦੀ ਵੱਡੀ ਗਿਣਤੀ ਹੈ। ਇਸਤੋਂ ਇਲਾਵਾ ਹੋਰ ਸ਼ਹਿਰ ਜਿਵੇਂ ਐਡਮੰਟਨ , ਲੈਥਬ੍ਰਿਜ਼ ਆਦਿ ਵਿੱਚ ਵੀ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ । ਇਹਨਾਂ ਨੂੰ ਭਾਰਤ ਜਾਣ ਲਈ ਪਹਿਲਾਂ , ਟੋਰੋਂਟੋ ਜਾਂ ਵੈਨਕੂਵਰ ਜਾਣਾ ਪੈਂਦਾ ਹੈ , ਜਿਸ ਨਾਲ ਕਾਫ਼ੀ ਸਮਾਂ ਖ਼ਰਾਬ ਹੁੰਦਾ ਹੈ । ਮੁਕਲ ਨੇ ਕਿਹਾ ਇਸ ਨਾਲ ਸਿਰਫ਼ ਕੈਲਗਰੀ ਨਿਵਾਸੀਆਂ ਨੂੰ ਹੀ ਲਾਭ ਨਹੀਂ ਹੋਵੇਗਾ ਸਗੋਂ ਗੁਆਂਢੀ ਪ੍ਰੋਵਿੰਸਜ਼ ਵਿਚਲੇ ਸ਼ਹਿਰ ਜਿਵੇਂ ਕਿ ਰੀਜਾਇਨਾ , ਸੈਸਕਾਟੂਨ ਅਤੇ ਵਿਨਿਪੈਗ ਵਿੱਚ ਰਹਿਣ ਵਾਲਿਆਂ ਨੂੰ ਵੀ ਦੂਰ ਨਹੀਂ ਜਾਣਾ ਪਵੇਗਾ । ਉਹਨਾਂ ਕਿਹਾ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਸਿੱਧੀ ਹਵਾਈ ਉਡਾਣ ਲਈ ਕਿਸੇ ਪਟੀਸ਼ਨ ਨੂੰ ਐਨਾ ਵੱਡਾ ਹੁੰਗਾਰਾ ਮਿਲਿਆ ਹੋਵੇ। ਜ਼ਿਕਰਯੋਗ ਹੈ ਕਿ ਕੈਲਗਰੀ ਵਿੱਚ ਅੰਤਰ ਰਾਸ਼ਟਰੀ ਹਵਾਈ ਅੱਡਾ ਵੀ ਸਥਿੱਤ ਹੈ । ਫ਼ੈਡਰਲ ਸਰਕਾਰ ਵੱਲੋਂ ਏਅਰਪੋਰਟ ਨੂੰ ਅਗਸਤ ਮਹੀਨੇ ਵਿੱਚ ਰਨਵੇਅ ਲਈ $57.5 ਮਿਲੀਅਨ ਫੰਡਿੰਗ ਦੇਣ ਦਾ ਐਲਾਨ ਵੀ ਕੀਤਾ ਗਿਆ ਸੀ । ਪ੍ਰਾਪਤ ਜਾਣਕਾਰੀ ਮੁਤਾਬਿਕ ਸ਼ਹਿਰ ਦੀ ਆਬਾਦੀ ਕਰੀਬ 16 ਲੱਖ ਹੈ ।

ਸ਼ਹਿਰ ਵਿੱਚ ਪੰਜਾਬੀਆਂ ਦੀ ਵੱਧ ਰਹੀ ਗਿਣਤੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਮੂਲ ਦੀ ਜੋਤੀ ਗੌਂਡੇਕ ਸ਼ਹਿਰ ਦੀ ਪਹਿਲੀ ਔਰਤ ਮੇਅਰ ਬਣੀ ਹੈ । ਗੌਂਡੇਕ, ਪਹਿਲਾਂ ਵਾਰਡ ਨੰਬਰ 3 ਤੋਂ ਕੌਂਸਲਰ ਰਹਿ ਚੁੱਕੇ ਹਨ । ਸ਼ਹਿਰ ਵਿੱਚੋਂ ਵਾਰਡ ਨੰਬਰ 5 ਤੋਂ ਪੰਜਾਬੀ ਮੂਲ ਦੇ ਰਾਜ ਧਾਲੀਵਾਲ ਅਤੇ ਕੈਲਗਰੀ ਨੇੜੇ ਇਕ ਛੋਟੇ ਜਿਹੇ ਕਸਬੇ , ਰੌਕੀ ਵਿਊ ਕਾਊਂਟੀ ਤੋਂ ਪੰਜਾਬੀ ਮੂਲ ਦੇ ਭਵਨਦੀਪ ਸਿੰਘ ਸਮਰਾ , ਕੌਂਸਲਰ ਦੀ ਚੋਣ ਜਿੱਤੇ ਹਨ ।

ਕੈਲਗਰੀ ਨਿਵਾਸੀ ਹਰਬੰਸ ਸਿੰਘ ਬੁੱਟਰ ਨੇ ਕਿਹਾ ਸ਼ਹਿਰ ਵਿੱਚ ਪੰਜਾਬੀ ਭਾਈਚਾਰੇ ਦੀ ਵੀ ਵੱਡੀ ਗਿਣਤੀ ਹੈ।ਸਿੱਧੀ ਉਡਾਣ ਸ਼ੁਰੂ ਹੋਣ ਨਾਲ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੀ ਵੱਡਾ ਲਾਭ ਮਿਲੇਗਾ । ਇਸਤੋਂ ਇਲਾਵਾ ਕੋਵਿਡ -19 ਦੇ ਮੱਦੇਨਜ਼ਰ, ਬਹੁਤ ਸਾਰੇ ਯਾਤਰੀ ਦਿੱਲੀ ਤੋਂ ਟੈਸਟ ਕਰਾ ਕੇ ਸਿੱਧਾ ਕੈਲਗਰੀ ਉੱਤਰ ਸਕਣਗੇ। ਵਿਨੀਪੈਗ ਸ਼ਹਿਰ ਦੇ ਰਹਿਣ ਵਾਲੇ ਅਮਰਜੀਤ ਬਾਵਾ ਨੇ ਕਿਹਾ ਕੈਨੇਡਾ ਦੇ ਐਲਬਰਟਾ , ਮੈਨੀਟੋਬਾ ਅਤੇ ਸਸਕੈਚਵਨ ਪ੍ਰੋਵਿੰਸਜ਼ ਵਿੱਚ ਰਹਿਣ ਵਾਲੇ ਵਿਅਕਤੀ ਟੋਰੋਂਟੋ , ਵੈਨਕੂਵਰ ਜਾਂ ਮੌਂਟਰੀਅਲ ਰਾਹੀਂ ਭਾਰਤ ਜਾਂਦੇ ਹਨ। ਸਿੱਧੀਆਂ ਉਡਾਣਾਂ ਸ਼ੁਰੂ ਕਰਨ ਦੀ ਮੰਗ ਲੰਬੇ ਸਮੇਂ ਤੋਂ ਚੱਲ ਰਹੀ ਹੈ ਪਰ ਪੂਰੀ ਨਹੀਂ ਹੋਈ ਹੈ। ਸ਼ਹਿਰ ਦੇ ਰਹਿਣ ਵਾਲੇ ਬਜ਼ੁਰਗ ਕਰਮ ਸਿੰਘ ਨੇ ਕਿਹਾ ਕਿ ਕੈਨੇਡਾ ਭਰ ਵਿੱਚ ਪੰਜਾਬੀਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ ਹੈ ਅਤੇ ਹੁਣ ਛੋਟੇ ਸ਼ਹਿਰਾਂ ਵਿੱਚ ਵੀ ਭਾਰਤੀਆਂ ਦੀ ਗਿਣਤੀ ਵਧੀ ਹੈ । ਉਹਨਾਂ ਕਿਹਾ ਬਹੁਤ ਸਾਰੇ ਬਜ਼ੁਰਗ ਹਰ ਸਾਲ ਹੀ ਭਾਰਤ ਜਾਂਦੇ ਹਨ ਸੋ ਸਿੱਧੀ ਉਡਾਣ ਸ਼ੁਰੂ ਕਰਨ ਨਾਲ ਆਮ ਜਨਤਾ ਨੂੰ ਵੀ ਸੌਖ ਮਿਲੇਗੀ ਅਤੇ ਹਵਾਈ ਕੰਪਨੀਆਂ ਨੂੰ ਵੀ ਮੁਨਾਫ਼ਾ ਹੋਵੇਗਾ । ਕੈਲਗਰੀ ਵਿੱਚ ਕਰੀਬ 2 ਦਹਾਕੇ ਤੋਂ ਹਵਾਈ ਟਿਕਟਾਂ ਦਾ ਕੰਮ ਕਰਦੇ ਪੰਜਾਬੀ ਮੂਲ ਦੇ ਸਤੇਂਦਰ ਸਿੰਘ ਨੇ ਕਿਹਾ ਇਹ ਸਿੱਧੀ ਉਡਾਣ ਸਿਰਫ਼ ਪੰਜਾਬ ਦੇ ਲੋਕਾਂ ਲਈ ਹੀ ਨਹੀਂ ਸਗੋਂ ਭਾਰਤ ਦੇ ਹੋਰ ਹਿੱਸਿਆਂ ਵਿੱਚ ਰਹਿੰਦੇ ਲੋਕਾਂ ਲਈ ਵੀ ਫ਼ਾਇਦੇਮੰਦ ਹੋਵੇਗੀ। ਟੋਰੋਂਟੋ ਅਤੇ ਵੈਨਕੂਵਰ ਤੋਂ ਸੀਟ ਮਿਲਣੀ ਮੁਸ਼ਕਿਲ ਹੋ ਜਾਂਦੀ ਹੈ ਕਿਉਂਕਿ ਇਹਨਾਂ ਸ਼ਹਿਰਾਂ ਵਿੱਚ ਪਹਿਲਾਂ ਹੀ ਭਾਰਤੀ ਮੂਲ ਦੇ ਲੋਕਾਂ ਦੀ ਸੰਖਿਆ ਬਹੁਤ ਹੈ ।

(ਰਿਪੋਰਟ-ਸਰਬਮੀਤ ਸਿੰਘ ਸੀ ਬੀ ਸੀ -ਆਰ ਸੀ ਆਈ -ਪੰਜਾਬੀ ਸੇਵਾ ਤੋਂ ਧੰਨਵਾਦ ਸਹਿਤ )

# ਹਿਚਕੀਆਂ ਕਿਉਂ ਆਉਂਦੀਆਂ ਹਨ ?



ਸੁਖਵਿੰਦਰ ਬਰਾੜ
91-86996-17609






ਹਿਚਕੀਆਂ ਹਿਚਕੀਆਂ ਹਿਚਕੀਆਂ ਹਿਚਕੀਆਂ ॥
Hiccups Hiccups Hiccups Hiccups
ਹਿਚਕੀਆਂ ਕਿਉਂ ਆਉਂਦੀਆਂ ਹਨ ?
ਹਿਚਕੀਆਂ ਰੋਕਣ ਲਈ ਕੀ ਕਰਨਾ ਚਾਹੀਦਾ ਹੈ ?
ਕੀ ਹਿਚਕੀਆਂ ਜਾਨ ਲੇਵਾ ਵੀ ਹੋ ਸਕਦੀਆਂ ਹਨ ?
ਸਾਨੂੰ ਕੀ ਕਰਨਾ ਚਾਹੀਦਾ ਹੈ ਕਿ ਹਿਚਕੀਆਂ ਨਾ ਆਉਣ ?

ਡਾਇਆਫਰਾਮ (diaphragm) ਇਕ ਮਸਲ (ਪੱਠਾ) ਹੁੰਦਾ ਹੈ ਜਿਹੜਾ ਸਾਡਾ ਪੇਟ ਤੇ ਫੇਫੜਿਆਂ ਨੂੰ ਵਖ ਕਰਦਾ ਹੈ । ਹਿਚਕੀਆਂ ਉਦੋਂ ਆਉਂਦੀਆਂ ਹਨ ਜਦੋਂ ਸਾਡਾ ਡਾਇਆਫਰਾਮ ਅਚਾਨਕ ਆਪ ਮੁਹਾਰੇ ਟਾਈਟ (contract) ਹੋਣਾ ਸ਼ੁਰੂ ਹੋ ਜਾਂਦਾ ਹੈ । ਡਾਇਆਫਰਾਮ ਸਾਨੂੰ ਸਾਹ ਲੈਣ ਤੇ ਬਾਹਰ ਕੱਢਣ ਵਿੱਚ ਮੱਦਦ ਕਰਦਾ ਹੈ । ਜਦੋਂ ਡਾਇਆਫਰਾਮ ਸੁੰਗੜ ਜਾਂਦਾ ਹੈ ਤੇ ਅਸੀਂ ਇਕਦਮ ਸਾਹ ਲੈਣ ਦੀ ਕੋਸ਼ਿਸ਼ ਕਰਦੇ ਹਾਂ ਤੇ ਸਾਡੀਆਂ ਵੋਕਲ ਕਾਰਡਜ ਬੰਦ ਹੋ ਜਾਂਦੀਆਂ ਹਨ । ਅਸੀਂ ਅਜੀਬ ਜਿਹੀ hic sound ਹਿਚਕੀ ਦੀ ਆਵਾਜ਼ ਕੱਢਦੇ ਹਾਂ ਜਿਸ ਨੂੰ ਹਿਚਕੀ ਕਿਹਾ ਜਾਂਦਾ ਹੈ ।

ਹਿਚਕੀਆਂ ਰੋਕਣ ਲਈ ਕੀ ਕਰਨਾ ਚਾਹੀਦਾ ਹੈ ?

ਇਹ ਦੱਸਣਾ ਜਰੂਰੀ ਹੈ ਕਿ ਇਹ ਪਰੋਸੈਸ ਜਾਂ ਡਾਇਆਫਰਾਮ ਨੂੰ ਦੋ ਨੈਰਵਜ ਕੰਟਰੋਲ ਕਰਦੀਆਂ ਹਨ vagus nerve and phrenic nerve.

ਜੇ ਹਿਚਕੀਆਂ ਹਟਾਉਣੀਆਂ ਹਨ ਤਾਂ ਇਹਨਾਂ ਨੈਰਵਜ ਨਾਲ ਛੇੜਛਾੜ ਕਰਨੀ ਪਵੇਗੀ ਜਾਂ ਬਰੇਨ ਦਾ ਧਿਆਨ ਲਾਂਭੇ ਕਰਨਾ ਪਵੇਗਾ ਜਿਹੜਾ ਇਹਨਾਂ ਨੂੰ ਕੰਟਰੋਲ ਕਰਦਾ ਹੈ।

ਵਿਧੀਆਂ: ਕੁੱਝ ਕੁ ਨੁਕਤੇ ਮੈਂ ਜਾਣਬੁੱਝ ਕੇ ਤੁਹਾਡੇ ਲਈ ਛਡ ਰਿਹਾ ਹਾਂ ਕਿਉਂਕਿ ਨੁਕਤੇ ਬਹੁਤ ਹਨ ਤੇ ਤੁਸੀਂ ਵੀ ਜਾਣਦੇ ਹੋ ਤੁਹਾਡੀ ਸ਼ਮੂਲੀਅਤ ਜਰੂਰੀ ਹੈ ।

1.ਸਾਹ ਰੋਕਣਾ। ਕੰਨ, ਨਕ, ਅਖਾਂ ਮੂੰਹ ਬੰਦ ਕਰਕੇ ਸਾਹ ਮੂੰਹ ਫਲਾ ਕੇ ਬਾਹਰ ਕੱਢਣ ਦੀ ਕੋਸ਼ਿਸ਼ ਕਰਨਾ।
2. ਜਾਣਬੁੱਝ ਕੇ ਆਪਣਾ ਧਿਆਨ ਡਾਈਵਰਟ ਕਰਨਾ ਜਾਂ ਕਿਸੇ ਤੋਂ ਕਰਵਾਉਣਾ।
3. ਠੰਡੇ ice cold ਪਾਣੀ ਦੀਆਂ 8-10 ਘੁੱਟ ਲਗਾਤਾਰ ਪੀਣਾ।
4.ਪੀਨਟ ਬਟਰ ਦਾ ਚਮਚਾ ਮੂੰਹ ਵਿੱਚ ਪਾ ਕੇ ਚਿਥਣਾ।
5.ਚਾਕਲੇਟ ਖਾਣਾ।
6.ਨਿੰਬੂ ਚੂਸਣਾ।
7. ਸ਼ਹੀਦ ਦਾ ਚਮਚਾ ਜੀਭ ਤੇ ਰਖ ਕੇ ਚੂਸਣਾ।
8.ਖੰਡ ਦਾ ਚਮਚਾ ਮੂੰਹ ਵਿੱਚ ਪਾਉ।
9. ਕਾਗਜ਼ ਦੇ ਲਿਫਾਫੇ ਵਿੱਚ ਸਾਹ ਲਵੋ ।
10.ਆਪਣੀ ਜੀਭ ਫੜ ਕੇ ਜੋਰ ਨਾਲ ਬਾਹਰ ਕੱਢਣਾ।
11. ਅੱਧਾ ਚਮਚਾ ਸਿਰਕਾ ਮੂੰਹ ਵਿੱਚ ਪਾ ਕੇ ਪਾਣੀ ਪੀਉ।
12. ਅਦਰਕ ਦੀਆਂ ਦੋ ਤਿੰਨ ਕਾਤਰਾਂ ਮੂੰਹ ਵਿੱਚ ਚੂਸੋ।
13. ਜੋਰ ਜੋਰ ਨਾਲ ਹੱਸਣਾ ਜਾਂ ਗਾਉਣਾ ਹੀਰ ਦੀਆਂ ਕਲੀਆਂ ।

ਨੁਕਤੇ ਬਹੁਤ ਹਨ ਤੇ ਹਿਚਕੀਆਂ ਕਈ ਵਾਰ ਜਾਨ ਲੇਵਾ ਵੀ ਹੋ ਸਕਦੀਆਂ ਹਨ ਤੇ ਹਸਪਤਾਲ ਵਿੱਚ ਦਾਖਲ ਕਰਵਾਉਣਾ ਪੈਂਦਾ ਹੈ । ਮੈਗਨੀਸ਼ੀਅਮ ਕਲੋਰਾਈਡ ਦਾ ਪਾਣੀ ਵਿੱਚ ਸੈਚੂਰੇਟੜ ਘੋਲ ਬਣਾ ਕੇ ਛਾਤੀ ਤੇ ਲਾਉਣ ਨਾਲ ਫੱਸੀ ਹਿਚਕੀ ਠੀਕ ਹੋ ਜਾਂਦੀ ਹੈ । ਮੈਗਨੀਸ਼ੀਅਮ ਦੀ ਘਾਟ ਠੀਕ ਕਰਨ ਲਈ magnesium citrate, glycinate or bisglycinate 300-500 mg ਰੋਜਾਨਾ ਲਵੋ ।ਇਹ ਡਾਇਆਫਰਾਮ ਨੂੰ ਹਮੇਸ਼ਾ ਲਈ ਰੀਲੈਕਸ ਰਖਦਾ ਹੈ ।

# ਮੂੰਹ ਆਈ ਬਾਤ ਨਾ ਰਹਿੰਦੀ ਏ

ਆਤਮਜੀਤ ਸਿੰਘ

ਅਸੀਂ ਕਿਸਾਨ ਦੀ ਕਿਰਤ ਅਤੇ ਜ਼ਮੀਨ ਦੀ ਉਪਜ ਦੇ ਸਿਰ 'ਤੇ ਜੀਵਨ ਬਤੀਤ ਕਰਦੇ ਹਾਂ। ਆਮ ਬੰਦੇ ਨੂੰ ਆਪਣੀ ਜ਼ਿੰਦਗੀ ਵਿਚ ਵਕੀਲ ਅਤੇ ਇੰਜੀਨੀਅਰ ਦੀ ਦੋ-ਤਿੰਨ ਵਾਰ, ਡਾਕਟਰ ਦੀ ਸਾਲ ਵਿਚ ਇਕ-ਅੱਧ ਵਾਰ, ਅਧਿਆਪਕ ਦੀ ਜੀਵਨ ਦੇ ਪਹਿਲੇ ਹਿੱਸੇ ਵਿਚ, ਇੰਸ਼ੋਰੈਸ ਦੀ ਦੂਜੇ ਹਿੱਸੇ ਵਿਚ ਅਤੇ ਦਰਜ਼ੀ, ਤਰਖਾਣ, ਲੁਹਾਰ, ਸੁਨਿਆਰੇ ਆਦਿ ਦੀ ਕਦੇ ਕਦੇ ਲੋੜ ਪੈਂਦੀ ਹੈ। ਸਿਰਫ਼ ਕਿਸਾਨ ਹੈ ਜਿਸਦੀ ਲੋੜ ਹਰੇਕ ਦਿਨ ਤਿੰਨੇ ਵਕਤ ਹੈ। ਰੋਟੀ ਅਤੇ ਕੱਪੜਾ ਦੋਹਾਂ ਵਾਸਤੇ ਅਸੀਂ ਉਸਦੇ ਸਿਰ ਜੀਉਂਦੇ ਹਾਂ। ਸਾਡੀ ਸਗਲੀ ਹੋਂਦ ਪਿੱਛੇ ਕਿਸਾਨ ਹੈ। ਪਰ ਸਿਤਮ ਇਹ ਹੈ ਕਿ ਅਸੀਂ ਤਰੱਕੀ ਕਰ ਰਹੇ ਹਾਂ, ਉਹ ਆਤਮਹੱਤਿਆ ਕਰ ਰਿਹਾ ਹੈ।

ਮੇਰਾ ਕਿਰਸਾਨੀ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ। ਮੈਂ ਨਾ ਜੱਟ ਹਾਂ, ਨਾ ਪੇਂਡੂ, ਨਾ ਜ਼ਮੀਨ ਦਾ ਮਾਲਿਕ, ਨਾ ਖੇਤ ਮਜ਼ਦੂਰ ਅਤੇ ਨਾ ਹੀ ਮੇਰਾ ਆੜ੍ਹਤ ਆਦਿ ਦੇ ਧੰਦੇ ਨਾਲ ਕੋਈ ਨਾਤਾ ਹੈ। ਪਰ ਜਦੋਂ ਦਾ ਕਿਸਾਨਾਂ ਨੇ ਹੱਕੀ ਮੰਗਾਂ ਵਾਸਤੇ ਸੰਘਰਸ਼ ਸ਼ੁਰੂ ਕੀਤਾ ਅਤੇ ਜਿਸ ਬੇਸ਼ਰਮੀ, ਬੇਰਹਿਮੀ ਅਤੇ ਬਦਤਮੀਜ਼ੀ ਨਾਲ ਉਸਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਹੋਈਆਂ, ਮੈਂ ਇਸ ਮੁੱਦੇ ਨੂੰ ਜ਼ਿਆਦਾ ਇਕਾਗਰਤਾ ਨਾਲ ਵਿਚਾਰਨਾ ਆਰੰਭਿਆ। ਇਹ ਗੱਲ ਸਾਫ਼ ਹੈ ਕਿ ਅਸੀਂ ਕਿਸਾਨ ਦੀ ਕਿਰਤ ਅਤੇ ਜ਼ਮੀਨ ਦੀ ਉਪਜ ਦੇ ਸਿਰ 'ਤੇ ਜੀਵਨ ਬਤੀਤ ਕਰਦੇ ਹਾਂ। ਆਮ ਬੰਦੇ ਨੂੰ ਆਪਣੀ ਜ਼ਿੰਦਗੀ ਵਿਚ ਵਕੀਲ ਅਤੇ ਇੰਜੀਨੀਅਰ ਦੀ ਦੋ-ਤਿੰਨ ਵਾਰ, ਡਾਕਟਰ ਦੀ ਸਾਲ ਵਿਚ ਇਕ-ਅੱਧ ਵਾਰ, ਅਧਿਆਪਕ ਦੀ ਜੀਵਨ ਦੇ ਪਹਿਲੇ ਹਿੱਸੇ ਵਿਚ, ਇੰਸ਼ੋਰੈਸ ਦੀ ਦੂਜੇ ਹਿੱਸੇ ਵਿਚ ਅਤੇ ਦਰਜ਼ੀ, ਤਰਖਾਣ, ਲੁਹਾਰ, ਸੁਨਿਆਰੇ ਆਦਿ ਦੀ ਕਦੇ ਕਦੇ ਲੋੜ ਪੈਂਦੀ ਹੈ। ਸਿਰਫ਼ ਕਿਸਾਨ ਹੈ ਜਿਸਦੀ ਲੋੜ ਹਰੇਕ ਦਿਨ ਤਿੰਨੇ ਵਕਤ ਹੈ। ਰੋਟੀ ਅਤੇ ਕੱਪੜਾ ਦੋਹਾਂ ਵਾਸਤੇ ਅਸੀਂ ਉਸਦੇ ਸਿਰ ਜੀਉਂਦੇ ਹਾਂ। ਸਾਡੀ ਸਗਲੀ ਹੋਂਦ ਪਿੱਛੇ ਕਿਸਾਨ ਹੈ। ਪਰ ਸਿਤਮ ਇਹ ਹੈ ਕਿ ਅਸੀਂ ਤਰੱਕੀ ਕਰ ਰਹੇ ਹਾਂ, ਉਹ ਆਤਮਹੱਤਿਆ ਕਰ ਰਿਹਾ ਹੈ। ਇਕ ਹੋਰ ਨਜ਼ਰ ਤੋਂ ਵੀ ਮੈਂ ਕਿਸਾਨੀ ਨਾਲ ਜੁੜਿਆ ਹੋਇਆ ਹਾਂ। ਲਗਪਗ ਸਾਰੀ ਉਮਰ ਖੇਤਾਂ ਦੇ ਧੀਆਂ-ਪੁੱਤਰਾਂ ਨੂੰ ਕਾਲਜਾਂ ਵਿਚ ਪੜ੍ਹਾਇਆ ਹੈ। ਮੇਰੇ ਸਾਰੇ ਅਨੁਭਵ ਉਨ੍ਹਾਂ ਨਾਲ ਜੁੜੇ ਹੋਏ ਹਨ। ਇਸੇ ਲਈ ਪਹਿਲੇ ਦਿਨ ਤੋਂ ਮਹਿਸੂਸ ਹੁੰਦਾ ਰਿਹਾ ਕਿ ਇਹ ਲੜਾਈ ਮੇਰੀ ਵੀ ਹੈ। ਮੂੰਹ ਆਈ ਬਾਤ ਕਰ ਦੇਣੀ ਬਹੁਤ ਜ਼ਰੂਰੀ ਹੁੰਦੀ ਹੈ। ਦਿਲ ਦੀ ਬੀਮਾਰੀ ਨੇ ਮੇਰੇ ਫੇਰੇ-ਤੋਰੇ ਉਤੇ ਰੋਕ ਲਾ ਦਿੱਤੀ ਸੀ। ਪਤਨੀ ਦੀ ਪਾਰਕਿਨਸਨ (ਝੋਲੇ) ਦੀ ਬੀਮਾਰੀ ਕਾਰਨ ਮੈਂ ਉਹਨਾਂ ਨੂੰ ਛੱਡ ਕੇ ਵੀ ਕਿਤੇ ਨਹੀਂ ਸੀ ਜਾ ਸਕਦਾ ਕਿਉਂਕਿ ਸਾਡੇ ਬੱਚੇ ਬਾਹਰ ਹਨ। ਮੈਂ ਆਪਣਾ ਬਣਦਾ ਹਿੱਸਾ ਪੰਜਾਬ ਨਾਲ ਜੁੜੀਆਂ ਦੋ ਵੱਡੀਆਂ ਸ਼ਖ਼ਸੀਅਤਾਂ (ਹੰਸ ਰਾਜ ਹੰਸ ਅਤੇ ਸਨੀ ਦਿਉਲ) ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਇਕ ਖੁਲ੍ਹਾ ਖ਼ਤ ਲਿਖ ਕੇ ਪਾਇਆ। ਇਹਨਾਂ ਦੋਹਾਂ ਨੂੰ ਪੰਜਾਬ ਨੇ ਪਿਆਰਿਆ ਅਤੇ ਸਤਿਕਾਰਿਆ ਹੈ। ਹੰਸ ਨੂੰ ਹੰਸ ਬਣਾਉਣ ਵਿਚ ਪੰਜਾਬ ਦੇ ਸ੍ਰੋਤਿਆਂ ਦਾ ਸਭ ਤੋਂ ਵੱਡਾ ਯੋਗਦਾਨ ਹੈ ਜਦੋਂਕਿ ਦਿਉਲ ਨੂੰ ਸੰਸਦ ਵਿਚ ਪੁਚਾਉਣ ਵਿਚ ਸਿਰਫ਼ ਪੰਜਾਬ ਦਾ ਹੀ ਹਿੱਸਾ ਹੈ। ਸਬਬ ਨਾਲ ਅੱਜ ਦੋਹੇਂ ਪਾਰਲੀਮੈਂਟ ਦੇ ਮੈਂਬਰ ਹਨ ਅਤੇ ਦੋਹਾਂ ਦਾ ਸੰਬੰਧ ਹਾਕਮ ਪਾਰਟੀ ਨਾਲ ਹੈ। ਮੈਨੂੰ ਜਾਪਦਾ ਸੀ ਕਿ ਜੇ ਇਹ ਸਾਡੀ ਸਹੀ ਪ੍ਰਤੀਨਿਧਤਾ ਕਰਦੇ ਤਾਂ ਸਰਕਾਰ ਨੂੰ ਇੱਥੋਂ ਦੇ ਸੰਕਟ ਦੀ ਸਾਰੀ ਹਾਲਤ ਸਮਝਾ ਸਕਦੇ ਹਨ। ਪਰ ਮੇਰੇ ਕਲਾਕਾਰ ਭਰਾ ਚੁੱਪ ਬੈਠੇ ਹੋਏ ਸਨ। ਮੈਂ ਇਨ੍ਹਾਂ ਨੂੰ ਸਰਗਰਮ ਕਰਨ ਵਾਸਤੇ ਵੰਗਾਰਨ ਦੀ ਇਕ ਸਭਿਅਕ ਕੋਸ਼ਿਸ਼ ਕੀਤੀ। ਹੰਸ ਨੇ ਖ਼ਤ ਪੜ੍ਹ ਕੇ ਮੇਰੇ ਨਾਲ ਲਗਪਗ ਸਵਾ ਘੰਟੇ ਦੀ ਫ਼ੋਨ 'ਤੇ ਗੱਲਬਾਤ ਕੀਤੀ ਪਰ ਉਸ ਦੇ ਵਿਚਾਰ ਧੁੰਦਲੇ ਸਨ। ਹਾਂ, ਉਸਦੇ ਮਨ ਵਿਚ ਪੰਜਾਬ ਦੇ ਜੱਟਾਂ ਪ੍ਰਤੀ ਆਪਣੀ ਜਾਤੀ ਦੇ ਪ੍ਰਸੰਗ ਵਿਚ ਬਹੁਤ ਕੁੜੱਤਣ ਹੈ, ਤੇ ਮੈਂ ਉਸ ਨਾਲ ਹਮਦਰਦੀ ਰੱਖਦਾ ਹਾਂ। ਦਿਉਲ ਨੇ ਕੋਈ ਸਿੱਧਾ ਪ੍ਰਤੀਕਰਮ ਨਹੀਂ ਦਿੱਤਾ। ਮੈਨੂੰ ਲੱਗਾ ਕਿ ਇਨ੍ਹਾਂ ਦੋਹਾਂ ਵਿਚ ਅਗਵਾਈ ਦੇਣ ਵਾਲੀ ਊਰਜਾ ਨਹੀਂ ਹੈ। ਸਟੇਜ ਅਤੇ ਪਰਦੇ ਦੇ ਨਾਇਕ ਪਾਲਿਟਿਕਸ ਵਿਚ ਸਿਰਫ਼ ਐਕਸਟ੍ਰਾ ਹੀ ਹਨ। ਪਰ ਇਸ ਖ਼ਤ ਨੇ ਪੰਜਾਬ ਦੇ ਚੁਣੇ ਹੋਏ ਬਹੁਤ ਸਾਰੇ ਵਿਧਾਇਕਾਂ ਨੂੰ ਇਕ ਹਲੂਣਾ ਜ਼ਰੂਰ ਦਿੱਤਾ ਜਿਨ੍ਹਾਂ ਵਿਚ ਸੱਤਾਧਾਰੀ ਪਾਰਟੀ ਦੇ ਲੋਕ ਵੀ ਹਨ। ਦਸਵੰਧ ਦਾ ਕੁਝ ਤਿਲ-ਫ਼ੁੱਲ ਹਿੱਸਾ ਦਿੱਲੀ ਬਾਰਡਰ 'ਤੇ ਭੇਜਣ ਪਿੱਛੋਂ ਵੀ ਮੇਰੇ ਮਨ ਨੂੰ ਤਸੱਲੀ ਨਹੀਂ ਸੀ ਮਿਲ ਰਹੀ। ਜਾਪਦਾ ਸੀ ਜਿਵੇਂ ਮੈਂ ਕੁਝ ਵੀ ਨਹੀਂ ਕਰ ਰਿਹਾ। ਪੱਤਰਕਾਰ ਗੁਰਪ੍ਰੀਤ ਸਿੰਘ ਨਿਆਮੀਆਂ ਕਿਸਾਨੀ ਜੱਦੋਜਹਿਦ ਨਾਲ ਨੇੜਿਉਂ ਜੁੜਿਆ ਮੇਰਾ ਲਾਡਲਾ ਸ਼ਾਗਿਰਦ ਹੈ। ਮੁਹਾਲੀ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਬਾਹਰ ਨਿਰੰਤਰ ਹੋ ਰਹੇ ਰੋਸ ਪ੍ਰਦਰਸ਼ਨਾਂ ਨਾਲ ਉਹ ਨੇੜਿਉਂ ਸੰਬੰਧ ਰੱਖਦਾ ਸੀ। ਇਕ ਦਿਨ ਮੈਨੂੰ ਉੱਥੇ ਲੈਕਚਰ ਦੇਣ ਲਈ ਲੈ ਗਿਆ। ਮੇਰਾ ਤਿੰਨ ਗੱਲਾਂ 'ਤੇ ਜ਼ੋਰ ਸੀ। ਪਹਿਲੀ: ਜਿੰਨੀ ਮਿਹਨਤ ਅਤੇ ਸਬਰ ਕਿਸਾਨ ਆਪਣੀ ਫ਼ਸਲ ਲਈ ਦਿਖਾਉਂਦਾ ਹੈ, ਇਸ ਘੋਲ ਵਿਚ ਵੀ ਪੂਰੀ ਦਿਆਨਤਦਾਰੀ ਨਾਲ ਦਿਖਾ ਰਿਹਾ ਹੈ; ਸਾਨੂੰ ਵੀ ਨਤੀਜੇ ਵਾਸਤੇ ਉਹੀ ਸਬਰ ਦਿਖਾਉਣਾ ਪਵੇਗਾ। ਦੂਜੀ: ਮੀਂਹ, ਸੋਕੇ, ਝੱਖੜ, ਹਨੇਰੀ ਦੇ ਬਾਵਜੂਦ ਉਹ ਆਪਣੀ ਲੜਾਈ ਲੜਦਾ ਹੈ ਅਤੇ ਚੰਗੀ ਫ਼ਸਲ ਵਾਸਤੇ ਆਸਵੰਦ ਰਹਿੰਦਾ ਹੈ; ਉਹ ਇਸ ਲੜਾਈ ਵਿਚ ਵੀ ਆਪਣੀ ਸਫਲਤਾ ਦੀ ਉਮੀਦ ਕਦੇ ਨਹੀਂ ਛੱਡੇਗਾ। ਤੀਜੀ: ਦਿੱਲੀ ਦੇ ਬਾਰਡਰਾਂ ਉੱਤੇ ਬੈਠੇ ਕਿਸਾਨ ਵੱਡੇ ਰੁੱਖ ਵਾਂਗ ਫ਼ੈਲ ਰਹੇ ਹਨ; ਅਸੀਂ ਪਿੱਛੇ ਬੈਠੇ ਆਮ ਲੋਕ ਉਸ ਰੁੱਖ ਦੀਆਂ ਜੜ੍ਹਾਂ ਹਾਂ। ਜੇ ਅਸੀਂ ਕਾਇਮ ਰਹਾਂਗੇ ਤਾਂ ਹੀ ਅੱਗੇ ਗਏ ਕਿਸਾਨਾਂ ਨੂੰ ਹੁਲਾਰੇ ਦੀ ਖ਼ੁਰਾਕ ਮਿਲੇਗੀ। ਇਸ ਲਈ ਜੜ੍ਹਾਂ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਇਸੇ ਲਈ ਮੈਂ ਉੱਥੇ ਐਲਾਨ ਕੀਤਾ ਕਿ ਰੋਜ਼ਾਨਾ ਕੁਝ ਵਕਤ ਕਿਸਾਨ-ਮਜ਼ਦੂਰ ਏਕਤਾ ਦਾ ਝੰਡਾ ਲੈ ਕੇ ਮੁਹਾਲੀ ਦੀਆਂ ਸੜਕਾਂ 'ਤੇ ਖੜੋਵਾਂਗਾ ਤੇ ਜੜ੍ਹਾਂ ਨੂੰ ਤਾਕਤ ਦੇਵਾਂਗਾ। ਇਹ ਵੀ ਸੋਚਿਆ-ਸਮਝਿਆ ਫ਼ੈਸਲਾ ਸੀ ਕਿ ਇਕੱਲਾ ਖੜ੍ਹਾ ਹੋਵਾਂਗਾ ਕਿਉਂਕਿ ਸਰਕਾਰ ਦੇ ਮੰਤਰੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਵੱਖਵਾਦੀ, ਅਤਿਵਾਦੀ, ਖਾਲਿਸਤਾਨੀ, ਰਾਸ਼ਟਰਧ੍ਰੋਹੀ, ਅੰਦੋਲਨਜੀਵੀ, ਅਪੋਜ਼ੀਸ਼ਨ ਪਾਰਟੀਆਂ ਦੇ ਚਮਚੇ ਆਦਿ ਦੇ ਠੱਪੇ ਲਾਉਣ ਦੀ ਕੋਈ ਕਸਰ ਨਹੀਂ ਸੀ ਛੱਡੀ। ਮੈਂ ਸਾਰੇ ਸੰਗਠਨਾਂ ਤੋਂ ਦੂਰੀ ਲੈ ਕੇ ਸੰਯੁਕਤ ਮੋਰਚੇ ਦਾ ਝੰਡਾ ਫ਼ੜਿਆ ਅਤੇ ਲਗਪਗ ਤਿੰਨ ਮਹੀਨੇ ਹਰ ਰੋਜ਼ ਮੁਹਾਲੀ ਦੇ ਇਕ ਚੌਕ ਵਿਚ 40-50 ਮਿੰਟ ਉਸਨੂੰ ਇਕ ਆਮ ਆਦਮੀ ਵਾਂਗ ਲਹਿਰਾਇਆ। ਮੈਂ ਤਾਂ ਆਪਣੀ ਪਛਾਣ ਨੂੰ ਵੀ ਨਹੀਂ ਸੀ ਉਭਾਰਨਾ ਚਾਹੁੰਦਾ। ਮੇਰੇ ਖੁੱਲ੍ਹੇ ਦਾੜ੍ਹੇ ਉੱਤੇ ਲੱਗਾ ਕੋਵਿਡ ਮਾਸਕ ਮੇਰੀ ਮਦਦ ਕਰ ਰਿਹਾ ਸੀ ਪਰ ਪ੍ਰੈੱਸ ਅਤੇ ਸੋਸ਼ਲ ਮੀਡੀਆ ਨੇ ਇਹ ਖ਼ਬਰ ਲੋਕਾਂ ਤਕ ਪੁਚਾ ਦਿੱਤੀ। ਇਕ ਯੂ ਟਿਊਬ ਚੈਨਲ ਨੇ ਮੈਨੂੰ 'ਜੈਂਟਲਮੈਨ ਬਾਪੂ' ਆਖਿਆ ਅਤੇ ਵੀਡੀਓ ਵਾਇਰਲ ਹੋ ਗਈ। ਉਸਦੇ ਪ੍ਰਤੀਕਰਮ ਵਜੋਂ ਮਿਲੇ ਹੁੰਗਾਰੇ ਨੇ ਮੈਨੂੰ ਕਈ ਵਾਰ ਭਾਵੁਕ ਕੀਤਾ। ਉਸ ਚੌਕ ਵਿਚ ਖਲੋ ਕੇ ਬੜਾ ਸਕੂਨ ਮਿਲਿਆ। ਆਮ ਲੋਕਾਂ ਨੇ ਉਸ ਝੰਡੇ ਵਾਸਤੇ ਜਿਸ ਤਰ੍ਹਾਂ ਦਾ ਪਿਆਰ ਅਤੇ ਸਤਿਕਾਰ ਦਿਖਾਇਆ ਉਹ ਮੇਰੇ ਚੇਤਿਆਂ ਦੀ ਸੁਨਹਿਰੀ ਇਬਾਰਤ ਬਣ ਗਈ ਹੈ। ਬਹੁਤ ਸਾਰੇ ਲੋਕ ਹੈਰਾਨੀ ਨਾਲ ਦੇਖਦੇ ਸਨ, ਕਈਆਂ ਦੇ ਚਿਹਰੇ ਖਿੜ ਜਾਂਦੇ ਸਨ, ਕੁਝ ਮੁਸਕੁਰਾ ਕੇ ਲੰਘਦੇ, ਬੱਚਿਆਂ ਨੂੰ ਤਾਂ ਜਿਵੇਂ ਜੋਸ਼ ਹੀ ਚੜ੍ਹ ਜਾਂਦਾ ਸੀ। ਮਾਵਾਂ ਦੇ ਸਕੂਟਰਾਂ ਦੇ ਅੱਗੇ ਖੜ੍ਹੇ ਬਾਲ ਆਪਣੀਆਂ ਨਿੱਕੀਆਂ ਨਿੱਕੀਆਂ ਬਾਹਾਂ ਨੂੰ ਉਲਾਰ ਕੇ ਜਦੋਂ 'ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਤਾਂ ਮੈਨੂੰ ਪੰਜਾਬ ਦਾ ਭਵਿੱਖ ਬੜਾ ਉੱਜਲ ਦਿੱਸਦਾ। ਕਾਰਾਂ ਦੇ ਸ਼ੀਸ਼ਿਆਂ ਵਿਚੋਂ ਬਾਹਰ ਨਿਕਲਦੀਆਂ ਮਾਸੂਮ ਬਾਹਾਂ ਵਿਚ ਬੜਾ ਜੋਸ਼ ਸੀ, ਜਾਪਦਾ ਉਹ ਅਸਮਾਨ ਦੇ ਤਾਰੇ ਤੋੜ ਸਕਦੀਆਂ ਨੇ। ਨੌਜਵਾਨ ਆਪਣੀ ਮੁੱਠੀ ਬੰਦ ਕਰ ਕੇ ਜਿਸ ਨਿੱਗਰ ਤਰੀਕੇ ਨਾਲ ਬਾਹਾਂ ਉਲਾਰਦੇ ਸਨ, ਲਗਦਾ ਸੀ ਸਾਰੀਆਂ ਰੁਕਾਵਟਾਂ ਭੰਨ ਸੁੱਟਣਗੇ। ਇਹ ਉਹੀ ਮੁੱਠੀਆਂ ਸਨ ਜਿਨ੍ਹਾਂ ਨੇ ਹਰਿਆਣੇ ਦੇ ਭਾਰੀ ਬੈਰੀਕੇਡਾਂ, ਪਾਣੀ ਦੀਆਂ ਤਿੱਖੀਆਂ ਬੁਛਾੜਾਂ ਤੇ ਪੁਲੀਸ ਦੇ ਪ੍ਰਬੰਧਾਂ ਨੂੰ ਚੀਰ ਦਿੱਤਾ ਸੀ। ਬਹੁਤ ਸਾਰੇ ਲੋਕ ਆਪਣੇ ਵਾਹਨਾਂ ਦਾ ਹਾਰਨ ਵਜਾ ਕੇ ਮੇਰੇ ਹੱਥ ਵਿਚ ਫ਼ੜੇ ਝੰਡੇ ਦਾ ਸਵਾਗਤ ਕਰਦੇ। ਕੁਝ ਸਿਆਣੇ ਕਾਰਾਂ ਦੇ ਸਟੇਰਿੰਗ ਉੱਤੇ ਆਪਣੇ ਹੱਥ ਜੋੜ ਕੇ ਫ਼ਤਹਿ ਬੁਲਾਉਂਦੇ ਅਤੇ ਕਾਰਾਂ ਦੀਆਂ ਸਵਾਰੀ-ਸੀਟਾਂ 'ਤੇ ਬੈਠੀਆਂ ਧੀਆਂ-ਭੈਣਾਂ ਆਪਣੀ ਗੱਡੀ ਵਿੱਚੋਂ ਹੀ ਮੱਥਾ ਟੇਕ ਕੇ ਲੰਘਦੀਆਂ। ਇਹ ਮੱਥਾ ਕਿਸ ਵਾਸਤੇ ਸੀ ? ਕਿਸਾਨ ਲਈ, ਉਸਦੇ ਝੰਡੇ ਲਈ ਜਾਂ ਝੰਡਾ ਫ਼ੜ ਕੇ ਖੜੇ ਬਾਪੂ ਲਈ, ਇਸਦਾ ਫ਼ਰਕ ਕਰਨਾ ਮੁਸ਼ਕਿਲ ਹੈ। ਇਨ੍ਹਾਂ ਸਾਰਿਆਂ ਦਾ ਇਕਮਿਕ ਹੋ ਜਾਣਾ ਹੀ ਇਸ ਪ੍ਰੋਟੈਸਟ ਅਤੇ ਪ੍ਰਦਰਸ਼ਨ ਦੀ ਅਸਲੀ ਤਾਕਤ ਸੀ। ਇਸ ਇਕਮਿਕਤਾ ਨੇ ਇਸ ਨੂੰ ਦੁਨੀਆਂ ਦੇ ਮਹਾਨਤਮ ਰੋਸ-ਪ੍ਰਦਰਸ਼ਨਾਂ ਵਿਚ ਸ਼ਾਮਿਲ ਕਰ ਦੇਣਾ ਹੈ। ਪਰ ਮੈਨੂੰ ਸਭ ਤੋਂ ਵੱਧ ਚੰਗਾ ਲਗਦਾ ਜਦੋਂ ਨੌਜਵਾਨ ਕੁੜੀਆਂ ਆਪਣੀਆਂ ਕਾਰਾਂ ਅਤੇ ਸਕੂਟਰਾਂ ਤੋਂ ਮੇਰੇ ਨਾਲ ਕਿਸਾਨਾਂ ਨੂੰ ਆਪਣੀ ਅਕੀਦਤ ਪੇਸ਼ ਕਰਦੀਆਂ। ਉਨ੍ਹਾਂ ਵਿਚੋਂ ਬਹੁਤ ਸਾਰੀਆਂ ਧਰਤੀ ਦੀਆਂ ਬੇਟੀਆਂ ਵੀ ਹੋਣਗੀਆਂ ਅਤੇ ਉਹ ਵੀ ਜਿਹੜੀਆਂ ਰੋਟੀ ਖਾਣ ਤੋਂ ਪਹਿਲਾਂ ਉਸਨੂੰ ਉਪਜਾਉਣ ਵਾਲੇ ਨੂੰ ਚੇਤੇ ਕਰਦੀਆਂ ਹਨ। ਉਦੋਂ ਵੀ ਮਨ ਖਿੜਦਾ ਜਦੋਂ ਕੋਈ-ਕੋਈ ਆਟੋ ਚਲਾ ਰਿਹਾ ਪੂਰਬੀਆ ਹੱਥ ਉਲਾਰਦਾ ਜਾਂ ਹਾਰਨ ਵਜਾਉਂਦਾ। ਉਸਦੇ ਵੀ ਬਹੁਤ ਸਾਰੇ ਭਾਈ ਸਾਡੇ ਖੇਤਾਂ ਨੂੰ ਸਿੰਜਦੇ ਹੋਣਗੇ। ਜੇ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਖੇਤਾਂ ਦੀ ਉਪਜ ਨੂੰ ਕੁਝ ਵਾਜਬ ਮੁੱਲ ਮਿਲ ਜਾਣ ਤਾਂ ਉਨ੍ਹਾਂ ਨੂੰ ਕੀ ਲੋੜ ਹੈ ਘਰੋਂ ਬੇਘਰ ਹੋਣ ਦੀ ? ਇਹ ਇਕੱਲੇ ਕਿਸਾਨ ਦਾ ਘੋਲ ਨਹੀਂ ਸੀ, ਸੰਵੇਦਨਾਵਾਂ ਨਾਲ ਭਰੇ ਹਰੇਕ ਇਨਸਾਨ ਦੀ ਜਦੋਜਹਿਦ ਸੀ। ਮੇਰੇ ਲਈ ਐਸਾ ਮਾਹੌਲ ਬਣਦਾ ਜਿਸ ਵਿਚ ਚੁੰਬਕੀ ਤਾਕਤ ਪੈਦਾ ਹੋ ਜਾਂਦੀ। ਸਾਰੇ ਵਾਤਾਵਰਨ ਵਿਚ ਇਕ ਬਿਜਲੀ ਫ਼ੈਲ ਜਾਂਦੀ ਅਤੇ 40-50 ਮਿੰਟ ਮੇਰੀਆਂ ਬੁੱਢੀਆਂ ਬਾਹਵਾਂ ਨੂੰ ਯਾਦ ਵੀ ਨਹੀਂ ਸੀ ਰਹਿੰਦਾ ਕਿ ਮੈਂ ਉਨ੍ਹਾਂ ਨੂੰ ਰਤਾ ਅਰਾਮ ਵੀ ਦੇਣਾ ਹੈ। ਮੈਨੂੰ ਸਚਮੁਚ ਲਗਦਾ ਸੀ ਕਿ ਇਹ ਲੜਾਈ ਅਵੱਸ਼ ਜਿੱਤ ਤੱਕ ਪਹੁੰਚੇਗੀ ਕਿਉਂਕਿ ਇਕ ਪਾਸੇ ਕਿਸਾਨ ਸਨ ਜਿਨ੍ਹਾਂ ਦੇ ਪੈਰਾਂ ਹੇਠ ਜ਼ਮੀਨੀ ਸਚਾਈ ਸੀ, ਖੇਤ ਵਾਲੀ ਜ਼ਮੀਨ ਵੀ ਅਤੇ ਇਖਲਾਕ ਵਾਲੀ ਵੀ। ਦੂਜੇ ਪਾਸੇ ਸਿਆਸਤਦਾਨ ਅਤੇ ਉਨ੍ਹਾਂ ਦੇ ਤੋਤੇ ਸਨ ਜਿਨ੍ਹਾਂ ਕੋਲ ਸਿਰਫ਼ ਚਾਲਾਂ ਤੇ ਚਤੁਰਾਈਆਂ ਸਨ; ਬੇਥਵ੍ਹੇ ਫ਼ਤਵੇ ਅਤੇ ਫ਼ੱਕੜ ਸਨ, ਜੋ ਜ਼ਮੀਨਾਂ ਨੂੰ ਖੋਹਣਾ ਚਾਹੁੰਦੇ ਸਨ। ਮੈਨੂੰ ਪੂਰਾ ਵਿਸ਼ਵਾਸ ਸੀ ਕਿ ਕਿਸਾਨ ਖਾਲੀ ਵਾਪਸ ਨਹੀਂ ਆਵੇਗਾ। ਇਸੇ ਲਈ ਲਗਦਾ ਸੀ ਕਿ ਮੈਂ ਉਸ ਚੁੰਬਕੀ ਮਾਹੌਲ ਅੰਦਰ ਕਿਸਾਨਾਂ ਦੀ ਜਿੱਤ ਦਾ ਜਸ਼ਨ ਮਨਾ ਰਿਹਾ ਸੀ। ਆਪਣੇ ਕੋਲ ਖੜ੍ਹੇ ਹੋਣ ਵਾਲੇ ਕੁਝ ਲੋਕਾਂ ਦਾ ਵੀ ਮੈਂ ਇਸੇ ਤਰ੍ਹਾਂ ਮਨੋਬਲ ਵਧਾਉਂਦਾ ਰਿਹਾ। ਬੋਧੀ ਮੰਦਰਾਂ ਵਿਚ ਕੁਝ ਝੰਡੀਆਂ ਲੱਗੀਆਂ ਹੁੰਦੀਆਂ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਉੱਤੇ ਲਿਖੇ ਸ਼ਬਦਾਂ ਦਾ ਵਾਤਾਵਰਨ ਉੱਤੇ ਅਸਰ ਪੈਂਦਾ ਹੈ। ਮੇਰਾ ਝੰਡਾ ਇਹੋ ਕੰਮ ਕਰਦਾ ਜਾਪ ਰਿਹਾ ਸੀ। ਉਸ ਝੰਡੇ ਦੀ ਆਤਮਾ ਵਿਚ ਮਿਹਨਤ ਕਰਨ ਵਾਲਿਆਂ ਦੇ ਪਸੀਨੇ ਦੀ ਖ਼ੁਸ਼ਬੂ ਸੀ ਜੋ ਚੁਫ਼ੇਰੇ ਫ਼ੈਲ ਰਹੀ ਸੀ। ਇਸ ਝੰਡੇ ਹੇਠ ਪੰਜਾਬ, ਹਰਿਆਣਾ ਅਤੇ ਪੱਛਮੀ ਯੂ ਪੀ ਦੇ ਕਿਸਾਨ ਇਕਜੁਟ ਹੋ ਗਏ ਹਨ। ਉੱਤਰ ਭਾਰਤ ਦਾ ਮੁੱਖ ਮੁੱਦਾ ਮਜ਼ਹਬ ਜਾਂ ਜਾਤ ਦੀ ਥਾਵੇਂ ਕਿਰਸਾਨੀ ਅਤੇ ਆਰਥਿਕਤਾ ਬਣ ਗਿਆ ਸੀ। ਇਸ ਸਾਰੇ ਸੰਘਰਸ਼ ਦੌਰਾਨ ਸਾਹਿਤਕਾਰਾਂ, ਗੀਤਕਾਰਾਂ ਅਤੇ ਗਾਇਕਾਂ ਨੇ ਬਹੁਤ ਸਾਰੀ ਰਚਨਾ ਕੀਤੀ ਹੈ। ਮੈਂ ਜੋ ਕੁਝ ਉਸ ਸੜਕ ਦੇ ਅਨੁਭਵ ਵਿੱਚੋਂ ਕਮਾਇਆ ਹੈ ਅਤੇ ਖੇਤੀ ਬਾਰੇ ਜੋ ਕੁਝ ਜ਼ਿੰਦਗੀ ਵਿੱਚੋਂ ਲੱਭਿਆ ਹੈ ਉਸਨੂੰ ਇਕ ਨਾਟਕ ਵਿਚ ਪ੍ਰੋਣ ਦੀ ਕੋਸ਼ਿਸ਼ ਜ਼ਰੂਰ ਕਰਾਂਗਾ। ਸੋਮਪਾਲ ਹੀਰਾ ਵਰਗੇ ਰੰਗਕਰਮੀਆਂ ਨੇ ਕਈ ਨਾਟਕਾਂ ਦੀ ਰਚਨਾ ਕਰ ਕੇ ਉਨ੍ਹਾਂ ਨੂੰ ਥਾਂ-ਥਾਂ 'ਤੇ ਖੇਡਿਆ ਹੈ। ਮੈਂ ਇੰਨਾ ਜ਼ਰਖ਼ੇਜ਼ ਨਹੀਂ ਹਾਂ; ਆਪਣਾ ਸਮਾਂ ਲਵਾਂਗਾ ਅਤੇ ਕੋਈ ਨਵੀਂ ਰਚਨਾ ਜ਼ਰੂਰ ਕਰਾਂਗਾ ਕਿਉਂਕਿ ਅੱਖਾਂ ਅਤੇ ਮੂੰਹ ਨੂੰ ਬੰਦ ਕਰ ਕੇ ਜੀਉਂਦੇ ਰਹਿਣਾ ਬਹੁਤ ਔਖਾ ਹੈ। ਜੋ ਮੁਲਕ ਦੇ ਬਾਰਡਰ ਉੱਤੇ ਪੁੱਤ ਸ਼ਹੀਦ ਕਰਾਉਣ ਵਾਲਾ, ਆਪਣੇ ਖੇਤ ਦੀ ਰੱਖਿਆ ਲਈ ਅੰਨ੍ਹੀ ਤਾਕਤ ਨਾਲ ਆਢਾ ਲਾਉਣ ਵਾਲਾ ਅਤੇ ਮੁਲਕ ਭਰ ਦੇ ਮਜ਼ਦੂਰਾਂ ਅਤੇ ਕਿਸਾਨਾਂ ਲਈ ਦਿੱਲੀ ਦੇ ਬਾਰਡਰ ਤੇ ਸ਼ਹੀਦ ਹੋਣ ਵਾਲਾ ਇਨਸਾਨ ਦੇਸ਼ਧ੍ਰੋਹੀ ਹੈ ਤਾਂ ਵੀ ਮੈਂ ਉਹਦੇ ਚਰਨਾਂ ਵਿਚ ਆਪਣਾ ਸਿਰ ਝੁਕਾਉਂਦਾ ਹਾਂ। ਤੁਹਾਡੇ ਕੋਲ ਬਹੁਮੱਤ ਦਾ ਅਰਥ ਇਹ ਨਹੀਂ ਕਿ ਤੁਹਾਡੇ ਕੋਲ ਮੱਤ ਵੀ ਬਹੁਤੀ ਹੈ। ਸਿਰਫ਼ ਸ਼ਾਮਲ-ਵਾਜਿਆਂ ਦੇ ਸਿਰ 'ਤੇ ਲੋਕਾਂ ਨੂੰ ਦਰੜਨਾ ਅਸੰਭਵ ਹੈ। ਜੇਕਰ ਕਿਸਾਨਾਂ ਨੂੰ ਅਤਿਵਾਦੀ, ਖਾਲਿਸਤਾਨੀ, ਰਾਸ਼ਟਰ-ਵਿਰੋਧੀ ਅਤੇ ਅੰਦੋਲਨਜੀਵੀ ਕਹਿਣ ਵਾਲੇ ਆਪਣਾ ਸੀਨਾ ਚੌੜਾ ਕਰ ਕੇ ਉਨ੍ਹਾਂ ਕੋਲੋਂ ਮੁਆਫ਼ੀ ਮੰਗ ਲੈਣ ਤਾਂ ਕਿਸਾਨ ਵੱਡੇ ਹਿਰਦੇ ਨਾਲ ਮੁਆਫ਼ ਕਰ ਦੇਣਗੇ। ਇਸਦਾ ਫ਼ੈਸਲਾ ਤਾਂ ਇਤਿਹਾਸ ਕਰੇਗਾ ਕਿ ਅਸਲ ਵਿਚ ਦੇਸ਼ਭਗਤ ਅਤੇ ਦੇਸ਼ਧ੍ਰੋਹੀ ਕੌਣ ਹੁੰਦਾ ਹੈ।



**ਇਕ ਯੂ ਟਿਊਬ ਚੈਨਲ ਨੇ ਮੈਨੂੰ 'ਜੈਂਟਲਮੈਨ ਬਾਪੂ' ਆਖਿਆ ਅਤੇ ਵੀਡੀਓ ਵਾਇਰਲ ਹੋ ਗਈ। ਉਸਦੇ ਪ੍ਰਤੀਕਰਮ ਵਜੋਂ ਮਿਲੇ ਹੁੰਗਾਰੇ ਨੇ ਮੈਨੂੰ ਕਈ ਵਾਰ ਭਾਵੁਕ ਕੀਤਾ। ਉਸ ਚੌਕ ਵਿਚ ਖਲੋ ਕੇ ਬੜਾ ਸਕੂਨ ਮਿਲਿਆ। ਆਮ ਲੋਕਾਂ ਨੇ ਉਸ ਝੰਡੇ ਵਾਸਤੇ ਜਿਸ ਤਰ੍ਹਾਂ ਦਾ ਪਿਆਰ ਅਤੇ ਸਤਿਕਾਰ ਦਿਖਾਇਆ ਉਹ ਮੇਰੇ ਚੇਤਿਆਂ ਦੀ ਸੁਨਹਿਰੀ ਇਬਾਰਤ ਬਣ ਗਈ ਹੈ।**




# ਆਲਮ ਲੁਹਾਰ ਨੇ ਗੀਤ ਵਿੱਚੋਂ ਝੱਲੇ ਦਾ ਨਾਮ ਕੱਢ ਕੇ ਆਪਣਾ ਨਾਮ ਪਾ ਕੇ ਗਾ ਦਿੱਤਾ

ਛੱਡ ਯਾਰ 'ਆਲਮ'
ਤੇਰਾ ਦੁਨੀਆਂ ਤੇ ਕੰਮ ਕੀ
ਉਹ ਵੀ ਤੁਰ ਗਿਆ
ਜੀਹਦੇ ਦਮ ਨਾਲ ਦੱਮ ਸੀ
ਐਂਵੇ ਹਾਰੀ ਸਾਰੀ ਨੂੰ ਨਹੀਂ ਸੱਜਣ ਬਣਾਈਦਾ
ਦਿਲ ਵਾਲਾ ਦੁੱਖੜਾ ਨਹੀਂ ਕਿਸੇ ਨੂੰ ਸੁਣਾਈਦਾ

ਪਾਠਕੋ ਬਹੁਤ ਬਹੁਤ ਧੰਨਵਾਦ ਆਪ ਸਭ ਦਾ, ਤੁਸੀਂ ਮੇਰੀਆਂ ਲਿਖਤਾਂ ਨੂੰ ਹੁੰਗਾਰਾ ਦੇਂਦੇ ਹੋ । ਅੱਜ ਮੈਂ ਆਪਣੀ ਗੱਲ ਆਹ ਇੱਕ ਹੋਰ ਗੀਤ ਦੀ ਗਵਾਹੀ ਨਾਲ ਸ਼ੁਰੂ ਕਰਦਾ ਹਾਂ,। ਇਹ ਗੀਤ ਦਾ ਗੀਤਕਾਰ ਐ "ਮਨਸੂਰ ਹੁਸੈਨ ਝੱਲਾ" ਜੋ ਗਰੀਬੀ ਗੁੰਮਨਾਮੀ ਤੇ ਭੁੱਖਮਾਰੀ ਕਾਰਨ ਇਸ ਜਹਾਨ ਤੋਂ ਰੁਖ਼ਸਤ ਹੋ ਚੁੱਕਿਆ ਹੈ।

ਝੱਲੇ ਦੇ ਅਨੇਕਾਂ ਈ ਹਿੱਟ ਗੀਤ ਪੰਜਾਬੀ ਫਿਲਮਾਂ 'ਚ ਗੈਰ ਫਿਲਮੀ ਗੀਤ ਰੇਸ਼ਮਾਂ ਨੂਰ ਜਹਾਂ ਆਲਮ ਲੁਹਾਰ ਸਮੇਤ ਕਹੇ ਜਾਂਦੇ ਚੋਟੀ ਦੇ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ, ਰੇਸ਼ਮਾਂ ਦੀ ਆਵਾਜ਼ ਵਿੱਚ ਤਾਂ ਮੁੱਢਲੇ ਲੱਗਭੱਗ ਸਾਰੇ ਹੀ ਗੀਤ "ਝੱਲੇ" ਦੇ ਹੀ ਲਿਖੇ ਹੋਏ ਹਨ। ਆਹ ਜਿਹੜਾ ਗੀਤ ਮੈ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ ਇਹ ਸਾਈਂ ਅਖਤਰ ਦੀ ਆਵਾਜ਼ ਐ, ਇਸ ਤੋਂ ਦੱਸ ਵਰ੍ਹੇ ਬਾਅਦ ਇਹ ਗੀਤ ਆਲਮ ਲੁਹਾਰ ਨੇ ਵੀ ਰਿਕਾਰਡ ਕਰਵਾਇਆ, ਪਰ ਅਫਸੋਸ ਉਸਨੇ ਗੀਤ ਵਿੱਚੋਂ ਝੱਲੇ ਦਾ ਨਾਮ ਕੱਢ ਕੇ ਆਪਣਾ ਨਾਮ ਪਾ ਕੇ ਗਾ ਦਿੱਤਾ

ਛੱਡ ਯਾਰ "ਆਲਮ"
ਤੇਰਾ ਦੁਨੀਆਂ ਤੇ ਕੰਮ ਕੀ

ਦੂਸਰਾ ਉਸਨੇ ਰੋਗ ਦੀ ਥਾਂ ਦੁੱਖੜਾ ਕਰ ਦਿੱਤਾ, ਤੇ ਗੀਤ ਮਕਬੂਲ ਵੀ ਬਹੁਤ ਹੋ ਗਿਆ ਅਸਲ ਵਿੱਚ ਇਹ ਗੀਤ ਇਸ ਤਰ੍ਹਾਂ ਖਤਮ ਹੁੰਦਾ ਸੀ

ਛੱਡ 'ਮਨਜ਼ੂਰ' ਤੇਰਾ ਦੁਨੀਆਂ ਤੇ ਕੰਮ ਕੀ

ਤ੍ਰਾਸਦੀ ਇਹ ਐ ਕਿ ਮੈਂ ਪਾਕਿਸਤਾਨ ਦੇ ਪੰਜਾਬੀ ਸਾਹਿਤਕਾਰਾਂ ਤੋਂ ਝੱਲੇ ਬਾਰੇ ਪੁੱਛ ਪੁੱਛ ਹੰਭ ਗਿਆ ਉਹਦਾ ਕੁੱਝ ਨਹੀਂ ਪਤਾ, ਨਾ ਹੀ ਕਿਸੇ ਨੇ ਉਹਦੇ ਬਾਰੇ ਕੁੱਝ ਲਿਖਿਆ ਤੇ ਨਾ ਹੀ ਛਾਪਿਆ, ਲਾਹੌਰ ਦੀ ਪੰਜਾਬ ਯੂਨੀਵਰਸਿਟੀ ਵੀ ਇਸ ਮਾਮਲੇ 'ਚ ਚੁੱਪ ਹੈ ਤੇ 'ਗੁੱਗਲ' ਜੀ ਮਹਾਰਾਜ ਵੀ ਖਾਮੋਸ਼ ਹਨ।

ਪਹਿਲਾ ਸੁਆਲ ਕਿ ਜਿਨ੍ਹਾਂ ਲੋਕਾਂ ਦੇ ਗੀਤਾਂ ਨੇ ਲੋਕਾਂ ਦਾ ਮਨੋਰੰਜਨ ਕੀਤਾ, ਗਾਇਕਾਂ ਨੂੰ ਨਾਮ ਤੇ ਨਾਮਾਂ ਬਖਸ਼ਿਆ ਉਹਨਾਂ ਗਾਇਕਾਂ ਨੇ ਵੀ ਉਹਨਾ ਨਾਲ ਇਨਸਾਫ ਨਹੀਂ ਕੀਤਾ ?

ਤੇ ਹੁਣ ਅਗਲਾ ਸੁਆਲ ਇੱਕ ਗਾਇਕ ਜਿਸ ਦਾ ਨਾਮ ਲੋਕ ਗਾਇਕ ਵੱਜੋਂ ਸਥਾਪਤ ਹੋ ਚੁੱਕਾ ਹੋਵੇ ਉਸਨੂੰ ਕਿਸੇ ਹੋਰ ਗੀਤਕਾਰ ਦੇ ਗੀਤ ਵਿੱਚ ਮੂਲ ਗੀਤਕਾਰ ਦਾ ਨਾਮ ਕੱਟ ਕੇ ਆਪਣਾ ਪਾਉਣ ਦੀ ਕੀ ਜ਼ਰੂਰਤ ਸੀ?

ਇੰਗਲੈਂਡ, ਕੈਨੇਡਾ, ਆਸਟ੍ਰੇਲੀਆ, ਅਮਰੀਕਾ ਦੀਆਂ ਧਰਤੀਆਂ ਤੇ ਜਾ ਕੇ ਵਿਸ਼ਵ ਪੰਜਾਬੀ ਕਾਨਫਰੰਸਾਂ ਕਰਨ ਵਾਲੇ ਸਾਹਿਤਕਾਰਾਂ ਨੇ ਇਸ ਪਾਸੇ ਕੀ ਕਦਮ ਪੁੱਟੇ ?

ਸਾਹਿਤਕਾਰੀ ਤੇ ਲੇਖਣੀ ਦੇ ਸਿਰ ਤੇ ਉੱਚੇ ਉੱਚੇ ਸਰਕਾਰੀ ਅਹੁਦੇ ਪ੍ਰਾਪਤ ਕਰਨ ਵਾਲੇ ਸਾਹਿਤਕਾਰ ਤਾਂ ਗੀਤਕਾਰਾਂ ਨੂੰ ਸਾਹਿਤਕਾਰ ਹੀ ਨਹੀਂ ਮੰਨਦੇ।

ਸਾਗਰ ਸਦੀਕੀ ਵਰਗੇ ਸ਼ਾਇਰ ਅੰਮ੍ਰਿਤਸਰ ਚ ਲੱਕੜ ਦੇ ਕੰਘੇ ਬਣਾ ਕੇ ਵੇਚਦੇ ਰਹੇ, ਤੇ ਬੇਘਰੇ ਰਹਿ ਕੇ ਸੜਕ ਕਿਨਾਰੇ ਦਮ ਤੋੜ ਗਏ ਜਿਹਨਾਂ ਦੇ ਗੀਤ ਗੁਲਾਮ ਅਲੀ ਵਰਗੇ ਗਾਇਕ ਹਜ਼ਾਰਾਂ ਲੋਕਾਂ ਦੀਆਂ ਮਹਿਫ਼ਿਲਾਂ 'ਚ ਗਾਉਂਦੇ ਹਨ।

ਕਦੋਂ ਜਾਗਣਗੇ ਪੰਜਾਬੀ ---

ਇੱਕ ਸੁਆਲ ਐ ਕਿ ਕਲਮ ਦੀ ਕਦਰ ਕਦੋਂ ਪਵੇਗੀ ? ......

**ਗੱਲ ਚਾਲੀ ਬਿਆਲੀ ਵਰ੍ਹੇ ਪੁਰਾਣੀ ਐ –**

ਮੈਂ ਸਾਡੇ ਸ਼ਹਿਰ ਦੇ ਇੱਕ ਨਾਮੀ ਫੋਟੋਗ੍ਰਾਫਰ ਨਾਲ (ਜੋ ਮੈਥੋਂ ਉਮਰ ਵਿੱਚ ਕਾਫੀ ਵੱਡਾ ਸੀ ਤੇ ਹਿੰਦੀ ਗੀਤਾਂ ਗਜ਼ਲਾਂ ਦਾ ਸ਼ੁਕੀਨ ਸੀ) ਦਿੱਲੀ ਗਿਆ, ਰਾਤ ਨੂੰ ਬਾਰਾਂ ਕੁ ਵਜੇ ਮਾਨਸਾ ਤੋਂ ਪੰਜਾਬ ਮੇਲ ਤੇ ਚੜ੍ਹ ਗਏ ਤੇ ਸਵੇਰੇ ਸਾਜਰੇ ਹੀ ਦਿੱਲੀ ਪੁੱਜ ਗਏ, ਇਸ਼ਨਾਨ ਉਪਰੰਤ ਗੁਰਦੁਆਰਾ ਸੀਸ ਗੰਜ ਸਾਹਿਬ ਮੱਥਾ ਟੇਕਿਆ, ਚਾਂਦਨੀ ਚੌਕ ਦੇ ਲਾਗੇ ਹੀ ਫੋਟੋਗ੍ਰਾਫੀ ਦੀ ਮਾਰਕੀਟ ਹੈ ਜਿੱਥੇ ਫੋਟੋਗ੍ਰਾਫੀ ਦਾ ਸਮਾਨ ਮਿਲਦਾ ਹੈ ਤੇ ਬਿਲਕੁਲ ਸਾਹਮਣੇ ਲਾਜਪਤ ਰਾਏ ਮਾਰਕੀਟ ਹੈ ਜਿੱਥੇ ਰੇਡੀਓ ਦਾ ਸਮਾਨ ਮਿਲਦਾ ਹੈ। ਚਾਂਦਨੀ ਚੌਂਕ ਤੋਂ ਲਾਲ ਕਿਲੇ ਵੱਲ ਆਉਂਦਿਆਂ ਚਾਰ ਪੰਜ ਰਿਕਾਰਡਾਂ ਦੀਆਂ ਬਹੁਤ ਵੱਡੀਆਂ ਦੁਕਾਨਾਂ ਸਨ। ਮੈਂ ਤੇ ਮੇਰਾ ਸਾਥੀ ਰਿਕਾਰਡਾਂ ਦੀ ਦੁਕਾਨ ਦੇ ਅੰਦਰ ਚਲੇ ਗਏ । ਉਹਨਾਂ ਦਿਨਾਂ ਵਿੱਚ 'ਮੀਨਾ ਕੁਮਾਰੀ ' ਦੀ ਆਪਣੀ ਆਵਾਜ਼ ਵਿੱਚ ਇੱਕ ਐਲ ਪੀ ਰਿਕਾਰਡ ਆਇਆ ਸੀ ਜਿਸਦਾ




ਟਾਈਟਲ ਸੀ 'ਆਈ ਰਾਈਟ ਆਈ ਰੀਸਾਈਟ ' ਮੇਰੇ ਸਾਥੀ ਨੇ ਉਹ ਰਿਕਾਰਡ ਪੰਤਾਲੀ ਰੁਪੈ ਦੇ ਕੇ ਖ੍ਰੀਦ ਲਿਆ ।ਉਸਨੇ ਸੇਲਜ਼ਮੈਨ ਨੂੰ ਆਖਿਆ ਕਿ ਇਸਨੂੰ ਚਲਾ ਕੇ ਦਿਖਾ ਦੇ। ਸੇਲਜ਼ਮੈਨ ਨੇ ਰਿਕਾਰਡ ਮਸ਼ੀਨ ਤੇ ਧਰ ਸੂਈ ਰੱਖ ਦਿੱਤੀ ਜਿਉਂ ਹੀ ਰਿਕਾਰਡ ਚੱਲਿਆ ਅੰਦਰਲੇ ਕੈਬਿਨ ਚੋਂ ਉੱਠ ਕੇ ਮਾਲਕ ਆਇਆ ਤੇ ਸੇਲਜ਼ਮੈਨ ਦੇ ਗਲ ਪੈ ਗਿਆ ਉਹਨੂੰ ਗਾਲਾਂ ਦੇਣ ਲੱਗ ਪਿਆ । ਸਾਨੂੰ ਮਹਿਸੂਸ ਹੋਇਆ ਕਿ ਕਿਤੇ ਇਹ ਸੇਲਜ਼ਮੈਨ ਦੇ ਥੱਪੜ ਹੀ ਨਾ ਮਾਰ ਦੇਵੇ

ਮੇਰੇ ਸਾਥੀ ਫੋਟੋਗ੍ਰਾਫਰ ਨੇ ਮਾਲਕ ਨੂੰ ਕਿਹਾ ਬਾਊ ਜੀ ਕੀ ਗੱਲ ਮੈਂ ਰਿਕਾਰਡ ਦੇ ਪੈਸੇ ਦਿੱਤੇ ਐ ਇਹਦੇ ਵਿੱਚ ਇਸ ਮੁਲਾਜ਼ਮ ਦੇ ਗੱਲ ਪੈਣ ਵਾਲੀ ਕਿਹੜੀ ਗੱਲ ਐ ?

ਅੱਗੋਂ ਮਾਲਕ ਕਹਿੰਦਾ ਬਾਊ ਜੀ "ਆਪ ਛੋੜੋ ਆਪ ਸੇ ਕੋਈ ਬਾਤ ਨਹੀਂ ਆਪ ਰਿਕਾਰਡ ਲੈ ਜਾ? ਬਾਤ ਖਤਮ "

ਫੋਟੋਗ੍ਰਾਫਰ ਨੇ ਦੁਬਾਰਾ ਫਿਰ ਪੁਛਿਆ ਕਿ ਬਾਊ ਜੀ ਤੁਹਾਡੇ ਗੁੱਸੇ ਦਾ ਕਾਰਨ ਸਾਨੂੰ ਸਮਝ ਨਹੀਂ ਆਇਆ

ਫੇਰ ਜੋ ਮਾਲਕ ਨੇ ਉੱਤਰ ਦਿੱਤਾ ਉਹ ਸੁਣੋ

" ਭਾਈ ਸਾਹਿਬ ਯਹ ਸਾਲਾ ਬੇਵਕੂਫ ਆਦਮੀ ਹੈ । ਅਭੀ ਸੁਬਾਹ ਸੁਬਾਹ ਦੁਕਾਨ ਪੇ ਆਕਰ ਬੈਠਾ ਹੂੰ ਇਸਨੇ ਯਹ ਰਿਕਾਰਡ ਚਲਾ ਦੀਆ ਮੈਂ ਇਮੋਸ਼ਨਲ ਹੋ ਗਿਆ, ਇਸ ਬੇਵਕੂਫ ਕੋ ਯਹ ਨਹੀਂ ਪਤਾ ਕੋਣ ਸਾ ਮਿਊਜ਼ਿਕ ਕਬ ਚਲਾਣਾ ਹੈ । ਆਪਕਾ ਕੋਈ ਕਸੂਰ ਨਹੀਂ ਆਪਣੇ ਪੈਸੇ ਦੀਏ ਹੈਂ ਮੇਰੇ ਕੋ ਪੈਸੇ ਕੀ ਜ਼ਰੂਰਤ ਨਹੀਂ । ਅਗਰ ਆਪ ਯਹ ਰਿਕਾਰਡ ਸੁਨਣਾ ਚਾਹਤੇ ਹੈਂ ਤੋ ਅੰਦਰ ਆ ਜਾ? ਕੈਬਿਨ ਮੈਂ ਬੈਠਤੇ ਹੈਂ । ਅਗਰ ਆਪ ਇਸ ਰਿਕਾਰਡ ਕੋ ਪੂਰੀ ਤਰਾਹ ਸੁਨਣਾ ਚਾਹਤੇ ਹੈਂ ਤੋ ਮੈਂ ਦੁਕਾਨ ਕਾ ਸ਼ਟਰ ਭੀ ਨੀਚੇ ਕਰਵਾ ਦੇਤਾ ਹੂੰ । ਵਿਸਕੀ ਕੀ ਬੋਤਲ ਮੰਗਵਾਤਾ ਹੂੰ, ਵਿਸਕੀ ਪੀਏਂਗੇ ਔਰ ਪੂਰਾ ਰਿਕਾਰਡ ਸੁਣੇਂਗੇ ਆਪ ਆਪਣੇ ਪੈਸੇ ਭੀ ਲੇ ਜਾਣਾ । ਯਹ ਐਸਾ ਰਿਕਾਰਡ ਹੈ ਜਬ ਇਸਕੀ ਆਵਾਜ਼ ਕਾਨੋਂ ਮੇਂ ਪੜਤੀ ਹੈ ਤੋ ਉਸਕੇ ਬਾਅਦ ਮੈਂ ਕੋਈ ਭੀ ਔਰ ਕਾਮ ਨਹੀਂ ਕਰ ਸਕਤਾ "ਮੇਰੇ ਅੱਜ ਵੀ ਉਸ ਬਾਬੂ ਦਾ ਮੁਹਾਂਦਰਾ ਚੇਤੇ ਐ। ਤੇ ਇਹ ਵੀ ਅਹਿਸਾਸ ਐ ਕਿ ਉਹ ਲੋਕ ਸਿਰਫ ਸੰਗੀਤ ਦਾ ਵਿਉਪਾਰ ਨਹੀਂ ਕਰਦੇ ਸਨ ਸਗੋਂ ਸੰਗੀਤ ਨੂੰ ਮਾਣਦੇ ਵੀ ਸਨ।




# ਕਤਲਗਾਹਾਂ ਦੀ ਕਹਾਣੀ ਫੇਰ ਕੋਈ ਦੁਹਰਾਵੇ ਨਾ,ਫੇਰ ਕਿਸੇ ਦਾ ਹੁਸਨ ਮੰਡੀ ਵਿੱਚ ਲਿਆਂਦਾ ਜਾਵੇ ਨਾ।

ਅੰਮ੍ਰਿਤਾ ਪ੍ਰੀਤਮ

ਦੇਸ਼ ਦੀ ਵੰਡ ਨੂੰ ਮੁਖ਼ਾਤਿਬ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦੀਆਂ ਇਹ ਸਤਰਾਂ ਸਾਡੀ ਦਸਵੀਂ ਜਮਾਤ ਦੀ ਪੰਜਾਬੀ ਕਿਤਾਬ ਵਿੱਚ ਸਨ। ਸਾਡੇ ਮੈਡਮ ਦਲੇਰ ਕੌਰ ਪੂਰੀ ਵਾਹ ਲਾ ਕੇ ਇਸ ਦੇ ਅਰਥ ਦੱਸਦੇ ਤਾਂ ਸਾਨੂੰ ਇਹ ਸਭ ਫ਼ਜ਼ੂਲ ਲੱਗਦਾ ਸੀ। ਅਸੀਂ ਸੋਚਦੇ ਭਲਾ ਉਹੀ ਗੱਲ ਵਾਰ ਵਾਰ ਥੋੜ੍ਹੋ ਹੁੰਦੀ ਹੈ। ਹੁਣ ਕਿਵੇਂ ਹੁਸਨ ਦੀ ਮੰਡੀ ਲੱਗ ਸਕਦੀ ਹੈ। ਪਰ ਵਕਤ ਨੇ ਐਸਾ ਧੋਬੀ ਪਟਕਾ ਮਾਰ ਵਿਖਾਇਆ ਕਿ ਮੰਡੀ ਵਿੱਚ ਹੁਸਨ ਵਿਕਣ ਦੀ ਕਹਾਣੀ ਪਹਿਲਾਂ ਨਾਲੋਂ ਵੱਧ ਮੂੰਹ-ਜ਼ੋਰ ਹੋ ਚੱਲੀ ਹੈ। ਸਾਡੇ ਦੁਆਲੇ ਲੋਕ ਹੁਣ ਅੱਗਾ ਦੌੜ ਤੇ ਪਿੱਛਾ ਚੌੜ ਕਰਦੇ ਇਤਿਹਾਸ ਨੂੰ ਹੋਈ-ਬੀਤੀ ਜਾਣ ਕੇ ਗੌਲਣੋ ਹਟ ਗਏ ਹਨ। ਇਸ ਦੀ ਮਿਸਾਲ ਮੈਂ ਅੱਖੀਂ ਦੇਖੀ ਘਟਨਾ ਨਾਲ ਦੇਣੀ ਚਾਹਾਂਗੀ। ਬਹੁਤ ਸਾਲ ਹੋਏ, ਮੈਂ ਪਟਿਆਲਾ ਦੇ ਬਸ ਅੱਡੇ ਤੋਂ ਪਟਿਆਲਾ ਰੇਲਵੇ ਸਟੇਸ਼ਨ ਵੱਲ ਜਾ ਰਹੀ ਸੀ। ਸਾਹਮਣੇ ਤੋਂ ਇੱਕ ਬਜ਼ੁਰਗ ਡਰਦਾ ਡਰਦਾ ਸੜਕ ਪਾਰ ਕਰ ਰਿਹਾ ਸੀ ਜਦ ਦੂਜੇ ਪਾਸਿ?' ਇੱਕ ਲੈਰ੍ਹੀ ਜਿਹੀ ਉਮਰ ਦਾ ਮੁੰਡਾ ਮੂੰਹ ਨਾਲ ਸੀਟੀ ਅਤੇ ਹੱਥ ਨਾਲ ਸਾਈਕਲ ਦੀ ਟੱਲੀ ਵਜਾਉਂਦਾ ਸਪੀਡ ਨਾਲ ਆਇਆ, ਉਸ ਨੇ ਬਜ਼ੁਰਗ ਦੀਆਂ ਲੱਤਾਂ ਵਿੱਚ ਸਾਈਕਲ ਟਕਰਾ ਦਿੱਤਾ। ਫੇਰ ਆਪ ਹੀ ਬਾਬੇ ਦੀ ਚਿੱਟੀ ਦਾਹੜੀ ਨੂੰ ਹੱਥ ਪਾਉਂਦਾ ਕਹਿ ਰਿਹਾ ਸੀ-'ਤੈਨੂੰ ਸੁਣਦਾ ਨਹੀਂ, ਮੈਂ ਕਦੋਂ ਦਾ ਟੱਲੀਆਂ ਵਜਾ ਰਿਹਾਂ, ਮਰਨੈਂ ਤਾਂ ਕਿਤੇ ਹੋਰ ਜਾ ਕੇ ਮਰ।'ਉਦੋਂ ਹਾਲੇ ਉਮਰ ਦਾ ਸਤਿਕਾਰ ਪੂਰਾ ਕਿਰਿਆ ਨਹੀਂ ਸੀ। ਬਜ਼ੁਰਗ ਵਿਚਾਰਾ ਡੌਰ ਭੌਰ ਹੋਇਆ ਤਰਸ ਦਾ ਪਾਤਰ ਬਣ ਗਿਆ। ਆਸੇ ਪਾਸਿ?' ਦੁਕਾਨਾਂ ਤੋਂ ਕੁਝ ਲੋਕ ਆ ਕੇ



ਉਸ ਛੋਹਰ ਨੂੰ ਘੂਰਨ ਲੱਗੇ,'ਨਾਲੇ ਤੂੰ ਬਾਬੇ ਦੇ ਸੱਟ ਮਾਰੀ, ਮੁਆਫ਼ੀ ਮੰਗਣ ਦੀ ਥਾਂ ਹੁਣ ਔਖਾ ਬੋਲ ਰਿਹੈਂ। ਜਦ ਤੂੰ ਏਸ ਉਮਰ ਦਾ ਹੋਇਆ, ਤੇਰੇ ਸੁਣਨ ਦੇ ਕੀ ਦੇਖਣ ਦੇ ਵੀ ਸੈੱਲ ਨੀ ਚਲਣੇ ਜਿਹੜਾ ਏਨਾ ਛੋਹਲਾ ਵਗ ਕੇ ਕੋਟਾ ਪੂਰਾ ਕਰੀ ਜਾਨੈ।' ਉਸ ਸਮੇ ਮੈਨੂੰ ਲੱਗਿਆ ਇਤਿਹਾਸ ਤੇ ਮਾਰੇ ਇਸ ਕਾਟੇ ਨੇ ਹਰ ਘਰ ਵਿਚਲੇ ਬਜ਼ੁਰਗ ਦੇ ਸਤਿਕਾਰ ਨੂੰ ਖ਼ਾਰਜ ਕਰ ਦਿੱਤਾ ਹੈ। ਬਜ਼ੁਰਗਾਂ ਨੂੰ ਬੇ-ਲੋੜਾ, ਬੇ-ਅਰਥਾ ਜਾਂ ਆਰਥਕ ਬੋਝ ਵਾਂਗ ਮੰਨ ਕੇ ਹੀ ਫੌਰੀ ਫੈਸਲਾ ਲੈਣ ਵਾਲਿਆਂ ਨੂੰ ਵਕਤ ਹੀ ਜਵਾਬ ਦੇਵੇਗਾ। ਤੱਤਾ ਤੱਤਾ ਲੱਕਣ ਵਾਲਿਆਂ ਨੂੰ ਛੇਤੀ ਹੀ ਪੰਜੀ ਦਾ ਭੌਣ ਦਿਸ ਜਾਂਦਾ ਹੈ। ਬਜ਼ੁਰਗਾਂ ਦੀ ਕਿਸੇ ਊਣ ਨੂੰ ਦੇਖ ਕੇ ਅਣਡਿੱਠ ਕਰਨ ਦੀ ਥਾਂ ਹੁਣ 'ਦੇਖ ਕੇ ਠਿੱਠ' ਕਰਨ ਦਾ ਰਿਵਾਜ ਪੈ ਗਿਆ ਹੈ। ਕਰੋਨਾ ਦੇ ਮੁੱਢਲੇ ਦਿਨਾਂ ਵਿਚ ਮੈਨੂੰ ਸੁਰਿੰਦਰ ਗੀਤ ਦਾ ਫ਼ੋਨ ਆਇਆ। ਉਹ ਕਹਿ ਰਹੀ ਸੀ,'ਤੁਸੀਂ ਖ਼ਬਰ ਸੁਣੀ ਐਂ ਬਈ ਬੁੜ੍ਹਿਆਂ ਨੂੰ ਮਾਰਨ ਵਾਲੀ ਇੱਕ ਬੀਮਾਰੀ ਚੱਲੀਐ।'ਉਸ ਵੇਲੇ ਮੈਂ ਉਸ ਦੀ ਇਸ ਗੱਲ ਨੂੰ ਹਾਸੇ ਰੁਖ ਟਾਲ ਛੱਡਿਆ ਸੀ। ਪਰ ਅੱਜ ਸੋਚਦੀ ਹਾਂ, ਇਸ ਬੀਮਾਰੀ ( ਕੋਰੋਨਾ ਮਹਾਂਮਾਰੀ ) ਦੀ ਅੰਦਰਲੀ ਤਹਿ ਹਰ ਵਸਤ ਨੂੰ, ਹਰ ਰਿਸ਼ਤੇ ਨੂੰ ਵੀ 'ਵਰਤੋ ਤੇ ਸੁਟ ਦੇਵੋ' ਦੇ ਆਧਾਰ ਦੀ ਪੁਸ਼ਟੀ ਕਰਦੀ ਹੈ। ਰਿਸ਼ਤਿਆਂ ਦੇ ਵੀ ਡਿਸਪੋਜ਼ੇਬਲ ਹੋ ਜਾਣ ਵੱਲ ਹੀ ਸੰਕੇਤ ਹੈ। ਬਹੁਤੇ ਮੁਲਕਾਂ ਵਿੱਚ ਵਡੇਰੀ ਉਮਰ ਦੇ ਬਜ਼ੁਰਗਾਂ ਦੀਆਂ ਹੀ ਲਾਸ਼ਾਂ ਵਿਛੀਆਂ ਹਨ। ਅਜੋਕੀ ਪੀੜ੍ਹੀ ਦੀ ਕੇਵਲ ਹੁਣ ਨੂੰ ਜਿਉਣ ਵਾਲੀ ਲਾਲਸਾ ਦਾ ਖ਼ਮਿਆਜ਼ਾ ਬਜ਼ੁਰਗਾਂ ਨੂੰ ਹੀ ਭੁਗਤਣਾ ਪੈ ਰਿਹਾ ਹੈ। ਪਰ ਸਿਆਣੇ ਆਖਦੇ ਨੇ ਜਿਹੜੇ ਲੰਘੇ ਵਕਤ ਤੇ ਗੋਲੀ ਚਲਾਉਂਦੇ ਨੇ, ਉਨ੍ਹਾਂ ਦੇ ਵਰਤਮਾਨ ਨੂੰ ਤੋਪ ਨਾਲ ਉਡਾ ਦਿੱਤਾ ਜਾਂਦਾ ਹੈ। ਇੱਕ ਪਲ ਦੀ ਭੁੱਲ ਪੂਰੀ ਸਦੀ ਨੂੰ ਚੁਕਾਉਣੀ ਪੈ ਸਕਦੀ ਹੈ। ਸਿੱਖ ਧਰਮ ਵਿੱਚ ਨਿੱਤ ਦੀ ਅਰਦਾਸ ਕਰਦੇ ਅਸੀਂ ਸਭ ਹੋਈਆਂ ਬੀਤੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਸਭ ਦਾ ਆਪਣੀ ਪਿੱਠ ਤੇ ਥਾਪੜਾ ਹੋਇਆ ਜਾਣਦੇ ਹੀ ਸਰਬੱਤ ਦੇ ਭਲੇ ਤੱਕ ਜਾ ਅਪੜਦੇ ਹਾਂ।

ਹੁਣ ਜੇ ਕਿਸਾਨ ਅੰਦੋਲਨ ਦੀਆਂ ਪੂਰੀਆਂ ਪਰਤਾਂ ਦੇਖੀਏ ਤਾਂ ਇਹ ਨੁਕਤਾ ਚੇਤਿਆਂ ਤੋਂ ਨਿਤਰਦਾ ਦਿਸਦਾ ਹੈ ਕਿ ਇਸ ਸੰਘਰਸ਼ ਦੀ ਨੀਂਹ ਗੁਰੂ ਤੇਗ਼ ਬਹਾਦਰ ਜੀ ਨੇ ਚਾਂਦਨੀ ਚੌਕ ਵਿੱਚ ਸੀਸ ਕੁਰਬਾਨ ਕਰ ਕੇ ਰੱਖ ਦਿੱਤੀ ਸੀ, ਜਿੱਥੇ ਜਾਬਰ ਅਤੇ ਨਾਬਰ ਰੂ-ਬ-ਰੂ ਹੋਏ ਸਨ। ਕੇਂਦਰ ਨਾਲ ਸਾਡੀ ਹੱਕ, ਸੱਚ ਤੇ ਇਨਸਾਫ਼ ਲਈ ਲੜਾਈ ਉਸ ਦਿਨ ਤੋਂ ਹੀ ਜਾਰੀ ਹੈ। ਸੋ ਇਤਿਹਾਸਕ ਦੌਰ ਆਪਣੇ ਆਪ ਨੂੰ ਦੁਹਰਾ ਕੇ ਹੀ ਪਿਛਲਾ ਵਰਕਾ ਸੱਜਰਾ ਕਰਦਾ ਆਇਆ ਹੈ।

# ਨਸ਼ੀਲੇ ਪਦਾਰਥਾਂ ਦੀ ਲਤ ਨਾਲ ਜੂਝ ਰਹੇ ਸੂਬਾ ਵਾਸੀਆਂ ਵਾਸਤੇ ਸਪੋਰਟ ਸੇਵਾਵਾਂ ਵਧਾਉਣ ਦਾ ਐਲਾਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਯੂਸੀਪੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਸੂਬੇ ਵਿੱਚ ਚੱਲ ਰਹੇ ਨਸ਼ੀਲੇ ਪਦਾਰਥਾਂ ਦੇ ਸੰਕਟ ਨਾਲ ਨਜਿੱਠਣ ਵਾਸਤੇ ਇੱਕ ਹੋਰ ਯੋਜਨਾ ਦਾ ਐਲਾਨ ਕੀਤਾ ਹੈ। ਕੈਲਗਰੀ ਦੇ ਫ੍ਰੈਸ਼ ਸਟਾਰਟ ਰਿਕਵਰੀ ਸੈਂਟਰ ਤੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਲਤ ਨਾਲ ਜੂਝ ਰਹੇ ਸੂਬਾ ਵਾਸੀਆਂ ਵਾਸਤੇ ਸਪੋਰਟ ਸੇਵਾਵਾਂ ਵਧਾਉਣ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਸਾਲ 2019 ਵਿੱਚ ਉਹਨਾਂ ਨੇ ਐਡਿਕਸ਼ਨ ਟ੍ਰੀਟਮੈਂਟ ਵਾਸਤੇ 4000 ਸਪੇਸਿਜ਼ ਚਾਰ ਸਾਲਾਂ ਵਿੱਚ ਬਣਾਉਣ ਦਾ ਟੀਚਾ ਰੱਖਿਆ ਸੀ ਪਰ ਇਹ ਹੁਣ ਅੰਕੜਾ 8000 ਟੱਪ ਗਿਆ ਹੈ। ਸਰਕਾਰ ਦੇ ਫੁਲੀ ਫੰਡਿਡ ਮੈਡਿਕਲ ਡੀਟੌਕਸ ਰੈਜ਼ਿਡੈਂਸ਼ਿਅਲ ਟ੍ਰੀਟਮੈਂਟ ਅਤੇ ਰੈਜ਼ਿਡੈਂਸ਼ਿਅਲ ਰਿਕਵਰੀ ਸਰਵਿਸਿਜ਼ ਦਾ ਪ੍ਰਬੰਧ ਕਰਕੇ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਰੈਜ਼ਿਡੈਂਸ਼ਿਅਲ ਰਿਕਵਰੀ ਸਰਵਿਸਿਜ਼ ਮੌਜੂਦ ਨਹੀਂ ਸਨ। ਵਿਰੋਧੀ ਧਿਰ ਐਨਡੀਪੀ ਦੀ ਕ੍ਰਿਟਿਕ ਫੌਰ ਮੈਂਟਲ ਹੈਲਥ ਐਂਡ ਐਡਿਕਸ਼ਨਜ਼, ਲੋਰੀ ਸਿਗਰਡਸਨ ਦਾ ਕਹਿਣਾ ਹੈ ਕਿ ਇਸ ਨਵੇਂ ਪ੍ਰੋਗਰੈਮ ਵਿੱਚ ਨੁਕਸਾਨ ਘੱਟ ਕਰਨ ਵਾਲੀਆਂ ਸੇਵਾਵਾਂ ਦਾ ਕੋਈ ਜ਼ਿਕਰ ਨਹੀਂ ਹੈ ਇਸ ਕਲਈ ਇਹ ਪ੍ਰੋਗਰਾਮ ਅਧੂਰਾ ਹੈ।

facebook
ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਬੱਕਰੀਆਂ ਵਾਲੇ

ਆਹ ਤਿੰਨ ਕੁ ਹਫਤੇ ਪਹਿਲਾਂ ਮਹੋਰਾਣੇ ਪਿੰਡ ਵਾਲਾ ਕੰਮਾਂ ਆਪਣੀ ਧੁੰਨ ਚ ਮਸਤ ਗਾਉਂਦਾ ਹੋਇਆ ਬੱਕਰੀਆਂ ਚਾਰ ਰਿਹਾ ਸੀ ਅਖੇ "ਹਾਕਾਂ ਮਾਰਦੇ ਬੱਕਰੀਆਂ ਆਲੇ ਕਿ ਦੁੱਧ ਪੀਕੇ ਜਾਈਂ ਜੈ ਕੁਰੇ।" ਏਨੇ ਚਿਰ ਨੂੰ ਬੱਕਰੀਆਂ ਕਿਸੇ ਜੱਟ ਦੇ ਖੇਤੀਂ ਜਾ ਵੜੀਆਂ। ਉਹਨੇ ਅੱਗੋਂ ਸੜੇ ਬਲੇ ਨੇ ਢੀਮਾਂ ਮਾਰੀਆਂ ਜਿਹੜੀਆਂ ਦੋ ਚਾਰ ਬੱਕਰੀਆਂ ਨੂੰ ਲੱਗੀਆਂ ਵੀ। ਕੰਮਾਂ ਬਾਹਲਾ ਦੁਖੀ ਹੋਇਆ ਤੇ ਪਿੰਡ ਜਾਕੇ ਬੰਤੂ ਚੌਂਕੀਦਾਰ ਕੋਲ ਆਪਣਾ ਰੋਣਾ ਰੋਇਆ। ਬੰਤੂ ਕਹਿੰਦਾ ਅੱਜ ਕੱਲ ਤਾਂ ਲੈਕਸ਼ਨਾ ਦਾ ਦੌਰ ਆ ਚੱਲ ਪਾਲਟੀਆਂ ਨਾਲ ਗੱਲ ਕਰਦੇ ਆ। ਉਹਨੀ ਦਿਨੀ ਦਿੱਲੀ ਵਾਲੇ ਲਾਲਾ ਜੀ ਪੰਜਾਬ ਆਏ ਹੋਏ ਸੀ , ਪਤਾ ਲੱਗਣ ਤੇ ਸਿੱਧੇ ਕੰਮੇ ਨੂੰ ਮਿਲੇ। ਲਾਲਾ ਜੀ ਕਹਿੰਦੇ ਯਾਰ ਐਨਾ ਧੱਕਾ , ਦਿੱਲੀ ਵਿੱਚ ਤਾਂ ਭਾਵੇ ਚਾਂਦਨੀ ਚੌਂਕ ਚ ਬੱਕਰੀਆਂ ਚਾਰੀ ਜਾ , ਮਜਾਲ ਆ ਕੋਈ ਜੱਟ ਬੱਕਰੀ ਨੂੰ ਢੀਮ ਮਾਰ ਜਾਵੇ। ਕਹਿੰਦਾ ਚੱਲ ਚੱਕ ਸੱਤਵੀਂ ਗਰੰਟੀ , ਕੋਈ ਵੀ ਜੱਟ ਬੱਕਰੀ ਨੂੰ ਢੀਮ ਨਹੀਂ ਮਾਰ ਸਕਦਾ। ਨਾਲੇ ਬੱਕਰੀਆਂ ਲਈ ਜਣੇਪਾ ਛੁੱਟੀ ਦੇਣ ਦੀ ਸਹੂਲਤ ਦਾ ਐਲਾਨਵੀ ਕਰ ਦਿੱਤਾ। ਫਿਰ ਕਾਲੀ ਦਲੀਏ ਆ ਗਏ , ਉਹਨਾ ਵੀ ਬਾਹਲਾ ਦੁੱਖ ਮਨਾਇਆ। ਕਹਿੰਦੇ ਸਾਡੀ ਸਰਕਾਰ ਆਉਣ ਤੇ ਬੱਕਰੀ ਭਲਾਈ ਬੋਰਡ ਬਣਾਇਆ ਜਾਊ ਤੇ ਉਹਦੇ ਚੇਅਰਮੇਨ ਨੂੰ ਕੈਬਿਨੇਟ ਰੈਂਕ ਦਿੱਤਾ ਜਾਊ। ਨਾਲੇ ਕੰਮੇ ਨੂੰ ਪਾਲਟੀ ਦਾ ਸੀਨੀਅਰ ਮੀਤ ਭਰਧਾਨ ਨਿਯੁਕਤ



ਕਰਨ ਦਾ ਵੀ ਐਲਾਨ ਕਰ ਦਿੱਤਾ। ਚੰਨੀ ਸਾਬ ਕਿਹੜਾ ਘੱਟ ਸੀ, ਹੈਲੀਕਾਪਟਰ ਲੈਕੇ ਪਿੰਡ ਪਹੁੰਚ ਗਏ। ਜਾਂਦਿਆਂ ਹੀ ਕੰਮੇ ਦੀ ਬੱਕਰੀ ਦੀਆਂ ਧਾਰਾਂ ਕੱਢਣ ਬੈਠ ਗਏ , ਕਹਿੰਦਾ ਮੈਂ ਤਾਂ ਤਿੰਨ ਸਾਲ ਦਾ ਸੀ ਜਦੋਂ ਬੱਕਰੀਆਂ ਚਾਰਨੀਆਂ ਸ਼ੁਰੂ ਕਰ ਦਿੱਤੀਆਂ। ਨਾਲੇ ਜਿਹੜੀਆਂ ਬੱਕਰੀਆਂ ਨੂੰ ਢੀਮਾਂ ਵੱਜੀਆਂ ਸੀ ਉਹਨਾ ਨੂੰ ਹੈਲੀਕਾਪਟਰ ਚ ਝੂਟਾ ਵੀ ਦਿੱਤਾ। ਚੰਨੀ ਸਾਬ ਕਹਿੰਦੇ , ਕੈਪਟਨ ਨੇ ਸਾਡੇ ਚਾਰਾਂ ਸਾਲ ਵਿੱਚ ਬੱਕਰੀਆਂ ਲਈ ਕੁੱਝ ਨਹੀਂ ਕੀਤਾ , ਪਰ ਸਾਡੀ ਸਰਕਾਰ ਬੱਕਰੀਆਂ ਲਈ ਹਰ ਬਲਾਕ ਵਿੱਚ 50 ਏਕੜ ਦਾ ਮਨੋਰੰਜਕ ਪਾਰਕ ਬਣਾਏਗੀ। ਜਾਂਦੇ ਜਾਂਦੇ ਐਲਾਨ ਕਰ ਦਿੱਤਾ ਅੱਜ ਤੋਂ ਬਾਅਦ ਬੱਕਰੀਆਂ ਨੂੰ ਸਿਰਫ ਪੰਜ ਦਿਨ ਹੀ ਦੁੱਧ ਦੇਣ ਦੀ ਜਰੂਰਤ ਹੈ , ਇਹਨਾਂ ਨੂੰ ਵੀ ਦੋ ਦਿਨ ਦੀ ਗਜਟਿਡ ਛੁੱਟੀ ਮਿਲੂਗੀ।

ਚੰਨੀ ਦੇ ਐਲਾਨਾਂ ਤੇ ਲੋਕਾਂ ਨੇ ਅਕਾਸ਼ ਗੁੰਜਾਊ ਨਾਹਰੇ ਲਾਏ

"ਘਰ ਘਰ ਚੱਲੀ ਇਹੋ ਗੱਲ ,
ਚੰਨੀ ਕਰਦਾ ਮਸਲੇ ਹੱਲ।

"ਬੰਤੂ ਕੰਮੇ ਨੂੰ ਕਹਿੰਦਾ ਵੇਖਿਆ ਕਿੰਦਾਂ ਦੌੜੇ ਆਏ ਸਾਰੇ , ਕੰਮਾਂ ਕਹਿੰਦਾ ਪਤੰਦਰਾ ਆਪਣੇ ਪੱਲੇ ਕਿਸੇ ਨੇ ਕੀ ਪਾਇਆ।(ਹਰਪਾਲ ਸਿੰਘ ਬਾਗੜੀਆਂ ਦੀ ਫੇਸ ਬੁੱਕ ਉੱਪਰੋਂ ਧੰਨਵਾਦ ਸਹਿਤ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)

# ਸ਼ੌਨ ਚੂਅ ਦੇ ਵਿਰੋਧ ਵਿੱਚ ਘੱਟ ਅਤੇ ਹੱਕ ਵਿੱਚ ਜਿਆਦਾ ਲੋਕ ਨਿੱਤਰ ਆਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਾਰਡ 4 ਤੋਂ ਕੌਂਸਲਰ ਸ਼ੌਨ ਚੂ ਦੇ ਖਿਲਾਫ਼ ਸਿਟੀ ਹੌਲ ਦੇ ਬਾਹਰ ਰੱਖੀ ਗਈ ਰੈਲੀ ਫ਼ਲੌਪ ਹੋ ਗਈ ਪਰ –ਲੰਪਿਕ ਪਲਾਜ਼ਾ ਵਿੱਚ ਉਸ ਦੇ ਹੱਕ ਵਿੱਚ ਨਿੱਤਰੇ ਲੋਕਾਂ ਨੇ ਸਿਟੀ ਹੌਲ ਅੰਦਰ ਲੋਕਤੰਤਰੀ ਕਦਰਾਂ ਦਾ ਘਾਣ ਕੀਤੇ ਜਾਣ ਦਾ ਤਿੱਖਾ ਵਿਰੋਧ ਕੀਤਾ। ਲੰਘੇ ਅਕਤੂਬਰ ਮਹੀਨੇ ਵਿੱਚ ਮਿਉਨਿਸਿਪਲ ਚੋਣਾਂ ਤੋਂ ਦੋ ਦਿਨ ਪਹਿਲਾਂ ਸ਼ੌਨ ਚੂ ਦੇ ਖਿਲਾਫ਼ ਇਕ ਨਿਊਜ਼ ਚੈਨਲ ਤੋਂ ਇਕ ਖ਼ਬਰ ਪ੍ਰਸਾਰਿਤ ਕੀਤੀ ਗਈ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਸਨੇ ਪੁਲਿਸ ਔਫਿਸਰ ਹੁੰਦਿਆਂ ਸਾਲ 1997 ਵਿੱਚ ਇਕ ਨਾਬਾਲਗ ਲੜਕੀ ਨਾਲ ਜਿਣਸੀ ਛੇੜਖਾਨੀ ਕੀਤੀ ਸੀ ਤੇ ਉਸ ਨੂੰ ਡਿਸਪਲਿਨ ਵੀ ਕੀਤਾ ਗਿਆ ਸੀ। ਚੋਣਾਂ ਵਾਲੇ ਦਿਨ ਪਈਆਂ ਵੋਟਾਂ ਵਿੱਚ ਉਸ ਨੂੰ ਮਿਲੀਆਂ ਵੋਟਾਂ ਘਟ ਗਈਆਂ ਸਨ ਪਰ ਐਡਵਾਂਸ ਪੋਲਿੰਗ ਵਿੱਚ ਉਹ ਕਿਤੇ ਜ਼ਿਆਦਾ ਵੋਟ ਲੈ ਗਿਆ ਹੋਣ ਕਰਕੇ 100 ਵੋਟਾਂ ਨਾਲ ਜਿੱਤ ਗਿਆ ਸੀ। ਮੇਅਰ ਡਾ. ਜੋਤੀ ਗੌਂਡੇਕ ਸਮੇਤ ਸਿਟੀ ਕੌਂਸਲ ਦੇ ਕਈ ਮੈਂਬਰਾਂ ਨੇ ਸ਼ੌਨ ਚੂ ਉੱਪਰ ਦਬਾਅ ਬਣਾਇਆ ਸੀ ਕਿ ਉਹ ਅਸਤੀਫਾ ਦੇ ਦੇਵੇ ਪਰ ਉਸ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਸੀ ਤੇ ਕਾਨੂੰਨੀ ਤੌਰ ਤੇ ਉਸ ਨੂੰ ਕੌਂਸਲਰ ਵਜੋਂ ਹਟਾਇਆ ਨਹੀਂ ਜਾ ਸਕਦਾ। ਉਸ ਨੂੰ ਕਮੇਟੀਆਂ ਦਾ ਮੈਂਬਰ ਵੀ ਨਹੀਂ ਬਣਾਇਆ ਗਿਆ ਹੈ ਤੇ ਉਸ ਦੀ ਸੀਟ ਵੀ ਬਿਨਾ ਉਸ ਨੂੰ ਪੁੱਛਿਆਂ ਤਬਦੀਲ ਕਰ ਦਿੱਤੀ ਗਈ ਹੈ। ਲੰਘੇ ਸ਼ਨੀਵਾਰ ਉਸ ਦੇ ਵਿਰੋਧ ਵਿੱਚ ਇਕ ਰੈਲੀ ਰੱਖੀ ਗਈ ਸੀ ਤਾਂ ਕਿ ਉਸ ਉੱਪਰ ਅਸਤੀਫੇ ਦਾ ਦਬਾਅ ਵਧਾਇਆ ਜਾ ਸਕੇ ਪਰ ਇਸ ਵਿੱਚ 30 ਦੇ ਕਰੀਬ ਵਿਅਕਤੀ ਹੀ ਸ਼ਾਮਿਲ ਹੋਏ। ਸ਼ੌਨ ਚੂ ਦੇ ਹੱਕ ਵਿੱਚ 150 ਤੋਂ ਵੀ ਜ਼ਿਆਦਾ ਲੋਕ ਸ਼ਾਮਿਲ ਸਨ ਤੇ ਉਹਨਾਂ ਸਾਰਿਆਂ ਨੇ ਸਿਟੀ ਹੌਲ ਵਿੱਚ ਲੋਕਤੰਤਰੀ ਢੰਗ ਨਾਲ ਚੁਣੇ ਗਏ ਨੁਮਇੰਦੇ ਨਾਲ ਹੋ ਰਹੇ ਧੱਕੇ ਦੀ ਤਿੱਖੀ ਆਲੋਚਨਾ ਕੀਤੀ।






# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਮਕੈਨੀਕਲ ਇੰਜੀਨੀਅਰ ਲਈ ਕਨੇਡਾ ਤੋਂ ਹੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਤੋਂ ਲੈਕੇ 5 ਫੁੱਟ 9 ਇੰਚ ਦੇ ਵਿਚਕਾਰ ਹੋਵੇ । ਬੀ ਐਸ ਸੀ ਨਰਸਿੰਗ ਤੇ ਮਾਲਵਾ ਇਲਾਕੇ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ (ਕਨੇਡਾ) ਸੈਟਲ ਹੈ। ਸੰਪਰਕ: 587 619 4311 ਜਾਂ ਵਟਸ ਐਪ 91 94642 68716 ***190***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ ,ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 681 7586 ***190***

### ਲੜਕੀ ਦੀ ਲੋੜ

ਗਰੇਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਕਿ ਲੜਕੇ ਨੂੰ ਸੈਟਲ ਹੋਣ ਤੇ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦਾ ਹੈ। ਸੰਪਰਕ : 1 604 368 6214 ਜਾਂ 1 236 788 4632 ***190***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 49 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ, ਵਰਕ ਪਰਮਿਟ,ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਇੰਗਲੈਂਡ ਤੋਂ ਕਨੇਡਾ ਮੂਵ ਹੋਇਆ ਹੋਣ ਕਾਰਣ ਹਾਲੇ ਕਨੇਡਾ ਦੇ ਕਿਸੇ ਵੀ ਸ਼ਹਿਰ ਵਿੱਚ ਮੂਵ ਹੋ ਸਕਦਾ ਹੈ । ਸੰਪਰਕ: 587 707 3254 ***189***

### ਲੜਕੀ ਦੀ ਲੋੜ

ਪੜੇ ਲਿਖੇ ਮਹਾਸਾ ਪਰਿਵਾਰ ਦੇ ਪੁਰਤਗਾਲ ਵਿੱਚ ਪੱਕੇ ਤੌਰ ਤੇ ਰਹਿ ਰਹੇ ਲੜਕੇ ਉਮਰ 32 ਸਾਲ , ਜਿਸ ਨੇ ਬੀ ਟੈਕ ਪੰਜਾਬ ਤੋਂ ਅਤੇ ਐਮ ਟੈਕ ਯੂਰਪ ਤੋਂ ਕੀਤੀ ਹੈ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਮਾਝੇ ਨੂੰ ਪਹਿਲ। ਕੋਈ ਜਾਤੀ ਬੰਧਨ ਨਹੀਂ ਹੈ। ਵਟਸਐਪ ਸੰਪਰਕ: 1 780 850 7078 ਜਾਂ 91 94 17430798 **185**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਐਡਮੰਟਨ ਵਿੱਚ ਚੰਗੀ ਜੌਬ ਕਰ ਰਹੇ ਲੜਕੇ ,ਜਨਮ 1988,ਕੱਦ 5 ਫੁੱਟ 10 ਇੰਚ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 780 762 4646 ***189***

### ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਇੰਡੀਆ ਰਹਿ ਰਹੀ ਤਲਾਕਸ਼ੁਦਾ ਲੜਕੀ ਉਮਰ 27 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ ਲਈ ਕਨੇਡਾ ਜਾਂ ਅਮਰੀਕਾ ਤੋਂ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਪਹਿਲੇ ਵਿਆਹ ਦਾ 4 ਸਾਲ ਦਾ ਬੇਟਾ ਵੀ ਹੈ । ਸੰਪਰਕ: 587 433 1218 ***189***

### ਲੜਕੇ ਦੀ ਲੋੜ

ਇੰਡੀਆ ਰਹਿ ਰਹੀ ਰਵੀਦਾਸੀਆ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ :ਜੀ ਐਨ ਐਮ ਨਰਸਿੰਗ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਕਾਲ: 587 889 5313 ***189***

### ਲੜਕੇ ਦੀ ਲੋੜ

ਕਨੇਡਾ ਸਟੂਡੈਂਟ ਆਈ ਪਰ ਹੁਣ ਪੋਸਟ ਗਰੈਜੂਏਟ ਵਰਕ ਪਰਮਿਟ ਉੱਪਰ ਬਦੇਸਾ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਐਸ ਸੀ , ਐਮ ਐੱਡ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 91 9855391591 Or e mail : saabbadesha@gmail.com ***189***

### ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਇੰਡੀਆ ਵਿੱਚ ਰਹਿੰਦੀ ਸੋਹਣੀ ਸੁਨੱਖੀ ਲੜਕੀ ਉਮਰ 37 ਸਾਲ, ਕੱਦ 5 ਫੁੱਟ 5 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨੇ ਪਲੱਸ ਟੂ ਤੋਂ ਬਾਦ ਆਈ ਟੀ ਆਈ ਸਿਲਾਈ ਕਢਾਈ ਦਾ ਡਿਪਲੋਮਾਂ ਕੀਤਾ ਹੋਇਆ ਹੈ। ਲੜਕੀ ਦਾ ਭਰਾ ਕਨੇਡਾ ਵੈੱਲ ਸੈਟਲਡ ਹੈ। ਕੋਈ ਜਾਤੀ ਭੇਦਭਾਵ ਨਹੀਂ, ਤਲਾਕਸੂਦਾ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 1 647 327 0556 ਜਾਂ 437 213 6387 ***188***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ , ਵਿਦਿਅਕ ਯੋਗਤਾ ਬੀ ਏ,ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਤਲਾਕਸੁਦਾ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 825 439 9000 ਈ ਮੇਲ: Harpreet88b@gmail.com ***188***

### ਲੜਕੀ ਦੀ ਲੋੜ

ਆਸਟਰੇਲੀਅਨ ਪੀ ਆਰ ਸ਼ਰਮਾ ਪਰਿਵਾਰ ਦੇ ਸੋਹਣੇ ਸੁਨੱਖੇ, ਨਾਨ ਡਰਿੰਕਰ, ਨਾਨ ਸਮੋਕਰ,ਲੜਕੇ ,ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਡਿਪਲੋਮਾਂ ਇਨ ਅਕਾਊਂਟਿੰਗ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ, ਸਿਟੀਜਨ ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਦੇ ਰਿਸਤੇ ਦੀ ਭਾਲ ਹੈ। ਲੜਕੇ ਦਾ ਪਰਿਵਾਰ ਕਨੇਡਾ ਸੈਟਲ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: (403) 890-7020 ***188***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਬਿਜਨਿਸ ਐਡਮਿਨਿਸਟਰੇਸ਼ਨ ਫਾਇਨੈਂਸ ਡਿਪਲੋਮਾ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨਾਮਵਰ ਫਾਇਨੈਂਸ ਕੰਪਨੀ ਵਿੱਚ ਜੌਬ ਕਰ ਰਹੀ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਕਰਨ । ਸੰਪਰਕ: 1 825 365 9343 ***188***

### ਲੜਕੇ ਦੀ ਲੋੜ

ਇੰਡੀਆ ਰਹਿ ਰਹੀ ਚੰਗੇ ਪੜੇ ਲਿਖੇ ਐਸ ਸੀ ਪਰਿਵਾਰ ਵਿੱਚੋਂ ਕਲਾਸ ਵਨ ਅਫਸਰ ਦੀ ਧੀ, ਉਮਰ 33 ਸਾਲ ,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਡ, ਡਬਲ ਐਮ ਏ ਹਿੰਦੀ ਅਤੇ ਇੰਗਲਿਸ਼,ਪੀ ਜੀ ਡੀ ਸੀ ਏ,ਸੋਹਣੀ ਸੁਨੱਖੀ ਲੜਕੀ ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ , ਸਿਟੀਜਨ ਜਾਂ ਇੰਡੀਆ ਵਿੱਚ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਭੈਣ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ: 306 737 9272 ਜਾਂ 306 737 9328 ਈ ਮੇਲ : Singhmonika651@gmail.com ***188***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਮਜਬੀ ਸਿੱਖ ਸਹੋਤਾ ਪਰਿਵਾਰ ਦੇ ਲੜਕੇ ਉਮਰ 28 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਡੈਂਟਲ ਹਾਈਜੀਨ ਡਿਪਲੋਮਾਂ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਬੀ ਐਸ ਸੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ । ਲੜਕੇ ਨੇ ਕਨੇਡਾ ਬਿਜਨਿਸ ਮੈਨੇਜਮੈਂਟ ਦਾ ਡਿਪਲੋਮਾਂ ਕੀਤਾ ਹੋਇਆ ਹੈ ਅਤੇ ਇਸ ਵੇਲੇ ਟਰਾਂਸਪੋਰਟ ਦੇ ਕਿੱਤੇ ਵਿੱਚ ਸਫਲ ਬਿਜਨਿਸਮੈਨ ਹੈ। ਸਾਦਾ ਵਿਆਹ, ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਹੀ ਸੈਟਲ ਹੈ। 1 306 807 4758 ***188***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਮੰਗਲੀਕ ਲੜਕੀ ਜਨਮ 1990, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

### ਲੜਕੇ ਦੀ ਲੋੜ

Respectable, well established, Jatt Sikh parents seeking a suitable match for their daughter, 29 yrs. old, 5'-3" tall, Canadian PR, Master's in Applied Sciences from University of Calgary, well settled as Engineer/Analyst in Chilliwack (BC), very beautiful and family oriented. The boy should be Canadian PR/Citizen, educated from Canada/North America (Bachelor/Master/Doctorate), smart, handsome, good looking, with modern values Jatt Sikh. Please email recent picture and biodata to: basketfiree@gmail.com or call: 1-778-539-7001 ***188***

### ਲੜਕੀ ਦੀ ਲੋੜ

Respectable, well established, Jatt Sikh parents seeking a suitable match for their son, 34 yrs. old, 5'-11" tall, Canadian Citizen, well settled as engineering professional in Edmonton, background in Master of Industrial Engineering, handsome, smart, family oriented and blend of modern and cultural values. The girl should be Canadian PR/Citizen, educated from Canada/North America (Bachelor/Master/Doctorate), smart, beautiful, well-versed in both cultures, Jatt Sikh. Please email recent picture and bio-data to: basketfiree@gmail.com or call: 1-403-404-4069 ***188***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਕਲ ਇੰਜੀਅਰਿੰਗ ਵਿੱਚ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 909 8665 ***187***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਸੋਹਣੀ ਸੁਨੱਖੀ, ਉਮਰ 25 ਸਾਲ ,ਕੱਦ 5 ਫੁੱਟ 8 ਇੰਚ,ਚੰਗੀ ਪੜੀ ਲਿਖੀ ਮੈਡੀਕਲ ਫੀਲਡ ਵਿੱਚ ਜੌਬ ਕਰਦੀ ਲੜਕੀ ਲਈ, ਕਨੇਡਾ ਤੋਂ ਹੀ ਹਾਣ ਪਰਵਾਣ ਦੀ ਵਿਦਿਅਕ ਯੋਗਤਾ ਵਾਲੇ ਕਨੇਡਾ ਦੇ ਹੀ ਪੜ੍ਹੇ ਅਤੇ ਕਨੇਡਾ ਵਿੱਚ ਹੀ ਕੰਮ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 472 0465 ***187***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਢਿੱਲੋਂ ਪਰਿਵਾਰ ਚੰਗੇ ਪੜੇ ਲਿਖੇ ਚੰਗੀ ਕੰਪਨੀ ਵਿੱਚ ਚੰਗੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 11 ਇੰਚ,ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 446 6666 ***187***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌਂ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਟਾਂਕ ਕਸ਼ੱਤਰੀ ਪੁਰਬਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਡਿਪਲੋਮਾਂ ਇਨ ਇਲੈਕਟਰੀਕਲ, ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 0865 ***186***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041***186***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਹਿੰਦੂ ਖੱਤਰੀ ਪਰਿਵਾਰ ਦੇ ਚੰਗੇ ਪੜੇ ਲਿਖੇ, ਸੋਹਣੇ ਸੁਨੱਖੇ ਲੜਕੇ ,ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਹਾਣ ਪਰਵਾਣ ਦੀ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 245 6776***186***

### ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ ਓਮਰ 36 ਸਾਲ,ਕੱਦ 5'10",,ਵਿਜੀਟਰ ਵੀਜਾ ਹੋਲਡਰ ਲਈ ਕਨੇਡੀਅਨ ਪੀ ਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲੋੜ ਹੈ,ਕੋਈ ਜਾਤੀ ਬੰਧਨ ਨਹੀ, ਤਲਾਕਸ਼ੁਦਾ ਵੀ ਵਿਚਾਰ ਯੋਗ, ਸੰਪਰਕ.. 91 8528486866 ਜਾਂ 1 647 879 1272 ***182***

### ਲੜਕੀ ਦੀ ਲੋੜ

ਅਮਰੀਕਨ ਸਿਟੀਜਨ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਆਰ ਐਨ ਲੜਕੇ ਲਈ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 968 5620 ***186***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ,ਜਨਮ 1995,ਕੱਦ 5 ਫੁੱਟ 7 ਇੰਚ, ਕੈਲਗਰੀ ਵਿਖੇ ਹੀ ਐਲ ਪੀ ਐਨ ਦੀ ਜੌਬ ਕਰਦੀ ਲੜਕੀ ਲਈ ਹਾਣ ਪ੍ਰਵਾਣ ਦੀ ਵਿਦਿਅਕ ਯੋਗਤਾ ਅਤੇ ਚੰਗੇ ਪਰਿਵਾਰਕ ਪਿਛੋਕੜ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਆਪਣੇ ਬਾਰੇ ਜਾਣਕਾਰੀ ਅਤੇ ਸੱਜਰੀ ਫੋਟੋ ਵਟਸ ਐਪ 91 89684 59226 ਉੱਪਰ ਭੇਜੋ --- Jatt sikh Gill family seeks a suitable match for their daughter, 1995 born, 5'7" PR in Canada. LPN working in Calgary . Looking for well educated and family oriented boy. Send your bio data and recent pictures on WhatsApp at +91 89684 59226 ***186***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਜੱਸਲ ਪਰਿਵਾਰ ਦੇ ਲੜਕੇ, ਉਮਰ 23 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਆਈ ਟੀ ਆਈ ਪਲੰਬਰ ਦਾ ਡਿਪਲੋਮਾ ਅਤੇ ਹੁਣ ਲਵਲੀ ਯੁਨੀਵਰਿਸਟੀ ਵਿੱਚ ਬੀ ਏ ਫਾਈਨਲ ਕਰ ਰਹੇ ਲਈ, ਕਨੇਡੀਅਨ ਪੀਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਪਰਿਵਾਰ ਦਾ ਆਪਣਾ ਲੁਧਿਆਣਾ ਵਿੱਚ ਬਿਜਨਿਸ ਹੈ।ਲੜਕੇ ਦਾ ਭਰਾ ਅਤੇ ਨਾਨਕਾ ਪਰਿਵਾਰ ਕਨੇਡਾ ਨਿਵਾਸੀ ਹਨ। ਸੰਪਰਕ : 91 98 760 90313,1 778 706 9611 ਜਾਂ 416 509 6200 ***186***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ । ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 **190**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧ੍ਹੇਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹੂਈੜਕ੍ਰੇੜਕੀ ਦੀ ਭਾਲ ਸਬੰਧੀ,ਵਰਕਰਾਂ ਦੀ੍ਹੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ੍ਹਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜਾਇਨਾ- 639 999 1000, ਵਿਨੀਪੈੱਗ- 431 733 3000**

Masihi Life Church
3663 19th STREET CALGARY AB T2E 6S8
FOR PRAYER CALL 403-429-0369

ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ।
ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।

Are you searching for a church to attend
Come and join us
(Service in Hindi/Punjabi)
We welcome you all




CHURCH SERVICE EVERY
SUNDAY 12PM TO 3PM

ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ,
ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ:**
**403 680 0436**

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ੍ਹੜ

A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ੍ਹੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**Hiring !**

Daffodils Cargo logistics Inc. is looking for Class 1 Drivers for long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

**Hiring**

**Hair and face art salon is looking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour full time job
Interested candidates please send your resume at email: hairandfaceart994@gmail.com**

**Tractor Trucks for lease**

Two Trucks for lease
Volvo Trucks with Sleeper
Maintenance Free lease
Minimum Six Months to Twelve Months lease
Good for local, Regional/Short-Haul
$5000.00 Down
$4000.00 Per Month
Some Restrictions Apply

FRESH FREIGHT



Please Contact:

**KulbirShergill Fresh Freight ltd**
**Phone or Text- 403-510-0070**
**Email: info@freshfreight.ca**

**A-CHOICE DRIVING SCHOOL**
Bay# 324, 4774 Westwinds Dr NE
Calgary Alberta T3J 0L9
Tel: 403-473-1682



# ਮੈਨੀਟੋਬਾ ਦਾ ਬਾਨੀ ਫੈਡਰੇਸ਼ਨ ਦਾ ਪਿਤਾਮਾ ਲੂਈ ਰੀਲ



ਜਗਦੇਵ ਸਿੱਧੂ ਕੈਲਗਰੀ
403 351 1136

ਜਿਵੇਂ ਮੈਨੀਟੋਬਾ ਬਾਰੇ ਲੂਈ ਰੀਲ ਦੀਆਂ ਮੰਗਾਂ ਮੰਨਣ ਦੇ ਬਾਵਜੂਦ ਵੀ ਮੈਕਡਾਨਲਡ ਨੇ ਮੈਟੀਸ ਲੋਕਾਂ ਤੇ ਧੌਂਸ ਜਮਾਉਣ ਖਾਤਰ ਸਿਪਾਹੀ ਭੇਜੇ ਸਨ, ਉਸੇ ਨੀਤੀ ਤੇ ਚਲਦਿਆਂ ਸਸਕੈਚਵਨ ਲੋਕਾਂ ਦੀਆਂ ਮੰਗਾਂ ਜਾਇਜ਼ ਅਤੇ ਤੁਰਤ ਮੰਨਣਯੋਗ ਹੁੰਦਿਆਂ ਵੀ ਮੈਕਡਾਨਲਡ ਨੇ ਮਕਾਰੀ ਨਾਲ ਫੌਜ ਭੇਜੀ। ਲੂਈ ਰੀਲ ਦੀ ਅਗਵਾਈ ਹੇਠ ਆਵਾਜ਼ ਬੁਲੰਦ ਕਰਨ ਵਾਲੇ ਬਹਾਦਰ ਮੈਟੀਸ ਲੋਕਾਂ ਨੂੰ ਦਬਾਉਣ ਲਈ ਲੈਫ਼ਟੀਨੈਂਟ ਗਵਰਨਰ ਨੇ ਹਡਜ਼ਨ ਬੇਅ ਕੰਪਨੀ ਦੇ ਚੀਫ਼ ਫੈਕਟਰ, ਲਾਰੈਂਸ ਕਲਾਰਕ ਨੂੰ ਫੋਰਟ ਕਾਰਲਟਨ ਵਿਖੇ ਤਾਰ ਭੇਜ ਕੇ ਸੂਚਿਤ ਕੀਤਾ ਕਿ ਮੈਟੀਸ ਨੂੰ ਦੱਸ ਦਿੱਤਾ ਜਾਵੇ ਕਿ ਕੈਨੇਡਾ ਸ਼ਾਂਤੀ ਕਾਇਮ ਕਰਨ ਵਾਸਤੇ ਫੌਜੀ ਟੁਕੜੀ ਭੇਜ ਰਿਹਾ ਹੈ। 17 ਮਾਰਚ 1885 ਨੂੰ ਕਲਾਰਕ ਨੇ ਮੈਟੀਸ ਨੂੰ ਦੱਸਿਆ ਕਿ ਰਿਜਾਇਨਾ ਤੋਂ 100 ਹਥਿਆਰਬੰਦ ਸਿਪਾਹੀ ਗੈਬਰੀਲ ਡੁਮਾਂਟ ਅਤੇ ਲੂਈ ਰੀਲ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਪ੍ਰਿੰਸ ਅਲਬਰਟ ਵੱਲ ਆ ਰਹੇ ਹਨ।

18 ਮਾਰਚ ਦੇ ਦਿਨ ਭੜਕੇ ਹੋਏ ਹਥਿਆਰਬੰਦ ਮੈਟੀਸ ਬਟੋਚ ਦੇ ਸੇਂਟ ਐਂਟਾਇਨ ਡੀ ਪਾਡੂ ਚਰਚ ਦੁਆਲੇ ਇਕੱਠੇ ਹੋ ਗਏ। ਜਦੋਂ ਪਾਦਰੀ ਜੂਲੀਅਨ ਮੋਲਿਨ ਨੇ ਉਨ੍ਹਾਂ ਨੂੰ ਅੰਦਰ ਦਾਖਲ ਹੋਣ ਤੋਂ ਰੋਕਿਆ ਤਾਂ ਰੀਲ ਗਰਜਿਆ,"ਹਟ ਜਾ ਪਰ੍ਹਾਂ। ਰੋਮ ਢਹਿ ਚੁੱਕਿਆ ਹੈ।"ਫੇਰ ਰੀਲ ਨੇ ਸਾਰਿਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ,"ਅਸੀਂ ਭੇਜੀ ਪਟੀਸ਼ਨ, ਪਰ ਉਨ੍ਹਾਂ ਨੇ ਮੈਨੂੰ ਤੇ ਡੁਮਾਂਟ ਨੂੰ ਫੜਨ ਵਾਸਤੇ ਸਿਪਾਹੀ ਭੇਜ ਦਿੱਤੇ।-- ਇਸ ਤੋਂ ਚੰਗਾ ਹੈ ਮੈਂ ਮੌਂਟਾਨਾ ਵਾਪਸ ਚਲਾ ਜਾਵਾਂ।" ਡੁਮਾਂਟ ਨੇ ਗਰਜਣਾ ਕੀਤੀ,"ਮੈਂ ਕਹਿੰਦਾ ਹਾਂ ਲੂਈ ਰੀਲ ਏਥੇ ਹੀ ਰਹੇਗਾ ਅਤੇ ਅਸੀਂ ਲੜਾਂਗੇ।"ਖਚਾ-ਖਚ ਭਰੇ ਚਰਚ ਅੰਦਰ ਸਾਰੇ ਲੋਕਾਂ ਨੇ ਬੰਦੂਕਾਂ ਅਤੇ ਰਿਵਾਲਵਰ ਉਤਾਂਹ ਚੁੱਕ ਕੇ ਇੱਕ ਹੋ ਕੇ ਵਿਦਰੋਹ ਦੀ ਆਵਾਜ਼ ਬੁਲੰਦ ਕੀਤੀ। ਮੈਟੀਸ ਲੜਾਈ ਲਈ ਤਿਆਰ ਹੋ ਗਏ।

ਪ੍ਰਿੰਸ ਅਲਬਰਟ ਵਿਖੇ ਨਾਰਥ ਵੈਸਟ ਮਾਊਂਟਿਡ ਪੁਲੀਸ ਦਾ ਕਮਾਂਡਰ ਮੇਜਰ ਲੀਫ਼ ਕਰੋਜ਼ਰ, 13 ਮਾਰਚ ਨੂੰ ਆਪਣੇ 100 ਸਿਪਾਹ-ਸਲਾਰਾਂ ਦੀ ਟੋਲੀ ਨਾਲ ਫੋਰਟ ਕਾਰਲਟਨ ਪਹੁੰਚ ਗਿਆ। 23 ਮਾਰਚ ਨੂੰ ਪ੍ਰਧਾਨ ਮੰਤਰੀ ਜਾਹਨ ਮੈਕਡਾਨਲਡ ਨੇ ਕੈਨੇਡੀਅਨ ਫੌਜਾਂ ਦੇ ਮੇਜਰ ਜਨਰਲ, ਫਰੈਡਰਿਕ ਡੀ. ਮਿਡਲਟਨ ਨੂੰ ਕਾਰਵਾਈ ਕਰਨ ਦਾ ਹੁਕਮ ਦਿੱਤਾ। ਪੁਲੀਸ .( . ...)ਦੇ ਕਰਨਲ ਗਾਸਫੋਰਡ ਇਰਵਿਨ ਨੇ 100 ਸਿਪਾਹੀਆਂ ਸਮੇਤ ਰਿਜਾਈਨਾ ਤੋਂ ਪ੍ਰਿੰਸ ਅਲਬਰਟ ਵੱਲ ਕੂਚ ਕੀਤਾ। ਡੁਮਾਂਟ ਨੇ ਮਸ਼ਵਰਾ ਦਿੱਤਾ ਕਿ ਗੁਰੀਲਾ ਲੜਾਈ ਦਾ ਢੰਗ ਅਖ਼ਤਿਆਰ ਕੀਤਾ ਜਾਵੇ, ਜੋ ਰਾਤ ਨੂੰ ਲੜੀ ਜਾਵੇ, ਦੁਸ਼ਮਣ ਦੀ ਸਪਲਾਈ ਤੇ ਛਾਪੇ ਮਾਰੇ ਜਾਣ, ਦੁਸ਼ਮਣ ਦੇ ਦਿਲਾਂ ਅੰਦਰ ਦਹਿਸ਼ਤ ਪਾਈ ਜਾਵੇ। ਪਰ ਰੀਲ ਖ਼ੂਨ-ਖ਼ਰਾਬੇ ਦੇ ਖਿਲਾਫ਼ ਸੀ ਅਤੇ ਆਹਮੋ-ਸਾਹਮਣੇ ਲੜਾਈ ਦੇ ਪੱਖ ਵਿਚ ਸੀ। ਉਸ ਦਾ ਵਿਸ਼ਵਾਸ ਸੀ ਕਿ ਉਹ ਰੱਬ ਦੇ ਸਿਪਾਹੀ ਸਨ ਅਤੇ ਰੱਬ ਦੀ ਇਹੋ ਮਰਜ਼ੀ ਸੀ।

ਪਹਿਲੀ ਮੁੱਠ-ਭੇੜ 24 ਮਾਰਚ ਨੂੰ ਡੱਕ ਲੇਕ ਦੁਆਲੇ ਹੋਈ ਜਿੱਥੇ ਦਸ ਮੈਟੀਸ ਸਕਾਊਟਾਂ ਦਾ ਪੰਦਰਾਂ ਮਾਊਂਟੀ ਸਿਪਾਹੀਆਂ ਨਾਲ ਰਾਤ ਵੇਲੇ ਟਾਕਰਾ ਹੋਇਆ। ਘਬਰਾ ਕੇ ਮਾਊਂਟੀ ਕਾਰਲਟਨ ਵੱਲ ਭੱਜ ਗਏ। ਫੇਰ 26 ਮਾਰਚ ਨੂੰ 56 ਮਾਊਂਟੀ, 43 ਕੈਨੇਡੀਅਨ ਵਾਲੰਟੀਅਰ ਸੱਤ ਪੌਂਡ ਵਾਲੀ ਤੋਪ ਸਣੇ ਡੱਕ ਲੇਕ ਤੇ ਆ ਧਮਕੇ। ਗੈਬਰੀਲ ਡੂਮਾਂਟ ਨੇ 200 ਮੈਟੀਸ, ਕੁਛ ਕਰੀ ਅਤੇ ਸੂ ( ਨੇਟਿਵ ਕਬੀਲੇ ) ਇਕੱਠੇ ਕੀਤੇ ਉਨ੍ਹਾਂ ਨੇ ਡੱਕ ਲੇਕ ਨੂੰ ਜਾਂਦੇ ਰਸਤੇ ਉਪਰ ਕਾਰਲਟਨ ਟਰੇਲ ( ਡੰਡੀ ) ਦੇ ਨੇੜੇ ਇੱਕ ਨੀਵੇਂ ਥਾਂ ਤੇ ਝਾੜੀਆਂ ਦੀ ਓਟ ਵਿਚ ਮੋਰਚਾ ਮੱਲ ਲਿਆ। ਦੋਹਾਂ ਪਾਸਿਓਂ ਗੋਲੀਬਾਰੀ ਸ਼ੁਰੂ ਹੋ ਗਈ। ਮੈਟੀਸ ਨੇ ਝਾੜੀਆਂ ਦੇ ਓਹਲਿਓਂ ਫਾਇਰ ਕੀਤੇ ਜਦੋਂ ਕਿ ਕੈਨੇਡੀਅਨਾਂ ਨੇ ਬਰਫ਼-ਰੇੜ੍ਹਿਆਂ ( ਸਲੈਂਡ ) ਦੀ ਓਟ ਲੈ ਰੱਖੀ ਸੀ। ਰੀਲ ਨੇ ਸਲੀਬ ਚੁੱਕੀ ਹੋਈ ਸੀ ਜਿਸ ਨੂੰ ਉੱਚੀ ਕਰ ਕੇ ਛੜੱਪੇ ਮਾਰਦਾ ਹੋਇਆ ਫਾਇਰ ਕਰਨ ਲਈ ਆਖੀ ਜਾ ਰਿਹਾ ਸੀ। ਡੂਮਾਂਟ ਤਾੜ-ਤਾੜ ਗੋਲੀਆਂ ਦਾ ਮੀਂਹ ਵਰਸਾ ਰਿਹਾ ਸੀ ਜਦੋਂ ਅਚਾਨਕ ਇੱਕ ਮਾਊਂਟੀ ਦੀ ਗੋਲੀ ਉਸ ਦੀ ਖੋਪੜੀ ਪਾਰ ਕਰ ਗਈ। ਇਸ ਲੜਾਈ ਵਿਚ ਉਸ ਦਾ ਭਰਾ ਇਜ਼ੀਡੋਰ ਪਹਿਲਾਂ ਹੀ ਮਾਰਿਆ ਜਾ ਚੁੱਕਾ ਸੀ। ਡੂਮਾਂਟ ਉੱਠਿਆ ਅਤੇ ਆਪਣੇ ਜਵਾਨਾਂ ਨੂੰ ਡਟ ਕੇ ਲੜਨ ਲਈ ਵੰਗਾਰਿਆ।ਕਰੋਜ਼ਰ ਦੇ 100 ਵਿੱਚੋਂ ਜੋ 80 ਆਦਮੀ ਬਚੇ ਸਨ, ਮਸਾਂ 20 ਮਿੰਟਾਂ ਦੀ ਗਹਿਗੱਚ ਲੜਾਈ ਪਿੱਛੋਂ ਉਹ ਵੀ ਮੈਦਾਨ ਛੱਡ ਕੇ ਤਿੱਤਰ ਹੋ ਗਏ। ਗੈਬਰੀਲ ਡੂਮਾਂਟ ਦੇ ਭਰਾ ਐਡਵਰਡ ਡੂਮਾਂਟ ਨੇ ਬੰਦੂਕਧਾਰੀ ਜੁਆਨ ਇਕੱਠੇ ਕੀਤੇ ਅਤੇ ਭੱਜੇ ਜਾਂਦੇ ਦੁਸ਼ਮਣ ਦਾ ਪਿੱਛਾ ਕਰਨਾ ਚਾਹਿਆ ਪਰ ਰੀਲ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਉਨ੍ਹਾਂ ਨੂੰ ਜਾਣ ਦਿਓ। ਗੈਬਰੀਲ ਨੇ ਵੀ ਦੁਸ਼ਮਣ ਦਾ ਮਗਰਾ ਕਰ ਕੇ ਉਸ ਦੇ ਆਹੂ ਲਾਹੁਣੇ ਚਾਹੇ ਪਰ ਰੀਲ ਨੇ ਉਸ ਨੂੰ ਵੀ ਵਰਜ ਦਿੱਤਾ। "ਲੜਾਈ ਦੇ ਮੈਦਾਨ ਵਿਚ ਅਸੀਂ ਯੋਧੇ ਹਾਂ, ਪਰ ਲੜਾਈ ਖ਼ਤਮ ਹੋਣ ਮਗਰੋਂ ਆਪਾਂ ਦੁਬਾਰਾ ਈਸਾਈ ਬਣੀਏ।"ਮੈਟੀਸ ਦੇ 200 ਵਿੱਚੋਂ ਪੰਜ ਜੁਆਨ ਲੜਾਈ ਦੀ ਭੇਟ ਚੜ੍ਹੇ। ਉਹ ਜੇਤੂ ਜੈਕਾਰੇ ਛਡਦੇ ਬਟੋਚ ਵਾਪਸ ਆ ਗਏ। ਕਰੋਜ਼ਰ ਦੇ ਵਾਪਸ ਕਾਰਲਟਨ ਪਹੁੰਚਣ ਤੱਕ ਉਸ ਦੇ ਬਾਰਾਂ ਸਿਪਾਹੀ ਮਾਰੇ ਜਾ ਚੁੱਕੇ ਸਨ ਅਤੇ ਹੋਰ ਗਿਆਰਾਂ ਜ਼ਖ਼ਮੀ ਹੋ ਚੁੱਕੇ ਸਨ।



ਇਸ ਮਗਰੋਂ ਵਿਦਰੋਹ ਦੀ ਅੱਗ ਦੂਜੇ ਮੂਲਨਿਵਾਸੀਆਂ ਤੱਕ ਫੈਲ ਗਈ। ਅਗਲੇ ਕੁਛ ਦਿਨਾਂ ਤੱਕ ਕੁਛ ਮੂਲਨਿਵਾਸੀ ਰੀਲ ਅਤੇ ਡੂਮਾਂਟ ਦੇ ਵਿਦਰੋਹੀਆਂ ਵਿਚ ਸ਼ਾਮਲ ਹੁੰਦੇ ਰਹੇ। 30 ਮਾਰਚ ਵਾਲੇ ਦਿਨ ਕਰੀ ਚੀਫ਼ ਪਾਊਂਡਮੇਕਰ ਨੇ ਨਾਰਥ ਸਸਕੈਚਵਨ ਰਿਵਰ ਦੇ ਬੈਟਲਫੋਰਡ ਨਗਰ ਤੇ ਧਾਵਾ ਬੋਲ ਦਿੱਤਾ। ਦੋ ਅਪ੍ਰੈਲ ਨੂੰ ਦੂਜੇ ਕਰੀ ਚੀਫ਼ ਬਿਗ ਬੀਅਰ ਦੇ ਲੋਕਾਂ ਦੇ ਇੱਕ ਭੜਕੇ ਹੋਏ ਟੋਲੇ ਨੇ ਉੱਤਰ ਵਿਚ ਫਰੌਗ ਲੇਕ ਨੇੜੇ ਨੌਂ ਕੈਨੇਡੀਅਨ ਮਾਰ ਮੁਕਾਏ। ਇੱਥੇ ਇਹ ਜਾਨਣਾ ਜ਼ਰੂਰੈ ਕਿ ਇਹ ਦੋਵੇਂ ਘਟਨਾਵਾਂ ਮੁੱਖ ਵਿਦਰੋਹ ਤੋਂ ਹਟ ਕੇ ਕਰੀ ਲੋਕਾਂ ਨਾਲ ਲਗਾਤਾਰ ਹੋ ਰਹੇ ਧੱਕੇ ਦੇ ਪ੍ਰਤੀਕਰਮ ਵਜੋਂ ਵਾਪਰੀਆਂ ਸਨ ਜਿਨ੍ਹਾਂ ਦਾ ਰੀਲ ਤੇ ਡੂਮਾਂਟ ਦੇ ਸੰਘਰਸ਼ ਨਾਲ ਸਿੱਧਾ ਸਬੰਧ ਨਹੀਂ ਸੀ। ਜੇ ਦੋਵੇਂ ਕਰੀ ਚੀਫ਼ ਉਨ੍ਹਾਂ ਨਾਲ ਰਲ ਜਾਂਦੇ ਤਾਂ ਨਤੀਜਾ ਹੋਰ ਹੋਣਾ ਸੀ।

ਓਧਰ 6 ਅਪ੍ਰੈਲ ਨੂੰ ਮਿਡਲਟਨ ਦੇ 800 ਫੌਜੀਆਂ ਦਾ ਲਸ਼ਕਰ ਕਾਪੇਲ ਤੋਂ ਰਵਾਨਾ ਹੋਇਆ ਜਿਸ ਵਿਚ ਅਸਲੇ ਅਤੇ ਰਾਸ਼ਨ ਵਗੈਰਾ ਨਾਲ ਲੱਦੇ ਹੋਏ 120 ਗੱਡੇ ਵਗੈਰਾ ਸ਼ਾਮਲ ਸਨ। ਰੀਲ ਨੇ ਹੁਣ ਫੇਰ ਡੂਮਾਂਟ ਦੇ ਗੁਰੀਲਾ ਯੁੱਧ ਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ। 24 ਅਪ੍ਰੈਲ, 1885, ਦਿਨ ਚੜ੍ਹਨ ਤੋਂ ਪਹਿਲਾਂ ਡੂਮਾਂਟ ਦੇ ਜੁਝਾਰੂਆਂ ਨੇ ਫ਼ਿਸ਼ ਕਰੀਕ ਦੇ ਦੁਆਲੇ ਸੰਘਣੇ ਜੰਗਲਾਂ ਵਿਚ ਘਾਤ ਲਾ ਲਈ। ਮਿੱਧੇ ਹੋਏ ਘਾਹ-ਬੂਟਿਆਂ ਤੋਂ ਅੰਦਾਜ਼ਾ ਲਾ ਕੇ ਮਿਡਲਟਨ ਦੇ ਫੌਜੀਆਂ ਨੇ ਉਨ੍ਹਾਂ ਦੀ ਸੂਹ ਪਾ ਲਈ। ਉਨ੍ਹਾਂ ਫੌਜੀਆਂ ਨੇ ਇੱਕ ਸੂ ( ਕਬੀਲੇ ਦਾ ਨਾਂ ) ਲੜਾਕੇ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਇਸ ਦੇ ਨਾਲ ਹੀ ਫ਼ਿਸ਼ ਕਰੀਕ ਦੀ ਲੜਾਈ ਸ਼ੁਰੂ ਹੋ ਗਈ। ਬਹੁਤੇ ਮੈਟੀਸ ਮੈਦਾਨ ਛੱਡ ਕੇ ਦੌੜ ਗਏ।ਮਿਡਲਟਨ ਦੀ ਫੌਜ ਦਾ ਵੀ ਭਾਰੀ ਨੁਕਸਾਨ ਹੋਇਆ। ਕੈਨੇਡੀਅਨਾ ਨੇ ਅੰਨ੍ਹੇਵਾਹ ਗੋਲੀਬਾਰੀ ਕਰ ਕੇ ਮੈਟੀਸ ਦਾ ਵੀ ਬਹੁਤ ਨੁਕਸਾਨ ਕੀਤਾ ਜੋ ਹੁਣ ਕੱਲ 54 ਹੀ ਬਚੇ ਸਨ। ਰੀਲ ਉਸ ਸਮੇਂ ਕਸਬੇ ਵਿਚ ਪ੍ਰਾਰਥਨਾ ਕਰ ਰਿਹਾ ਸੀ। ਐਡਵਰਡ ਡੂਮਾਂਟ 80 ਮੈਟੀਸ ਨੂੰ ਲੈ ਕੇ ਲੜਾਈ ਦੇ ਮੈਦਾਨ ਵਿਚ ਜਾ ਕੁੱਦਿਆ। ਮਿਡਲਟਨ ਨੇ ਆਪਣੇ ਫੌਜੀ ਵਾਪਸ ਬੁਲਾ ਲਏ। ਇਉਂ ਫ਼ਿਸ਼ ਕਰੀਕ ਦੀ ਲੜਾਈ ਉਸੇ ਦਿਨ ਖ਼ਤਮ ਹੋ ਗਈ ਜਿਸ ਦਿਨ ਸ਼ੁਰੂ ਹੋਈ ਸੀ। ਇਸ ਝੜਪ ਵਿਚ 4 ਮੈਟੀਸ ਮਾਰੇ ਗਏ ਅਤੇ ਦੋ ਜ਼ਖ਼ਮੀ ਹੋਏ, ਜਦੋਂ ਕਿ ਮਿਡਲਟਨ ਦੇ 10 ਫੌਜੀ ਮਾਰੇ ਗਏ ਅਤੇ 45 ਜ਼ਖ਼ਮੀ ਹੋਏ। ਪਰ ਇਸ ਦੌਰਾਨ ਡੂਮਾਂਟ ਦੇ ਕਈ ਜਵਾਨ ਸਾਥ ਛੱਡ ਗਏ, ਉਸ ਦੇ ਟੋਲੇ ਦੇ ਕਈ ਘੋੜੇ ਮਾਰੇ ਗਏ ਅਤੇ ਅਸਲੇ ਦੇ ਭੰਡਾਰ ਲਗਭਗ ਖਾਲੀ ਹੋ ਗਏ। ਬਟੋਚ ਨੂੰ ਮੁੜਦੇ ਹੋਇਆਂ ਉਨ੍ਹਾਂ ਨੇ ਕਸਬੇ ਦੇ ਆਲੇ-ਦੁਆਲੇ ਬੰਕਰ ਪੁੱਟ ਲਏ। ਡੂਮਾਂਟ ਕੋਲ ਹੁਣ 160 ਮੈਟੀਸ ਅਤੇ ਮੂਲਨਿਵਾਸੀ ਹੀ ਰਹਿ ਗਏ ਜਦੋਂ ਕਿ ਮਿਡਲਟਨ ਕੋਲ 950 ਫੌਜੀ, ਕੁਛ ਤੋਪਾਂ ਅਤੇ ਕਾਫ਼ੀ ਅਸਲਾ ਮੌਜੂਦ ਸੀ। 9 ਮਈ ਨੂੰ ਚਾਰ-ਦਿਨਾ ਲੜਾਈ ਛਿੜ ਪਈ। ਕੈਨੇਡੀਅਨਾ ਅਤੇ ਬੰਕਰਾਂ ਵਿਚ ਤਾਇਨਾਤ ਮੈਟੀਸ ਦਰਮਿਆਨ ਅੰਧਾ-ਧੁੰਦ ਗੋਲੀਬਾਰੀ ਚਲਦੀ ਰਹੀ। ਹਰੇਕ ਦਿਨ ਕੈਨੇਡੀਅਨ ਫੌਜੀ ਘਰਾਂ ਤੇ ਗਲੀਆਂ ਨੂੰ ਤੋਪ-ਗੋਲਿਆਂ ਦਾ ਨਿਸ਼ਾਨਾ ਬਣਾਉਂਦੇ ਰਹੇ। ਮੈਟੀਸ ਕੋਲ ਅਸਲੇ ਦੀ ਘਾਟ ਹੋਣ ਕਾਰਨ ਉਹ ਮੋੜਵੇਂ ਫਾਇਰ ਨਾ ਕਰ ਸਕੇ। 12 ਮਈ ਨੂੰ ਕਰਨਲ ਆਰਥਰ ਵਿਲੀਅਮਜ਼ ਤਕੜਾ ਹਮਲਾ ਕਰ ਕੇ ਮੈਟੀਸ ਤੇ ਭਾਰੂ ਹੋ ਗਿਆ। ਡੂਮਾਂਟ ਤੇ ਸਾਥੀ ਬਹਾਦਰੀ ਨਾਲ ਟਾਕਰਾ ਕਰਦੇ ਹੋਏ ਇੱਕ ਤੋਂ ਦੂਜੇ ਮੋਰਚੇ ਤੱਕ ਦੌੜਦੇ ਰਹੇ, ਲਗਾਤਾਰ ਫਾਇਰ ਕਰਦੇ ਰਹੇ ਅਤੇ ਪਰੇਰੀ ਦੇ ਇਸ ਮੈਦਾਨ ਦੇ ਹਰੇਕ ਚੱਪੇ-ਚੱਪੇ ਤੇ ਸਖ਼ਤ ਮੁਕਾਬਲਾ ਕਰਦੇ ਰਹੇ। ਪਰ ਅਖ਼ੀਰ ਵਿਚ , ਜਦੋਂ ਨਾ ਕੋਈ ਬੰਕਰ ਬਚਿਆ, ਨਾ ਅਸਲਾ ਰਿਹਾ, ਤਾਂ ਬੇ-ਬਸ ਅਤੇ ਨਿਹੱਥੇ ਹੋ ਗਏ। ਇੱਕ ਆਖ਼ਰੀ ਬਚੇ ਬੰਕਰ ਵਿਚ ਡੂਮਾਂਟ ਨੇ ਦੁਸ਼ਮਣ ਦਾ ਟਾਕਰਾ ਕਰਦੇ ਹੋਏ ਆਪਣਾ ਸਾਰਾ ਅਸਲਾ ਖ਼ਤਮ ਕਰ ਲਿਆ। ਫਿਰ ਖਾਲੀ ਬੰਦੂਕ ਨੂੰ ਡਾਂਗ ਦਾ ਹਥਿਆਰ ਬਣਾ ਕੇ ਦੁਸ਼ਮਣ ਦੀਆਂ ਸਫ਼ਾਂ ਚੀਰਦਾ ਹੋਇਆ ਬਟੋਚ ਦੇ ਜੰਗਲਾਂ ਵਿਚ ਜਾ ਵੜਿਆ। ਇਸ ਮੂਲੋਂ ਅਸਾਵੀਂ ਲੜਾਈ ਕਾਰਨ ਮੈਟੀਸ ਵੱਲੋਂ ਦਿਖਾਈ ਬੇ-ਮਿਸਾਲ ਬਹਾਦਰੀ ਦੇ ਬਾਵਜੂਦ ਮੈਟੀਸ ਵਿਦਰੋਹ ਦਾ ਲੱਕ ਟੁੱਟ ਗਿਆ। ਲੂਈ ਰੀਲ ਡੂਮਾਂਟ ਨੂੰ ਜੰਗਲ ਵਿਚ ਮਿਲਣ ਆਇਆ। ਡੂਮਾਂਟ ਨੇ ਅਗਲੇ ਕਈ ਦਿਨ ਫੌਜਾਂ ਤੋਂ ਲੁਕ-ਛਿਪ ਕੇ ਬਚਦੇ-ਬਚਾਉਂਦਿਆਂ ਬਿਤਾਏ। ਉਸ ਨੇ ਬਚਾਅ ਕਰ ਕੇ ਅਮਰੀਕਾ ਨਿਕਲ ਜਾਣ ਦੀ ਵਿਉਂਤ ਘੜੀ ਤੇ ਬਟੋਚ ਤੋਂ ਨਿਕਲ ਕੇ 27 ਮਈ ਨੂੰ ਅਮਰੀਕਾ ਦੀ ਸਰਹੱਦ ਟੱਪ ਗਿਆ। ਇੱਥੇ ਉਹ ਉਦੋਂ ਤੱਕ ਰਿਹਾ ਜਦੋਂ 1888 ਵਿਚ ਉਸ ਨੂੰ ਆਮ-ਮੁਆਫ਼ੀ ਮਿਲ ਗਈ। ਰੀਲ ਨੇ ਇਹ ਸੋਚ ਕੇ ਮਿਡਲਟਨ ਅੱਗੇ ਆਤਮ-ਸਮਰਪਣ ਕਰ ਦਿੱਤਾ ਕਿ ਹੁਣ ਕੈਨੇਡੀਅਨਾਂ ਦਾ ਸਾਰਾ ਗੁੱਸਾ ਉਸੇ ਤੇ ਸੇਧਤ ਹੋ ਜਾਵੇਗਾ ਅਤੇ ਉਸ ਦੇ ਮੈਟੀਸ ਲੋਕ ਮਿਡਲਟਨ ਦੀ ਕ੍ਰੋਪੀ ਦਾ ਸ਼ਿਕਾਰ ਹੋਣ ਤੋਂ ਬਚ ਜਾਣਗੇ।

ਜਾਣ ਬੁੱਝ ਕੇ ਸੋਚੀ ਸਮਝੀ ਸਾਜਿਸ਼ੀ ਚਾਲ ਅਧੀਨ ਲੂਈ ਰੀਲ ਤੇ ਰਿਜਾਈਨਾ ਵਿਚ ਮੁਕੱਦਮਾ ਚਲਾਇਆ ਗਿਆ ਜਦੋਂ ਕਿ ਵਿੱਨੀਪੈੱਗ ਵਿਚ ਚਲਣਾ ਚਾਹੀਦਾ ਸੀ। ਜੇ ਵਿੱਨੀਪੈੱਗ ਵਿਚ ਚਲਦਾ ਤਾਂ ਜਿਊਰੀ ਦੇ ਮੈਂਬਰਾਂ ਵਿਚ ਫਰੈਂਚ ਮੈਟੀਸ ਅਤੇ ਅੰਗ੍ਰੇਜ਼ ਆਬਾਦਕਾਰ ਰਲਵੇਂ-ਮਿਲਵੇਂ ਹੋਣੇ ਸਨ ਤੇ ਫੈਸਲਾ ਰੀਲ ਦੇ ਹੱਕ ਵਿਚ ਭੁਗਤਣ ਦੀ ਸੰਭਾਵਨਾ ਹੋ ਸਕਦੀ ਸੀ। ਰੀਲ ਲਈ ਪੈਰਵੀ ਕਰਨੀ ਵੀ ਸੌਖੀ ਹੋਣੀ ਸੀ ਅਤੇ ਭਾਸ਼ਾ ਸਮਝਣ ਦੀ ਮੁਸ਼ਕਿਲ ਵੀ ਨਹੀਂ ਰਹਿਣੀ ਸੀ। ਰਿਜਾਈਨਾ ਵਿਚ ਜਿਊਰੀ ਦੇ ਛੇ ਗੋਰੇ ਮੈਂਬਰ ਕੱਟੜ ਪ੍ਰੋਟੈਸਟੈਂਟ ਸਨ। ਨਿਆਂ ਦਾ ਸਾਰਾ ਢਾਂਚਾ ਲੂਈ ਨੂੰ ਸਖ਼ਤ ਸਜ਼ਾ ਦੇਣ ਵੱਲ ਪੂਰੀ ਤਰ੍ਹਾਂ ਝੁਕਿਆ ਹੋਇਆ ਸੀ। ਫਰੈਂਚ ਗਵਾਹਾਂ ਨੂੰ ਅੰਗ੍ਰੇਜ਼ੀ ਬੋਲਣ ਵਾਲੇ ਜੱਜ ਅਤੇ ਵਕੀਲਾਂ ਸਾਹਮਣੇ ਆਪਣੀ ਗੱਲ ਕਹਿਣ ਤੇ ਸਮਝਾਉਣ ਦੀ ਅੜਚਨ ਸੀ। ਚਲਾਕ ਤਰਜਮਾਕਾਰ ਆਪਣੀ ਮਰਜ਼ੀ ਅਨੁਸਾਰ ਗੱਲ ਬਦਲ ਸਕਦੇ ਸਨ। ਜੱਜ ਵੀ ਉਸ ਵਕੀਲ ਨੂੰ ਬਣਾਇਆ ਗਿਆ ਜਿਸ ਕੋਲ ਲੋੜ ਜੋਗਾ ਤਜਰਬਾ ਨਹੀਂ ਸੀ, ਨਾਲੇ ਉਹ ਸਟਾਈਪੈਂਡ ਉਪਰ ਹੋਣ ਕਰਕੇ ਸਰਕਾਰੀ ਰਹਿਮੋ-ਕਰਮ ਤੇ ਨਿਰਭਰ ਸੀ। ਰਿਚਰਡਸਨ ਨਾਂ ਦਾ ਇਹ ਜੱਜ ਕੱਟੜ ਫ਼ਿਰੰਗੀ ਹੋਣ ਦੇ ਨਾਲ ਨਾਲ ਲੈਫ਼ਟੀਨੈਂਟ ਗਵਰਨਰ ਦਾ ਤਨਖਾਹਬਰਦਾਰ ਸਲਾਹਕਾਰ ਸੀ। ਉਹ ਪੂਰਾ ਪੱਖਪਾਤੀ ਸੀ, ਜਿਹੜਾ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਨਾਰਥ-ਵੈਸਟ ( ਉੱਤਰ-ਪੱਛਮ ) ਦੀਆਂ ਸਾਰੀਆਂ ਘਟਨਾਵਾਂ ਲਈ ਲੂਈ ਰੀਲ ਦੇ ਤਥਾਕਥਿਤ ਮਾੜੇ ਅਸਰ ਨੂੰ ਜ਼ਿੰਮੇਵਾਰ ਸਮਝਦਾ ਸੀ। ਉਹ ਸਰਕਾਰੀ ਵਕੀਲਾਂ ਦੁਆਰਾ ਸੁਣੀਆਂ-ਸੁਣਾਈਆਂ ਪੇਸ਼ ਕੀਤੀਆਂ ਗੱਲਾਂ ਤੇ ਇਤਬਾਰ ਕਰ ਲੈਂਦਾ ਸੀ। ਉਸ ਨੇ ਤਾਂ ਫੈਸਲਾ ਕਰਨ ਤੋਂ ਪਹਿਲਾਂ ਜਿਊਰੀ ਨੂੰ ਹਦਾਇਤ ਦਿੱਤੀ ਸੀ ਕਿ ਲੂਈ ਰੀਲ ਦੇ ਕੇਸ ਬਾਰੇ ਸਿਰਫ਼ ਗਵਾਹੀਆਂ ਅਤੇ ਪੇਸ਼ ਕੀਤੇ ਸਬੂਤਾਂ ਦੇ ਅਧਾਰ ਤੇ ਹੀ ਨਿਰਣਾ ਨਾ ਲਿਆ ਜਾਵੇ। ਕਾਨੂੰਨੀ ਤੌਰ ਤੇ ਜੱਜ ਵੱਲੋਂ ਅਜਿਹੀ ਹਦਾਇਤ ਦੀ ਆਗਿਆ ਦੇਣੀ ਉਚਿਤ ਨਹੀਂ ਸੀ। ਉਸ ਜੱਜ ਨੇ ਬਚਾਅ-ਪੱਖ ਦੇ ਵਕੀਲਾਂ ਦੁਆਰਾ ਅਦਾਲਤ ਦੇ ਅਧਿਕਾਰ-ਖੇਤਰ ਅਤੇ ਜੱਜ ਦੇ ਵੀਟੋ ਦੀ ਵਰਤੋਂ ਬਾਰੇ ਪੇਸ਼ ਕੀਤੇ ਵਾਜਬ ਇਤਰਾਜ਼ਾਂ ਨੂੰ ਇਕਤਰਫ਼ਾ ਤੌਰ ਤੇ ਗ਼ੈਰਕਾਨੂੰਨੀ ਢੰਗ ਨਾਲ ਖਾਰਜ ਕਰ ਦਿੱਤਾ।( ਇਸ ਦੀ ਇੱਕ ਮਿਸਾਲ ਸ਼ਹੀਦੇ-ਆਜ਼ਮ ਭਗਤ ਸਿੰਘ ਹੁਰਾਂ ਦੇ ਮੁਕੱਦਮੇ ਵਜੋਂ ਮਿਲਦੀ ਹੈ। ਉਹ ਵੀ ਬਸਤੀਵਾਦੀ ਧੱਕੇਸ਼ਾਹੀ ਅਪਹੁਦਰਾ ਵਤੀਰਾ ਸੀ )।



ਕੁਬੈੱਕ ਅੰਦਰਲੇ ਬਾ-ਰਸੂਖ ਤਬਕਿਆਂ ਨੇ ਮੈਟੀਸ ਕੈਦੀਆਂ ਦੇ ਬਚਾਅ ਲਈ ਕੌਮੀ ਜਥੇਬੰਦੀ ( ਨੈਸ਼ਨਲ ਐਸੋਸੀਏਸ਼ਨ ਫਾਰ ਦ ਡੀਫੈਂਸ ਆਫ ਦਾ ਇੰਪ੍ਰਿਜ਼ਨਡ ਮੈਟੀਸ ) ਬਣਾ ਲਈ ਸੀ ਜਿਹੜੀ ਵਕੀਲ ਕਰਦੀ ਸੀ ਤੇ ਖਰਚਾ ਦਿੰਦੀ ਸੀ। ਦੋ ਵਕੀਲ ਸਨ - ਫਰਾਂਸਵਾ ਜ਼ੇਵੀਅਰ ਤੇ ਚਾਰਲਸ ਫ਼ਿਟਜ਼ਪੈਟ੍ਰਿਕ। ਉਨ੍ਹਾਂ ਨੇ 16 ਜੁਲਾਈ ਨੂੰ ਰੀਲ ਨੂੰ ਮਿਲ ਕੇ ਇਹ ਪੱਖ ਲੈਣ ਲਈ ਕਿਹਾ ਕਿ ਉਹ ਕਹੇ ਕਿ ਉਸ ਦੁਆਰਾ ਲਏ ਹੋਏ ਸਾਰੇ ਫ਼ੈਸਲੇ ਉਸ ਦੇ ਦਿਮਾਗ਼ ਦੀ ਪਾਗਲਾਨਾ ਹਾਲਤ ਵਿਚ ਲਏ ਗਏ ਸਨ ਭਾਵ ਉਦੋਂ ਉਸ ਦੇ ਦਿਮਾਗ਼ ਦਾ ਤਵਾਜ਼ਨ ਪਾਗਲਨੁਮਾ ਸੀ, ਠੀਕ ਨਹੀਂ ਸੀ। ਰੀਲ ਅਜਿਹਾ ਕਰਨ ਲਈ ਨਾ ਮੰਨਿਆਂ। ਉਸ ਨੇ ਇਸ ਦਲੀਲ ਨੂੰ ਵੀ ਓਨੇ ਜ਼ੋਰ ਦੀ ਨਕਾਰਿਆ ਜਿੰਨੀ ਜ਼ੋਰ ਦੀ ਉਸ ਉੱਤੇ ਲੱਗੇ ਦੇਸ਼-ਧ੍ਰੋਹੀ ਦੇ ਇਲਜ਼ਾਮ ਨੂੰ ਨਕਾਰਿਆ। ਰੀਲ ਦੀ ਦਲੀਲ ਸੀ ਕਿ ਵਿਦਰੋਹ ਸਮੇਂ ਅਤੇ 1869 ਤੋਂ ਲੈ ਕੇ ਉਸ ਦਾ ਸਿਆਸੀ ਵਿਵਹਾਰ ਨਿਆਂ- ਸੰਗਤ ਸੀ ਜਿਹੜਾ ਕਿ ਸਰਕਾਰ ਦੁਆਰਾ ਸ਼ਰੇਆਮ ਉਸ ਦੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਅਣਦੇਖੀ ਕਰਨ ਦੇ ਪ੍ਰਤੀਕਰਮ ਵਜੋਂ ਸੀ। ਫੇਰ ਵੀ ਉਸ ਦੇ ਵਕੀਲਾਂ ਨੇ ਇਸ ਪੱਖ ਨੂੰ ਅਣਗੌਲਿਆਂ ਕਰ ਕੇ ਉਸ ਦੇ ਪਾਗਲ ਹੋਣ ਦੀ ਦਲੀਲ ਤੇ ਹੀ ਜ਼ੋਰ ਦਿੱਤਾ। ਓਦੋਂ ਜਿਊਰੀ ਦੇ ਇੱਕ ਮੈਂਬਰ ਐਡਵਰਡ ਬਲੇਕ ਨੇ ਇੱਕ ਲਿਬਰਲ ਆਗੂ ਨੂੰ ਪੱਤਰ ਵਿਚ ਇਹ ਲਿਖਿਆ ਸੀ," ਅਸੀਂ ਮਹਿਸੂਸ ਕੀਤਾ ਕਿ ਜੇ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਨਾਲ ਕੰਮ ਕੀਤਾ ਹੁੰਦਾ ਤੇ ਸਸਕੈਚਵਨ ਦੇ ਮੈਟੀਸ ਲੋਕਾਂ ਦੇ ਸ਼ਿਕਵਿਆਂ ਦਾ ਨਿਪਟਾਰਾ ਕੀਤਾ ਹੁੰਦਾ ਤਾਂ ਨਾ ਹੀ ਰੀਲ ਦੁਆਰਾ ਕੀਤਾ ਦੂਜਾ ਵਿਦਰੋਹ ਵਾਪਰਿਆ ਹੁੰਦਾ ਤੇ ਨਾ ਹੀ ਕੋਈ ਕੈਦੀ ਹੁੰਦਾ ਜਿਸ ਤੇ ਮੁਕੱਦਮਾ ਚਲਾਉਣ ਅਤੇ ਸਜ਼ਾ ਦੇਣ ਦੀ ਲੋੜ ਹੁੰਦੀ।" ਮਿਥੀ ਹੋਈ ਵਿਉਂਤ ਅਨੁਸਾਰ ਜਿਊਰੀ ਦੇ ਫੋਰਮੈਨ ਨੇ ਅੱਖਾਂ ਵਿਚ ਹੰਝੂ ਭਰ ਕੇ ਅਦਾਲਤ ਨੂੰ ਜਿਊਰੀ ਦੇ ਇੱਕੋ ਨਿਰਣੇ ਤੋਂ ਜਾਣੂੰ ਕਰਾਇਆ ਕਿ ਲੂਈ ਰੀਲ ਦੇਸ਼ ਧ੍ਰੋਹ ਲਈ ਤਾਂ ਕਸੂਰਵਾਰ ਹੈ ,ਨਾਲ ਹੀ ਸਿਫ਼ਾਰਿਸ਼ ਕੀਤੀ ਕਿ ਰੀਲ ਉਪਰ ਰਹਿਮ ਕੀਤਾ ਜਾਵੇ। ਜੱਜ ਨੇ ਪਹਿਲੀ ਅਗਸਤ ਨੂੰ ਫੈਸਲਾ ਸੁਣਾਇਆ ਕਿ ਲੂਈ ਰੀਲ ਨੂੰ ਉਦੋਂ ਤੱਕ ਫਾਂਸੀ ਤੇ ਲਟਕਾਇਆ ਜਾਵੇ ਜਦੋਂ ਤੱਕ ਉਸ ਦੀ ਜਾਨ ਨਹੀਂ ਨਿਕਲ ਜਾਂਦੀ। ( ਚਲਦਾ )

# ਬੁਲੰਦ ਆਵਾਜ ਤੇ ਲੰਮੀ ਹੇਕ ਵਾਲਾ ਬਿੰਦਰਖੀਆ



ਆਪਣੀ ਬੁਲੰਦ ਆਵਾਜ਼ 'ਚ ਯਾਰ ਬੋਲਦਾ, ਦੁਪੱਟਾ ਤੋਰਾ ਸੱਤ ਰੰਗ ਦਾ, ਜੱਟ ਦੀ ਪਸੰਦ, ਲੱਕ ਟੁਨੂੰ ਟੁਨੂੰ, ਮੁੱਖੜਾ ਦੇਖ ਕੇ, ਕੱਚੇ ਤੰਦਾਂ ਦੀਆਂ, ਸਾਨੂੰ ਢੇਡਾ-ਢੇਡਾ ਤੱਕਦੀ ਤੂੰ, ਝਾਂਜਰ ਪਤਲੋ ਦੀ, ਪੇਕੇ ਹੁੰਦੇ ਮਾਵਾਂ ਨਾਲ ਗਾਉਣਵਾਲੇ ਸੁਰਜੀਤ ਬਿੰਦਰਖੀਏ ਦਾ ਜਨਮ ਰੋਪੜ ਜ਼ਿਲ੍ਹੇ ਦੇ ਪਿੰਡ ਬਿੰਦਰੱਖ ਵਿਖੇ 15 ਅਪ੍ਰੈਲ 1962 ਨੂੰ ਪਿਤਾ ਸੁੱਚਾ ਸਿੰਘ ਭਲਵਾਨ ਦੇ ਘਰ ਹੋਇਆ ਸੀ। ਉਹ ਗਾਉਣ ਤੋਂ ਪਹਿਲਾਂ ਭਲਵਾਨੀਕਰਦਾ ਸੀ। ਸੁਰਜੀਤ ਬਿੰਦਰਖੀਆ ਆਪਣੇ ਆਪ 'ਚ ਇੱਕ ਸੰਸਥਾ ਸੀ। ਬਿੰਦਰਖੀਆ, ਸਮਸ਼ੇਰ ਸੰਧੂ ਤੇ ਅਤੁੱਲ ਸ਼ਰਮਾਦੀ ਤਿੱਕੜੀ ਦਾ ਕੋਈ ਤੋੜ ਨਹੀਂ ਸੀ। ਆਪਣੇ ਸਮੇਂ ਉਹ ਸਿਖਰ 'ਤੇ ਸੀ ਤੇ ਉਸ ਦੀ ਗਾਈ ਹਰ ਇੱਕ ਕੈਸੇਟ ਹਿੱਟ ਹੁੰਦੀ ਸੀ, ਜੋ ਬਹੁਤ ਘੱਟ ਕਲਾਕਾਰਾਂ ਦੇ ਹਿੱਸੇ ਆਉਂਦਾ ਹੈ।ਉਸ ਸਮੇਂ ਟਰੈਕਟਰਾਂ 'ਤੇ ਦੂਰਆਪਣੇ ਖੇਤਾਂ 'ਚ ਹਲ ਵਾਹੁੰਦੇ ਕਿਸਾਨਾਂ, ਘਰਾਂ 'ਚ ਆਪਣੇ ਕੰਮਧੰਦੇ ਕਰਦੀਆਂ ਸੁਆਣੀਆਂ, ਕਾਲਜ ਜਾਣ ਲਈ ਪੱਗਾਂ ਬੰਨਦੇ ਚੋਬਰਾਂ ਤੋਂ ਲੈ ਕੇ ਵੱਡੇ-ਵੱਡੇ ਸ਼ਹਿਰਾਂ 'ਚ ਹੁੰਦੀਆਂ ਪਾਰਟੀਆਂ 'ਚ ਸੁਰਜੀਤ ਬਿੰਦਰਖੀਏ ਦੇ ਗੀਤ ਵੱਜਦੇ ਸਨ। ਆਪਣੀ ਦਮਦਾਰ ਆਵਾਜ ਕਰਕੇ ਅਖਾੜਿਆਂ ਦੀ ਜਿੰਦ ਜਾਨ ਮੰਨੇ ਜਾਂਦੇ ਸੁਰਜੀਤ ਬਿੰਦਰਖੀਆ ਦੀ ਲੰਬੀ ਹੇਕ ਦਾ ਰਿਕਾਰਡ ਹੁਣ ਤੱਕ ਕਾਇਮ ਹੈ ਤੇ ਰਿਕਾਰਡ ਹੁਣ ਤਾਂ ਟੁੱਟਣਾ ਹੀ ਕੀ ਹੈ, ਕਿਉਂਕਿ ਅੱਜਕੱਲ੍ਹ ਦੇ ਕੱਚ-ਘੜਤ ਗਾਇਕਾਂ ਦੀ ਤਾਂ ਦੋ ਗੀਤ ਗਾਉਂਦਿਆਂ ਹੀ ਬੱਸ ਹੋ ਜਾਂਦੀ ਹੈ, ਉਹ ਹੇਕ ਕਿੱਥੇ ਲਾ ਲੈਣਗੇ ? ਉਹ ਗਾਇਕੀ ਨੂੰ ਪੂਰੀਤਰਾਂ ਸਮਰਪਿਤ ਸੀ ਤੇ ਸੰਗੀਤ ਉਸ ਲਈ ਇਬਾਦਤ। ਆਪਣੀ ਚੜ੍ਹਾਈ ਦੇ ਦਿਨਾਂ 'ਚ ਉਸ ਕੋਲਅਖਾੜਿਆਂ ਲਈ ਵਿਹਲ ਨਹੀਂ ਸੀ ਹੁੰਦੀ, ਮਹੀਨੇ ਦੇ 30-30, 35-35 ਪ੍ਰੋਗਰਾਮ ਵੀ ਉਸ ਦੇ ਹਿੱਸੇ ਆਏ। ਆਪਣੇ ਤੋਂ ਵੱਡੇ ਕਲਾਕਾਰਾਂ ਦੀ ਇੱਜ਼ਤ ਤੇ ਛੋਟਿਆਂ ਨਾਲ ਪਿਆਰ ਕਰਨ ਕਾਰਨ ਕਰੀ ਬਸਾਰੇ ਕਲਾਕਾਰਾਂ ਨਾਲ ਉਸਦੀ ਬਹੁਤ ਨੇੜਤਾ ਸੀ। ਗਾਇਕੀ ਦੇ ਸਫਰ 'ਚ ਟੀਸੀ'ਤੇ ਹੋਣ ਦੇ ਬਾਵਜੂਦਆਪਣੇ ਆਪ'ਤੇ ਕਦੇ ਹੰਕਾਰ ਹਾਵੀਨਹੀਂ ਸੀ ਹੋਣ ਦਿੱਤਾ।

ਸ਼ਾਇਦ ਸ਼ਿਵ ਬਟਾਲਵੀ ਵਾਂਗ ਬਿੰਦਰਖੀਏ ਨੂੰ ਵੀ ਆਪਣੀ ਮੌਤ ਦਾ ਇਲਮ ਪਹਿਲਾਂ ਹੀ ਹੋ ਗਿਆ ਹੋਵੇ, ਤਾਂ ਹੀ ਉਸ ਨੇ ਆਪਣਾ ਮੌਤ ਤੋਂ ਕੁਝ ਸਮਾਂ ਪਹਿਲਾਂ 'ਮੈਂ ਤਿੜਕੇ ਘੜੇ ਦਾਪਾਣੀ, ਮੈਂ ਕੱਲ੍ਹ ਤੱਕ ਨਹੀਂ ਰਹਿਣਾ' ਗਾਇਆ, ਜੋ ਉਸ ਦਾ ਆਖਰੀ ਗੀਤ ਹੋ ਨਿੱਬੜਿਆ। ਭਰਜਵਾਨੀ ਦੀ ਉਮਰੇ ਹਾਲੇ ਗਾਇਕੀ ਦੀਆਂ ਸਿਖਰਾਂ ਮਾਣ ਰਿਹਾ ਸੀ। ਅੰਤ 18 ਨਵੰਬਰ 2003 ਨੂੰ ਆਪਣੇ ਪਿੱਛੇ ਆਪਣੀ ਪਤਨੀ ਪ੍ਰੀਤ ਕਮਲ, ਪੁੱਤ ਗੀਤਾਜ਼ ਬਿੰਦਰਖੀਆ (ਬੈਂਸ) ਤੇ ਧੀਮੀਨਾਜਬੈਂਸਸਮੇਤ ਲੱਖਾਂ ਚਾਹੁਣ ਵਾਲਿਆਂ ਨੂੰ ਰੋਂਦਿਆਂ ਛੱਡ ਕੇ ਉੱਚੀਆਂ ਹੇਕਾਂ ਲਾਉਣ ਵਾਲਾ ਚੋਟੀ ਦਾ ਗਾਇਕ ਸੁਰਜੀਤ ਬਿੰਦਰਖੀਆ ਇੱਕਦਮ ਖਮੋਸ਼ ਹੋ ਗਿਆ। ਉਹ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਾ ਹੋਣ ਦੇ ਬਾਵਜੂਦਆਪਣੇ ਨਾਂ ਵਾਂਗ ਹੀ ਸਦਾਲਈ 'ਸੁਰਜੀਤ' ਹੈ। ਇੰਨਾ ਮਾਣ-ਸਨਮਾਣ, ਪਿਆਰ, ਟੀਸੀ, ਚੜ੍ਹਾਈ, ਨਾਂ ਅਤੇ ਨਾਮਾਵਿਰਲੇ ਕਲਾਕਾਰਾਂ ਨੂੰ ਹੀ ਨਸੀਬ ਹੁੰਦਾ ਹੈ। ਉਸ ਦੇ ਗਾਏ ਗੀਤ ਅੱਜ ਵੀਹਵਾ ਦੇ ਬੁੱਲਿਆਂ ਵਾਂਗ ਠੰਡਕਦਿੰਦੇ ਹਨ ਤੇ ਦਿੰਦੇ ਰਹਿਣਗੇ।

**ਅਮਰਬੀਰ ਸਿੰਘ ਚੀਮਾ**
ਸਰਹਿੰਦ,ਫ਼ਤਿਹਗੜ੍ਹਸਾਹਿਬ
ਮੋਬਾਈਲਨੰ:9888940211

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



## ਫਿਲਮ ਨਗਰੀ ਦੀਆਂ ਪੁਰਾਣੀਆਂ ਯਾਦਾਂ

# ਦੋਸਤੀ 1964 ਸਾਰਾ ਕੁਝ ਤੁਹਾਡੇ ਹੱਥ ਨਹੀਂ ਹੁੰਦਾ, ਕੁਝ ਚੀਜ਼ਾਂ ਨੇ ਹੋਣਾ ਹੀ ਹੁੰਦਾ ਹੈ 1964 ਦਾ ਜ਼ਿਕਰ ਹੈ



ਤਰਸੇਮ ਬਸ਼ਰ

**ਤਰਜ਼ਾਂ ਕੀ ਸਨ ..ਕਮਾਲ ....ਫ਼ਿਲਮ ਵਿੱਚ ਪੰਜ ਗੀਤ ਮੁਹੰਮਦ ਰਫੀ ਨੇ ਗਾਏ ਸਨ ਤੇ ਸਿਰਫ ਇੱਕ ਗੀਤ ਲਤਾ ਮੰਗੇਸ਼ਕਰ ਦੇ ਹਿੱਸੇ ਆਇਆ ਸੀ ਫਿਲਮ ਦੇ ਗੀਤ ਲਿਖੇ ਸਨ ਮਸ਼ਹੂਰ ਗੀਤਕਾਰ ਤੇ ਮਾਰੂਫ਼ ਸ਼ਾਇਰ ਮਜਰੂਹ ਸੁਲਤਾਨਪੁਰੀ ਨੇ 1964 ਵਿੱਚ ਦੋਸਤੀ ਜਦੋਂ ਰਿਲੀਜ ਹੋਈ ਤਾਂ ਰਿਲੀਜ਼ ਹੁੰਦਿਆਂ ਹੀ ਫ਼ਿਲਮ ਦੀ ਥਾਂ ਤੇ ਇਸ ਦੇ ਗੀਤਾਂ ਦੀਆਂ ਧੁੰਮਾਂ ਪੈ ਗਈਆਂ ਜਿਆਦਾਤਰ ਗੀਤ ਉਦਾਸ ਸਨ ...ਸਿੱਧੇ ਆਤਮਾ ਵਿਚ ਉਤਰ ਜਾਣ ਵਾਲੇ .... ਛੇਤੀ ਹੀ ਲੋਕਾਂ ਦੀ ਜ਼ੁਬਾਨ ਤੇ ਚੜ੍ਹ ਗਏ ਆਪਣੀ ਰਿਲੀਜ਼ ਹੋਈ ਦੂਜੀ ਫ਼ਿਲਮ ਨਾਲ ਹੀ ਲਕਸ਼ਮੀਕਾਂਤ ਪਿਆਰੇ ਲਾਲ ਦਾ ਫ਼ਿਲਮ ਸੰਗੀਤ ਵਿੱਚ ਵੱਡਾ ਮੁਕਾਮ ਬਣ ਗਿਆ ਸੀ**

ਰਾਜਸ੍ਰੀ ਪ੍ਰੋਡਕਸ਼ਨ ਦਾ ਪੂਰਾ ਨਾਮ ਹੋ ਚੁੱਕਾ ਸੀ ..ਉਨ੍ਹਾਂ ਦੇ ਹਿੱਸੇ ਵਿਚ ਬਹੁਤ ਸਾਰੀਆਂ ਚੰਗੀਆਂ ਪਰਿਵਾਰਕ ਫਲਿਮਾਂ ਆਈਆਂ ਸਨ ਰਾਜਸ੍ਰੀ ਪ੍ਰੋਡਕਸ਼ਨ ਦਾ ਹਿਸਾਬ ਕਿਤਾਬ ਦੇਖਣ ਵਾਲਿਆਂ ਨੇ ਮਾਲਕ ਤਾਰਾਚੰਦ ਬੜਜਾਤੀਆ ਨੂੰ ਦੱਸਿਆ ਕਿ ਪੂਰੇ ਸਾਲ ਦੇ ਹਿਸਾਬ ਕਿਤਾਬ ਨੂੰ “ਹਿਸਾਬ “ਵਿੱਚ ਲਿਆਉਣ ਲਈ ਕੋਈ ਅਜਿਹੀ ਫਲਿਮ ਬਣਾਈ ਜਾਵੇ ਜਿਸ ਵਿੱਚੋਂ ਮੁਨਾਫ਼ੇ ਦੀ ਗੁੰਜਾਇਸ਼ ਨਾ ਹੋਵੇ ਬਲਕਿ ਹਾਨੀ ਦੀਆਂ ਸਫ਼ਾ ਭਰ ਲਈਆਂ ਜਾਣ ਉਨ੍ਹਾਂ ਨੇ ਅਜਿਹੀ ਫਿਲਮ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਖੀਰ ..ਅਜਿਹੀ ਕਹਾਣੀ ਸੋਚੀ ਗਈ ਜਿਸ ਤੇ ਔਸਤ ਪੱਧਰ ਦੀ ਫਲਿਮ ਬਣ ਸਕੇ ਇਹ ਦੋ ਦੋਸਤਾਂ ਦੀ ਕਹਾਣੀ ਸੀ ਜੋ ਗਰੀਬ ਹਨ ਅਤੇ ਲਾਚਾਰ ਵੀ ਤੇ ਅਪਾਹਜ ਵੀ ਉਦੋਂ ਤਕ ਦਰਸ਼ਕਾਂ ਦੀ ਮਾਨਸਿਕਤਾ ਇਸ ਪੱਧਰ ਤਕ ਨਹੀਂ ਸੀ ਵਧੀ ਕਿ ਫਿਲਮ ਦੇ ਨਾਇਕਾਂ ਨੂੰ ਅਪਾਹਜ ਗ਼ਰੀਬ ਦੇਖ ਸਕਣ...ਇਹ ਸ਼ਾਇਦ ਇਸ ਲਈ ਕੀਤਾ ਗਿਆ ਕਿਉਂਕਿ ਨਿਰਮਾਤਾ ਚਾਹੁੰਦੇ ਸਨ ਕਿ ਫਲਿਮ ਔਸਤ ਬਣੇ ਔਸਤ ਸਫਲ ਰਹੇ ਦੋਵਾਂ ਦੋਸਤਾਂ ਦੀ ਭੂਮਿਕਾਵਾਂ ਨਿਭਾਉਣ ਲਈ ਵੀ ਨਵੇਂ ਅਭਿਨੇਤਾਵਾਂ ਦੀ ਚੋਣ ਕੀਤੀ ਗਈ ਇਹ ਦੋਵੇਂ ਹੀ ਫਿਲਮਾਂ ਵਿਚ ਨਵੇਂ ਸਨ ਇਕ ਸੀ ਸੁਧੀਰ ਕੁਮਾਰ ਅਤੇ ਦੂਜੇ ਅਭਿਨੇਤਾ ਸਨ ਸੁਸ਼ੀਲ ਕੁਮਾਰ ਛੋਟੀ ਜਿਹੀ ਭੂਮਿਕਾ ਲਈ ਸੰਜੇ ਖਾਨ ਨੂੰ ਵੀ ਲੈ ਲਿਆ ਗਿਆ ਸੀ ਜੋ ਉਦੋਂ ਆਪਣੀ ਜਗ੍ਹਾ ਬਣਾਉਣ ਲਈ ਸੰਘਰਸ਼ ਕਰ ਰਹੇ ਸਨ । ਲਕਸ਼ਮੀਕਾਂਤ ਪਿਆਰੇ ਲਾਲ ਦੀ ਪਹਿਲੀ ਫਲਿਮ ਰਿਲੀਜ ਹੋ ਚੁੱਕੀ ਸੀ ....ਦੂਜੀ ਹੋਣੀ ਸੀ .....ਉਨ੍ਹਾਂ ਦੀ ਪਹਿਲੀ ਫਲਿਮ“ ਪਾਰਸ ਮਨੀ“ ਦਾ ਸੰਗੀਤ ਬਹੁਤ ਪਸੰਦ ਕੀਤਾ ਗਿਆ ਸੀ ਪਰ ਉਹ ਹਾਲੇ ਵੀ ਸੰਘਰਸ਼ਸ਼ੀਲ ਸਨ ਦੋਸਤੀ ਜੋ ਕਿ ਛੋਟੇ ਬਜਟ ਦੀ ਇਕ ਔਸਤ ਫਲਿਮ ਸੀ ਦਾ ਸੰਗੀਤ ਕਰਨ ਲਈ ਕਿਸੇ ਵੱਡੇ ਸੰਗੀਤਕਾਰ ਨੇ ਹਾਮੀ ਨਹੀਂ ਸੀ ਭਰੀ




ਲਕਸ਼ਮੀਕਾਂਤ ਅਤੇ ਪਿਆਰੇ ਲਾਲ ਦੋਵੇਂ ਨਵੇਂ ਸੰਗੀਤਕਾਰ ਸਨ ਤਾਰਾਚੰਦ ਬੜਜਾਤੀਆ ਨੇ ਆਪਣੇ ਇਸ ਔਸਤ ਫਲਿਮ ਦਾ ਮਿਊਜ਼ਿਕ ਉਨ੍ਹਾਂ ਨੂੰ ਦੇ ਦਿੱਤਾ ਇਹ ਦੋਵੇਂ ਸੰਗੀਤਕਾਰ ਪ੍ਰਤਿਭਾ ਦੇ ਧਨੀ ਸਨ ਤੇ ਉਨ੍ਹਾਂ ਨੇ ਇਸ ਮੌਕੇ ਨੂੰ ਸੁਨਹਿਰੀ ਮੌਕਾ ਸਮਝਦਿਆਂ ਧੁਨਾਂ ਤਿਆਰ ਕੀਤੀਆਂ ਸਮੇਂ ਤੋਂ ਅੱਗੇ ਦੇ ਵਾਦ ਯੰਤਰ ਅਤੇ ਇੰਸਟਰੂਮੈਂਟਸ ਇਸਤੇਮਾਲ ਕੀਤੇ । ਤਰਜ਼ਾਂ ਕੀ ਸਨ ..ਕਮਾਲ ....ਫ਼ਿਲਮ ਵਿੱਚ ਪੰਜ ਗੀਤ ਮੁਹੰਮਦ ਰਫੀ ਨੇ ਗਾਏ ਸਨ ਤੇ ਸਿਰਫ ਇੱਕ ਗੀਤ ਲਤਾ ਮੰਗੇਸ਼ਕਰ ਦੇ ਹਿੱਸੇ ਆਇਆ ਸੀ ਫਿਲਮ ਦੇ ਗੀਤ ਲਿਖੇ ਸਨ ਮਸ਼ਹੂਰ ਗੀਤਕਾਰ ਤੇ ਮਾਰੂਫ਼ ਸ਼ਾਇਰ ਮਜਰੂਹ ਸੁਲਤਾਨਪੁਰੀ ਨੇ 1964 ਵਿੱਚ ਦੋਸਤੀ ਜਦੋਂ ਰਿਲੀਜ ਹੋਈ ਤਾਂ ਰਿਲੀਜ਼ ਹੁੰਦਿਆਂ ਹੀ ਫਲਿਮ ਦੀ ਥਾਂ ਤੇ ਇਸ ਦੇ ਗੀਤਾਂ ਦੀਆਂ ਧੁੰਮਾਂ ਪੈ ਗਈਆਂ ਜਿਆਦਾਤਰ ਗੀਤ ਉਦਾਸ ਸਨ ...ਸਿੱਧੇ ਆਤਮਾ ਵਿਚ ਉਤਰ ਜਾਣ ਵਾਲੇ .... ਛੇਤੀ ਹੀ ਲੋਕਾਂ ਦੀ ਜ਼ੁਬਾਨ ਤੇ ਚੜ੍ਹ ਗਏ ਆਪਣੀ ਰਿਲੀਜ਼ ਹੋਈ ਦੂਜੀ ਫ਼ਿਲਮ ਨਾਲ ਹੀ ਲਕਸ਼ਮੀਕਾਂਤ ਪਿਆਰੇ ਲਾਲ ਦਾ ਫ਼ਿਲਮ ਸੰਗੀਤ ਵਿੱਚ ਵੱਡਾ ਮੁਕਾਮ ਬਣ ਗਿਆ ਸੀ ਉਨ੍ਹਾਂ ਨੂੰ ਸ੍ਰੇਸ਼ਟ ਫਿਲਮ ਸੰਗੀਤਕਾਰ ਦੇ ਤੌਰ ਫਿਲਮ ਫੇਅਰ ਐਵਾਰਡ ਵੀ ਦਿੱਤਾ ਗਿਆ ਸੱਤਏਨ ਬੋਸ ਨਿਰਦੇਸ਼ਤ ਦੋਸਤੀ ਫਲਿਮ ਦੇ ਦੋਵੇਂ ਅਭਿਨੇਤਾ ਫਿਰ ਦੁਬਾਰਾ ਜਾਦੂ ਨਹੀਂ ਦਿਖਾ ਪਾਏ ...ਬਹੁਤ ਸਾਰੇ ਫਿਲਮ ਸਮੀਖਿਅਕਾਂ ਦਾ ਮੰਨਣਾ ਹੈ ਕਿ ਫਲਿਮ ਦਾ ਸੰਗੀਤ ਇੰਨਾ ਮਹਾਨ ਸੀ ਕਿ ਅਭਿਨੇਤਾਵਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਜ਼ਿਆਦਾ ਮੌਕਾ ਨਹੀਂ ਸੀ ਮਿਲਿਆ ...ਉਨ੍ਹਾਂ ਦੇ ਕੰਮ ਤੇ ਜ਼ਿਆਦਾ ਚਰਚਾ ਨਹੀਂ ਸੀ ਹੋਈ ਤਾਰਾਂ ਚੰਦ ਬੜਜਾਤੀਆ ਨੂੰ ਔਸਤ ਕਮਾਈ ਦਰਕਾਰ ਸੀ ਜਦਕਿ ਇਸ ਫਲਿਮ ਦੀ ਕਮਾਈ ਨੇ ਬਹੁਤ ਸਾਰੇ ਪਿਛਲੇ ਰਿਕਾਰਡ ਵੀ ਤੋੜ ਦਿੱਤੇ ਸਨ ਇਕ ਹੋਰ ਦਿਲਚਸਪ ਪ੍ਰਸੰਗ ਲਿਖੇ ਜਾਣਾ ਜ਼ਰੂਰੀ ਹੋ ਜਾਂਦਾ ਹੈ 1964 ਵਿੱਚ ਹੀ ਰਾਜ ਖੋਸਲਾ ਦੀ ਚਰਚਿਤ ਫ਼ਿਲਮ “ਵੋਹ ਕੌਨ ਥੀ “ਰਿਲੀਜ ਹੋਈ ਸੀ ਫਿਲਮ ਦੇ ਸੰਗੀਤਕਾਰ ਸਨ ਮਦਨ ਮੋਹਨ ਆਪਣੇ ਕੰਮ ਦੇ ਧਨੀ ਸਨ ਮਦਨ ਮੋਹਨ ਫ਼ਿਲਮ ਵਿੱਚ ਲਤਾ ਦੇ ਗਾਏ ਹੋਏ ਬਿਹਤਰੀਨ ਗੀਤ ਸ਼ਾਮਲ ਸਨ ਜਿਵੇਂ “ ਲਗ ਜਾ ਗਲੇ ....ਜੋ ਹਮਨੇ ਦਾਸਤਾਂ ਆਪਣੀ ਸੁਣਾਈ ..ਆਦਿ ਲਤਾ ਮੰਗੇਸ਼ਕਰ ਨੂੰ ਪੂਰਾ ਭਰੋਸਾ ਸੀ ਕਿ ਉਸ ਸਾਲ ਦਾ ਫ਼ਿਲਮ ਫੇਅਰ ਐਵਾਰਡ ਇਸੇ ਫਲਿਮ ਨੂੰ ਮਿਲੇਗਾ । ਪਰ ਇਹ ਐਵਾਰਡ “ਦੋਸਤੀ “ਨੂੰ ਮਿਲਿਆ ਜਿਸ ਵਿੱਚ ਮੁਹੰਮਦ ਰਫ਼ੀ ਦੇ ਪੰਜ ਗੀਤ ਸ਼ਾਮਲ ਸਨ । ਔਸਤ ਫ਼ਿਲਮ ਬਣਾਉਣ ਦੀ ਸੋਚ ਕੇ ਬਣਾਈ ਗਈ ਦੋਸਤੀ ਹਿੰਦੁਸਤਾਨੀ ਫ਼ਿਲਮਾਂ ਵਿੱਚੋਂ ਮੀਲ ਦੇ ਪੱਥਰ ਦੇ ਤੌਰ ਤੇ ਯਾਦ ਕੀਤੀ ਜਾਂਦੀ ਹੈ ਅਤੇ ਯਾਦ ਕੀਤੀ ਜਾਂਦੀ ਰਹੇਗੀ

# ਮੋਦੀ ਸਰਕਾਰ ਦੇ ਜ਼ੁਲਮਾਂ ਦਾ ਕਿੱਸਾ -2



ਹਰਭਜਨ ਸਿੰਘ ਚੇਰਾ
403 607 2814

**ਲੜੀ ਜੋੜਨ ਲਈ 19 ਨਵੰਬਰ 2021 ਦਾ ਅੰਕ ਪੜ੍ਹੋ।**

ਇਸ ਅੰਦੋਲਨ ਦੇ ਰੋਸ ਵਜੋਂ ਜਿਨ੍ਹਾਂ,ਜਿਨ੍ਹਾਂ ਨੂੰ ਵੀ ਪਰੈਜ਼ੀਡੈਂਟ ਅਵਾਰਡ ਸਰਕਾਰ ਵਲੋਂ ਮਿਲੇ ਹੋਏ ਸਨ,ਉਨ੍ਹਾਂ ਸਾਰਿਆਂ ਨੇ ਵਾਪਸ ਕਰ ਦਿੱਤੇ,ਜਿਨ੍ਹਾਂ ਵਿਚ ਲੇਖਕ,ਗਾਇਕ,ਬੁੱਧੀ-ਜੀਵ,ਸੇਵਾ-ਮੁਕਤ ਫੌਜੀ ਅਤੇ ਇੰਟਰਨੈਸ਼ਨਲ ਖਿਡਾਰੀ ਸ਼ਾਮਲ ਹਨ ।ਇਸ ਤੋਂ ਇਲਾਵਾਹ ਸਰਕਾਰੀ ਵਕੀਲ ਆਮ ਜੰਤਾ ਲਗ-ਪਗ ਹਿੰਦੋਸਤਾਨ ਦੇ ਹਰ ਪ੍ਰਾਂਤ ਦੇ ਕਿਸਾਨਾਂ ਨੇ ਭਰਮਾਂ ਸਹਿਯੋਗ ਦਿੱਤਾ ।ਪਰਵਾਸੀ ਪੰਜਾਬੀਆਂ ਨੇ ਤੰਨ,ਮੰਨ ਅਤੇ ਧਨ ਨਾਲ ਇਸ ਸੰਘਰਸ਼ ਵਿਚ ਹਿੱਸਾ ਪਾਇਆ ।ਹਿੰਦੂ ਵੀਰ ਦੁਕਾਨਦਾਰ ਆੜ੍ਹਤੀਏ ਮਜ਼ਦੂਰ ਭਾਵ ਹਰ ਵਰਗ ਨੇ ਇਸ ਅੰਦੋਲਨ ਨੂੰ ਅਪਣਾ ਬਣਾਇਆ ।ਇਥੋਂ ਤਕ ਕਿ ਕੁੱਝ ਬੀ.ਜੇ.ਪੀ ਦੇ ਆਗੂ ਵੀ ਜਿਨ੍ਹਾਂ ਦੀਆਂ ਆਤਮਾਵਾਂ ਜਾਗਦੀਆਂ ਸਨ ਇਸ ਅੰਦਲਨ ਵਿਚ ਸ਼ਾਮਲ ਹੋਏ ।ਕਿਉਂਕਿ ਇਹ ਸੰਘਰਸ਼ ਇਨਸਾਨੀ ਅਤੇ ਕਿਸਾਨੀ ਹੈ ਇਸ ਦਾ ਸਨਬੰਧ ਕਿਸੇ ਪਾਰਟੀ ਜਾਂ ਕਿਸੇ ਧਰਮ ਨਾਲ ਨਹੀਂ ਹੈ ।ਭਾਂਵੇ ਮੋਦੀ ਸਰਕਾਰ ਨੇ ਇਸ ਅੰਦੋਲਨ ਨੂੰ ਸਿਆਸੀ ਪਾਰਟੀਆਂ ਅਤੇ ਅਤਿ-ਵਾਦੀ ਵੱਖ-ਵਾਦੀਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ,ਪਰ ਇਸ ਸੰਘਰਸ਼ ਦੇ ਸੂਝ-ਵਾਨ ਆਗੂਆਂ ਅਤੇ ਨੌਜਵਾਨਾਂ ਦੇ ਹੱਠ,ਸਵਰ ਅਤੇ ਧੀਰਜ ਨੂੰ ਸਲਾਮ ਹੈ,ਜਿਹੜੇ ਕੜਕਦੀ ਠੰਡ,ਜਬਰ ਅਤੇ ਜ਼ੁਲਮ ਦਾ ਟਾਕਰਾ ਸਬਰ ਦੀ ਢਾਲ ਨਾਲ ਕਰ ਰਹੇ ਹਨ ।ਪਰ ਯਾਦ ਰਹੇ ਸਬਰ ਦੀ ਕੁੱਖੋਂ ਉੱਠੀ ਕਰਾਂਤੀ ਬੇਮੁਹਾਰਾ ਹੁੰਦੀ ਹੈ !!

ਜੇ ਦੇਖਿਆ ਜਾਏ ਤਾਂ ਇਸ ਸ਼ੰਘਰਸ਼ ਦਾ ਹਰ ਪੱਖ ਨਿਆਰਾ ਹੈ,ਜਿਸ ਦੀ ਮਸਾਲ ਸੰਸਾਰ ਵਿਚ ਨਹੀਂ ਮਿਲਦੀ ।ਲੱਖਾਂ ਦੀ ਗਿਣਤੀ ਦੇ ਇਕੱਠ ਨੂੰ ਕਿਸੇ ਮੁਰਿਆਦਾ ਵਿਚ ਰਖਣਾਂ ਅਤੇ ਉਨ੍ਹਾਂ ਦੇ ਖਾਣ-ਪੀਣ ਦਾ ਪ੍ਰਬੰਧ ਇਹ ਸੱਭ ਕੁੱਝ ਦੇਖ ਕੇ ਕੁਦਰਤੀ ਹੋਂਦ ਦਾ ਇਹਸਾਸ ਬਦੋ-ਬਦੀ ਹੁੰਦਾ ਹੈ ।ਕਿਸੇ ਛੋਟੇ ਜਿਹੇ ਇਕੱਠ ਵਿਚ ਇਕ-ਸੁਰਤਾ ਨਹੀਂ ਹੁੰਦੀ,ਮਾਮੂਲੀ ਗੱਲਾਂ ਨੂੰ ਲੈ ਕੇ ਬਾਦ-ਵਿਬਾਦ ਖੜੇ ਹੋ ਜਾਂਦੇ ਹਨ,ਪਰ ਇਸ ਅੰਦੋਲਨ ਵਿਚ ਕੀ ਕਰਾਮਾਤ ਹੈ ਜਿਸ ਨਾਲ ਲੱਖਾਂ ਦੇ ਇਕੱਠ ਨੂੰ ਤਿੰਨ ਮਹੀਨਿਆਂ ਤੋਂ ਪੁਰ-ਅਮਨ ਤਰੀਕੇ ਨਾਲ ਕੰਟਰੋਲ ਕੀਤਾ ਹੋਇਆ ਹੈ ।ਇਸ ਵਿਚ ਨੌਜੁਵਾਨਾਂ ਦੀ ਵੀ ਬੇਸ਼ੁਮਾਰ ਗਿਣਤੀ ਹੈ,ਉਨ੍ਹਾਂ ਦੇ ਸਬਰ ਨੂੰ ਵੀ ਸਲਾਮ ਹੈ ।ਇਸ ਇਕੱਠ ਦੀ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਬਜ਼ੁਰਗ,ਬੱਚੇ ਅਤੇ ਮਾਤਾਵਾਂ-ਬੀਬੀਆਂ ਦੀ ਵੀ ਬਰਾਬਰ ਗਿਣਤੀ ਹੈ ।ਇਨ੍ਹਾਂ ਦੇ ਹੌਸਲੇ ਇਨੇ ਬਲੰਦ ਹਨ ਕਿ ਕੜਕਦੀ ਪੋਹ ਮਹੀਨੇ ਦੀ ਠੰਡ ਅਤੇ ਉਪਰੋਂ ਬਾਰਸ਼ ਇਨੇ ਕਠਨ ਸਮੇਂ ਵਿਚ ਵੀ ਉਸ ਦੇ ਭਾਣੇਂ ਅੰਦਰ ਸ਼ੁਕਰ-ਗੁਜ਼ਾਰ ਹਨ।

ਅਣਤੁੱਟ ਲੰਗਰ-ਪਾਣੀ ਦਾ ਭੰਡਾਰ ਜੋ ਬਾਬੇ ਨਾਨਕ ਨੇ (20) ਰੁਪਿਆਂ ਤੋਂ ਅਰੰਭਿਆ ਸੀ,ਇਹ ਸਮੁੱਚੇ ਸੰਸਾਰ ਦੀਆਂ ਨਜ਼ਰਾਂ ਵਿਚ ਇਕ ਅਜੂਬਾ ਹੈ ।ਇਸ ਵਿਚ ਕੀ ਬਰਕਤ ਹੈ ਉਹੀ ਜਾਣਦਾ ।ਅਸੀਂ ਤਾਂ ਫਿਰ ਵੀ ਲੰਗਰ ਦੀ ਪਰੰਪਰਾ ਨੂੰ ਸਮਝਦੇ ਹਾਂ,ਪਰ ਦੂਜੀਆਂ ਕੌਮਾਂ ਇਹ ਸੱਭ ਕੁਝ ਦੇਖ ਕੇ ਹੈਰਾਨ ਹੋ ਜਾਂਦੀਆਂ ਹਨ ਕਿ ਕਿਵੇਂ ਇਹ ਲੰਗਰ ਚਲਦੇ ਹਨ ! ।ਸਾਰੀ ਦੁਨੀਆਂ ਵਿਚ,ਜਿਥੇ ਵੀ ਕੋਈ ਮੁਸੀਬਤ ਆਉਂਦੀ ਹੈ ਚਾਹੇ ਕਿਤੇ ਭੁਚਾਲ,ਬਿਮਾਰੀ ਜਾਂ ਹੋਰ ਕੋਈ ਮੁਸੀਬਤ ਆਉਂਦੀ ਹੈ ਉੱਥੇ ਹੀ ਇਹ ਕੌਮ ਲੰਗਰ ਦੀ ਪਰੰਪਰਾ ਨੂੰ ਨਿਭਾਉਂਦੀ ਹੈ ।ਇਹ ਲੰਗਰ ਕਿਸੀ ਇਕ ਵਰਗ ਤਕ ਸੀਮਤ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ ।ਇਹ ਸੰਘਰਸ਼ ਲੱਖਾਂ ਦੀ ਗਿਣਤੀ ਵਿਚ ਦਿੱਲੀ ਦੇ ਚਾਰ-ਚੁਫੇਰੇ ਮੋਰਚਾ ਲਾਈ ਬੈਠਾ ਹੈ,ਪਰ ਲੰਗਰ-ਪਾਣੀ ਅਤੁੱਟ ਵਰਤ ਰਿਹਾ ਹੈ ਹੈਰਾਨੀ ਵਾਲੀ ਗਲ ਹੈ ਕਿ ਲੰਗਰ ਕੇਵਲ ਦਾਲ-ਫੁਲਕਾ ਹੀ ਨਹੀਂ ਬਲਕਿ ਪਿੰਨੀਆਂ,ਬਦਾਮ,ਜ਼ੂਸ,ਦੁੱਧ,ਚਾਹ ਇਸ ਤੋਂ ਇਲਾਵਾਹ ਕੰਬਲ ਰਜਾਈਆਂ ਅਤੇ ਹੋਰ ਠੰਡ ਤੋਂ ਬਚਣ ਲਈ ਹਰ ਲੋੜੀਂਦੀ ਚੀਜ਼ ਦੇਸ਼ ਵਿਚੋਂ ਅਤੇ ਬਦੇਸ਼ਾਂ ਵਿਚੋਂ ਬੇਸ਼ੁਮਾਰ ਇਸ ਮੋਰਚੇ ਲਈ ਪੁੰਹਚਾਈਆਂ ਜਾ ਰਹੀਆਂ ਹਨ ।ਜਿੱਥੇ-ਜਿੱਥੇ ਵੀ ਇਹ ਮੋਰਚੇ ਲੱਗੇ ਹਨ,ਉਥੋਂ ਦੇ ਵਸਨੀਕ ਵੀ ਇਸ ਲੰਗਰ ਚੋਂ ਢਿੱਡ ਭਰਦੇ ਹਨ ਅਤੇ ਉਹ ਦੁਆਵਾਂ ਕਰਦੇ ਹਨ ਕਿ ਅਜਿਹੇ ਲੋਕ ਇਥੇ ਪੱਕੇ ਹੀ ਵਸ ਜਾਣ।

ਇਸ ਸੰਘਰਸ਼ ਦੀ ਭੇਟ ਹੁਣ ਤਕ ਲਗ-ਪਗ (60) ਵਿਅਕਤੀ ਬੱਚੇ,ਬਜ਼ੁਰਗ ਅਤੇ ਨੌਜਵਾਨ ਹੋ ਚੁਕੇ ਹਨ,ਪਰ ਅਫਸੋਸ ਦੀ ਗਲ ਕਿ ਕੇਂਦਰ ਸਰਕਾਰ ਦੇ ਪਥੱਰ ਦਿਲ ਉੱਤੇ ਇਨਾਂ ਘਟਨਾਵਾਂ ਦਾ ਕੋਈ ਅਸਰ ਨਹੀਂ ।ਕੜਕਦੀ ਠੰਡ ਅਤੇ ਬਾਰਸ਼ ਵਿਚ ਘਰੋਂ-ਬੇਘਰ ਦੇਸ਼ ਦਾ ਅੰਨ ਦਾਤਾ ਜੋ ਜੰਤਾ ਦੀਆਂ ਝੋਲੀਆਂ ਭਰਦਾ,ਅੱਜ ਇਸ ਸਰਕਾਰ ਦੇ ਦਰ ਤੇ ਅਪਣੇ ਹੱਕ ਲੈਣ ਲਈ ਪੱਲਾ ਅੱਡੀ ਖੜਾ ਹੈ ।ਅੱਜ ਇਸ ਅੰਦੋਲਨ ਨੂੰ ਲਗ-ਪਗ (68) ਦਿਨ ਹੋ ਚੁਕੇ ਹਨ ਹਾਲੇ ਹੋਰ ਪਤਾ ਨਹੀਂ ਕਿਨਾ ਚਿਰ ਚੱਲੇ,ਪਰ ਸਰਕਾਰ ਕੋਲ ਕੇਵਲ ਤਾਰੀਕ ਤੇ ਤਾਰੀਕ (7) ਬੈਠਕਾਂ ਹੋ ਚੁੱਕੀਆਂ ਹਾਲੇ ਤਕ ਕੋਈ ਨਿਰਣਾ ਨਹੀਂ ਹੋ ਸਕਿਆ ।ਐਡੀ ਵੱਡੀ ਕਿਹੜੀ ਗਲ ਹੈ ਜਿਹਦਾ ਨਿਰਣਾ ਨਹੀਂ ਲਿਆ ਜਾ ਸਕਦਾ ?ਗਲ ਤਾਂ ਸਿਰਫ ਏਨੀ ਹੈ ਕਿ ਜਿਹੜੇ ਤਿੰਨ ਕਾਨੂੰਨ ਕਿਸਾਨਾਂ ਲਈ ਅਪਨੀ ਮਰਜ਼ੀ ਨਾਲ ਬਣਾਕੇ ਉਨ੍ਹਾਂ ਉੱਤੇ ਠੋਸ ਦਿੱਤੇ,ਜਿਨ੍ਹਾਂ ਨਾਲ ਕਿਸਾਨਾਂ ਦਾ ਭਵਿਖ ਖਤਮ ਹੁੰਦਾ ਹੈ,ਉਹ ਵਾਪਸ ਲੈਣ ਦੀ ਮੰਗ ਹੈ। ਪਹਿਲੀ ਗਲ ਤਾਂ ਇਹ ਕਿ ਕਾਨੂਨ ਬਨਾਉਣ ਲਗਿਆਂ ਕਿਸਾਨਾਂ ਦੀ ਰਾਏ ਨਹੀਂ ਲਈ ਗਈ ਅਤੇ ਨਾ ਹੀ ਕਾਨੂਨ ਪਾਸ ਕਰਨ ਲਗਿਆਂ ਬੁਹ-ਮੱਤ ਲਿਆ ਗਿਆ ਇਹ ਕਿਥੋਂ ਦਾ ਲੋਕ-ਤੰਤਰ ਹੈ ?ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂਨ ਕਿਸਾਨਾਂ ਦੇ ਫਾਇਦੇ ਲਈ ਬਣਾਏ ਹਨ,ਕਿਸਾਨ ਕਹਿੰਦੇ ਇਨ੍ਹਾਂ ਨਾਲ ਉਨ੍ਹਾਂ ਦਾ ਭਵਿਖ ਖਤਮ ਹੁੰਦਾ,ਫਿਰ ਵਾਪਸ ਲੈਣ ਵਿਚ ਕੀ ਮੁਸੀਬਤ ਪੈਦਾ ਹੁੰਦੀ ਹੈ।

ਦਰ-ਅਸਲ ਇਸ ਸਾਰੇ ਕਿੱਸੇ ਪਿੱਛੇ ਅਡਾਨੀ-ਅਬਾਨੀ ਦਾ ਮਾਮਲਾ ਹੈ,ਜਿਨ੍ਹਾਂ ਨੇ ਸਰਕਾਰ ਨੂੰ ਨਿੱਜੀ ਹਮਾਇਤ ਦੇ ਕੇ ਉਸ ਦੇ ਬਦਲੇ ਵਿਚ ਬੜਾ ਵੱਡਾ ਲਾਭ ਲੈਣਾ ਚਾਹਿਆ,ਕਿਉਂਕਿ ਕੁੱਝ ਸਮੇਂ ਉਪਰੰਤ ਇਸ ਕਾਨੂਨ ਦੀ ਧਾਰਾ ਅਨਸਾਰ ਕਿਸਾਨਾਂ ਦੀਆਂ ਜ਼ਮੀਨਾਂ ਦੇ ਮਾਲਕ ਇਹ ਖ਼ੁੱਦ ਬਣ ਜਾਣ ਗੇ ਮੋਦੀ ਸਾਹਿਬ ਦੀ ਸੋਚ ਅਨੁਸਾਰ ਕਿਸਾਨ ਤਬਕਾ ਅਨਪੜ੍ਹ ਹੇ ਅਤੇ ਜੁਆਨੀ ਪੰਜਾਬ ਦੀ ਨਸ਼ਿਆਂ ਨੇ ਖਾ ਲਈ ਕੁੱਝ ਬਦੇਸ਼ਾਂ ਵਿਚ ਜਾ ਵੜੇ ਕੋਈ ਸਾਮ੍ਹਣੇ ਬੋਲਣ ਵਾਲਾ ਹੈ ਨਹੀਂ ਜੋ ਮਰਜ਼ੀ ਕਰ ਲਓ ।ਪਰ ਇਹ ਸੋਚ ਮੋਦੀ ਸਾਹਿਬ ਨੂੰ ਮਹਿੰਗੀ ਪੈ ਗਈ,ਅੱਜ ਕਿਸਾਨ ਕੇਵਲ ਹ੍ਹਲ ਵ੍ਹਾਣ ਵਾਲੇ ਨਹੀਂ ਰਹੇ,ਉਹ ਵੀ ਡਿੱਗਰੀਆਂ ਦੇ ਮਾਲਕ ਹਨ ਅਤੇ ਨੌਜਵਾਨ ਪੀੜ੍ਹੀ ਵੀ ਸੂਝ-ਵਾਨ ਹੈ ।ਇਸ ਦਾ ਪ੍ਰਤੱਖ ਸਬੂਤ ਇਸ ਸੰਘਰਸ਼ ਵਿਚ ਕਿਸਾਨ ਬਜ਼ੁਰਗਾਂ ਅਤੇ ਨੌਜੁਵਾਨਾਂ ਨੇ ਦੇ ਦਿੱਤਾ ।ਕੁਝ ਅਪਣੇ ਹੀ ਰਾਜਨੀਤਕ ਆਗੂਆਂ ਨੇ ਬੀ.ਜੇ.ਪੀ ਦੇ ਢਾਹੇ ਚੜ੍ਹ ਕੇ ਪੰਜਾਬ ਨੂੰ ਘਸਿਆਰਾ ਬਣਾ ਦਿੱਤਾ ਸੀ ।ਬਾਦਲਾਂ ਦੇ ਬੀ.ਜੇ.ਪੀ ਨਾਲ ਨੌਹ-ਮਾਸ ਦੇ ਰਿਤੇ ਨੇ ਪੰਜਾਬ ਨੂੰ ਹਰ ਪੱਖ ਤੋਂ ਖੋਖਲਾ ਬਣਾ ਦਿੱਤਾ ਸੀ,ਪਰ ਪੰਜਾਬ ਦੀ ਅਣਖ ਅਤੇ ਸ਼ੁਰ-ਬੀਰਤਾ ਮਰੀ ਨਹੀਂ-ਇਸ ਸੰਘਰਸ਼ ਨੇ ਇਹ ਸਾਬਤ ਕਰ ਦਿੱਤਾ ।ਪੰਜਾਬ ਦੀ ਜਵਾਨੀ ਉਸੇ ਤਰ੍ਹਾਂ ਬਰਕਰਾਰ ਹੈ,ਬਲਕਿ ਜੋਸ਼ ਦੇ ਨਾਲ-ਨਾਲ ਹੋਸ਼ ਵੀ ਹੈ ਜੋ (84) ਦੇ ਅਟੈਕ ਵਿਚ ਨਹੀਂ ਸੀ,ਜਿਸਦੇ ਸਿੱਟੇ ਵਜੋਂ ਬੁਹਤ ਵੱਡੀ ਮਾਰ ਖਾਦੀ ਸੀ ।ਅੱਜ ਕਿਸਾਨ ਬੜੀ ਸੂਝ-ਬੂਝ ਨਾਲ ਇਸ ਸੰਘਰਸ਼ ਨੂੰ ਚਲਾ ਰਹੇ ਹਨ ।ਲੱਖਾਂ ਦੇ ਇਕੱਠ ਵਿਚ ਅੱਜ ਤਕ ਕੋਈ ਹਿੰਸਕ ਘਟਨਾ ਨਹੀਂ ਵਾਪਰੀ ।ਸ਼ਾਂਤ-ਮਈ ਢੰਗ ਨਾਲ ਅਪਣੇ ਹੱਕਾਂ ਦੀ ਪੂਰਤੀ ਲਈ ਜੂਝ ਰਹੇ ਹਨ।

ਸਰਕਾਰ ਦਾ ਵਤੀਰਾ ਇਸ ਤਰ੍ਹਾਂ ਦਾ ਹੈ ਜਿਵੇ ਇਹ ਲੱਖਾਂ ਦਾ ਕਾਫਲਾ ਚੀਨ ਜਾਂ ਪਾਕਿਸਤਾਨ ਤੋਂ ਉੱਠ ਕੇ ਆਇਆ ਹੋਵੇ ।ਅਪਣੇ ਦੇਸ਼ ਦੀ ਜੰਤਾ ਅਪਣੇ ਹੱਕਾਂ ਦੀ ਪੂਰਤੀ ਲਈ ਅਪਣੇ ਬਣਾਏ ਹੋਏ ਪ੍ਰਧਾਨ-ਮੰਤਰੀ ਕੋਲੋ ਨਿੱਮਰਤਾ ਸਹਿਤ ਮੰਗ ਕਰ ਰਹੀ ਹੈ ।ਪ੍ਰਧਾਨ-ਮੰਤਰੀ ਪੂਰੇ ਦੇਸ਼ ਦੀ ਜੰਤਾ ਦਾ ਹੈ ਨਾ ਕਿ ਕੇਵਲ ਬੀ.ਜੇ.ਪੀ ਦਾ ।ਇਸ ਕੁਰਸੀ ਉਤੇ ਬੈਠ ਕੇ ਵਿਤਕਰਾ ਜਾਂ ਬੇਨਿਆਈ ਕਰਨਾ ਬੁਹਤ ਵੱਡਾ ਜ਼ੁਲਮ ਹੈ,ਜੋ ਅੱਜ ਮੋਦੀ ਸਾਹਿਬ ਕਰ ਰਹੇ ਹਨ ।ਇਸ ਕੁਰਸੀ ਦੇ ਨਸ਼ੇ ਵਿਚ ਜੋ ਬੇਇਨਸਾਫੀ ਜੰਤਾ ਨਾਲ ਹੋ ਰਹੀ ਹੈ ਇਸਦਾ ਨਤੀਜਾ ਮੋਦੀ ਸਾਹਿਬ ਨਹੀਂ ਜਾਣਦੇ ।ਜਿਸ ਜੰਤਾ ਨੇ ਇਸ ਕੁਰਸੀ ਉੱਤੇ ਬਿਠਾਇਆ ਉਹ ਫਿਰ ਚਾਹ ਬੇਚਣ ਦੀ ਨੌਬਤ ਲਿਆ ਸਕਦੀ ਹੈ ।ਇਨਾਂ ਜ਼ੁਲਮ ਤਾਂ ਬਿਗਾਨੇ ਵੀ ਨਹੀਂ ਕਰਦੇ,ਹਰ-ਰੋਜ਼ ਇਸ ਸੰਘਰਸ਼ ਦੇ ਯੋਧੇ ਸ਼ਹੀਦੀਆਂ ਪਾ ਰਹੇ ਹਨ,ਜਿਨ੍ਹਾਂ ਵਿਚ ਬੱਚੇ ਅਤੇ ਇਸਤਰੀਆਂ ਵੀ ਸ਼ਾਮਲ ਹਨ,ਪਰ ਇਸ ਪੱਥਰ-ਦਿਲ ਉੱਤੇ ਕੋਈ ਅਸਰ ਨਹੀਂ।



ਅੱਜ ਤਕ (11) ਬੈਠਕਾਂ ਹੋ ਚੁੱਕੀਆਂ ਕੋਈ ਨਿਰਣਾ ਨਹੀਂ ਹੋ ਸਕਿਆ ਬਲਕਿ ਕਿਸਾਨਾਂ ਨਾਲ ਇਸ ਤਰ੍ਹਾਂ ਦਾ ਮਜ਼ਾਕ ਹੋ ਰਿਹਾ ਹੈ,ਜਿਵੇਂ ਬੱਚਿਆਂ ਨੂੰ ਮਨਾਉਣ ਲਈ ਕਹਾਣੀਆਂ ਬਣਾਈ ਦੀਆਂ ।ਕਿਹੜੀ ਇਹੋ ਜਹੀ ਗਲ ਹੈ ਜਿਹਦਾ ਹਲ ਨਹੀਂ ਮਿਲ ਰਿਹਾ ?ਇਹ ਸੱਭ ਅਡਾਨੀ-ਅਬਾਨੀਆਂ ਦਾ ਪਰਭਾਵ ਹੈ,ਜਿਹੜਾ ਇਸ ਮਸਲੇ ਦਾ ਕੋਈ ਹਲ ਨਹੀਂ ਨਿਕਲ ਰਿਹਾ ।ਬੜੀ ਹੈਰਾਨੀ ਵਾਲੀ ਗਲ ਹੈ ਕਿ ਅਜਿਹੇ ਭਿਆਨਕ ਮੌਸਮ ਵਿਚ,ਇਨਾ ਲੰਬਾ ਸੰਘਰਸ਼ ਅਤੇ ਇਨੇ ਸ਼ਾਂਤ-ਮਈ ਢੰਗ ਨਾਲ ਇਸ ਅੰਦੋਲਨ ਦੇ ਆਗੂ ਨਿਭਾ ਰਹੇ ਹਨ ।ਇਨ੍ਹਾਂ ਦੀ ਇਸ ਸੂਝ- ਬੂਝ ਨੂੰ ਸਲਾਮ ਹੈ ।ਸਰਕਾਰ ਇਹ ਚਾਂਹੁਦੀ ਹੈ ਕਿ ਇਸ ਸੰਘਰਸ਼ ਵਿਚੋਂ ਕੋਈ ਇਹੋ ਜਹੀ ਹਿੰਸਕ ਘਟਨਾ ਵਾਪਰੇ,ਜਿਸ ਨਾਲ ਸਰਕਾਰ ਨੂੰ ਮੌਕਾ ਮਿਲੇ ਐਕਸ਼ਨ ਲੈਣ ਦਾ ।ਪਰ ਹਾਲੇ ਤਕ ਇਸ ਸੰਘਰਸ਼ ਦਾ ਹਰ ਵਿਅਕਤੀ ਪਰਸੰਸਾ ਦਾ ਪਾਤਰ ਹੈ,ਜਿਨ੍ਹਾਂ ਨੇ ਸਰਕਾਰ ਦੇ ਹਰ ਮਨਸੂਬੇ ਨੂੰ ਨਾਕਾਰਾ ਬਣਾ ਦਿੱਤਾ ।ਹੁਣ ਕੁਲ ਗਰੇਵਾਲ ਦਾ ਬਿਆਨ ਸੀ ਕਿ ਕਿਸਾਨਾਂ ਕੋਲ ਕੋਈ ਲੀਡਰ ਨਹੀਂ ਜਿਹੜਾ ਗਲ ਕਰ ਸਕੇ,ਕਿਨੀ ਹਾਸੋ-ਹੀਣੀ ਗਲ ਹੈ ਇਸ ਦੋਗਲੇ ਬੰਦੇ ਦੀ ਜਿਹਦਾ ਕੋਈ ਦੀਨ-ਇਮਾਨ ਹੀ ਨਹੀਂ,ਸਿੱਖੀ ਸਰੂਪ ਵਿਚ ਪੈਸੇ ਦੇ ਲਾਲਚ ਨੇ ਗੰਗੂ ਬਣਾ ਦਿੱਤਾ।

ਅੱਜ ਤਕ ਇਸ ਸਮੁੱਚੇ ਸੰਘਰਸ਼ ਨੂੰ ਨਿਰ-ਪੱਖ ਹੋ ਕੇ ਵਿਚਾਰਿਆ ਜਾਏ ਤਾਂ ਇਹ ਸੁਪਸ਼ਟ ਹੁੰਦਾ ਹੈ ਕਿ ਹਿੰਦੂ ਰਾਜ ਵਿਚ ਘੱਟ-ਗਿਣਤੀ ਦੀ ਕੋਈ ਵੁੱਕਤ ਨਹੀਂ ।ਜਿਸ ਤਰ੍ਹਾਂ ਬੁੱਧ-ਧਰਮ,ਸਨਾਤਨ ਧਰਮ,ਅਤੇ ਜੈਨ ਧਰਮ ਦੀਆਂ ਜੜ੍ਹਾਂ ਹਿੰਦੋਸਤਾਨ ਵਿਚੋਂ ਪੁੱਟ ਦਿੱਤੀਆਂ,ਇੰਜ ਹੀ ਸਿੱਖ ਧਰਮ ਵੀ ਇਨ੍ਹਾਂ ਦੀਆਂ ਅੱਖਾਂ ਵਿਚ ਰੜਕ ਰਿਹਾ ਹੈ,ਕਿਉਂਕਿ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਪੰਡਤਾਂ ਅਤੇ ਕੱਟੜ ਹਿੰਦੂਆਂ ਦੇ ਵਿਰੁਧ ਬੁਹਤ ਵੱਡੀ ਮੁਹਿਮ,ਇਕ ਬੁਹਤ ਵੱਡਾ ਅੰਦੋਲਨ ਮਨੁੱਖਤਾ ਦੇ ਹੱਕਾਂ ਦੀ ਰਾਖੀ ਕਰਨ ਲਈ ਅਰੰਭਿਆ ਸੀ ।ਆਮ ਭੋਲੀ-ਭਾਲੀ ਜੰਤਾ ਅਜਿਹੇ ਜ਼ੁਲਮਾਂ ਨਾਲ ਦੱਬੀ ਹੋਈ ਸੀ,ਜਿਨ੍ਹਾਂ ਨੂੰ ਗੁਰੂ ਨਾਨਕ ਨੇ ਸਵੈ-ਮਾਣ ਨਾਲ ਜੀਉਣ ਦਾ ਢੰਗ ਸਿਖਾਇਆ ।ਪੰਡਤਾਂ ਦੇ ਜ਼ੁਲਮ ਨੇ ਸਾਧਾਰਨ ਮਨੁੱਖਤਾ ਦੇ ਹੱਕਾਂ ਨੂੰ ਅੱਜ ਵਾਂਗ ਲਿਤਾੜਿਆ ਹੋਇਆ ਸੀ। ਅੱਜ ਵੀ ਹੱਕ ਦੀ ਲੜਾਈ ਲਈ ਘੱਟ ਗਿਣਤੀ ਜੂਝ ਰਹੀ ਹੈ,ਪਰ ਮਾਣ ਵਾਲੀ ਗਲ ਇਹ ਹੈ ਕਿ ਅੱਜ ਇਹ ਘੱਟ-ਗਿਣਤੀ ਦੇ ਅੰਦੋਲਨ ਨੂੰ ਇਨਾਂ ਸਹਿਯੋਗ ਮਿਲਿਆ ਕਿ ਇਹ ਪੂਰੇ ਭਾਰਤ ਦਾ ਕਾਫਲਾ ਬਣ ਗਿਆ ।ਕਿਉਂਕਿ ਇਹ ਕਿਸੇ ਇਕ ਵਰਗ ਨਾਲ ਸਬੰਧਤ ਨਹੀਂ,ਇਹਦਾ ਸਨਬੰਧ ਕਿਸੇ ਧਰਮ ਜਾਂ ਕਿਸੇ ਪਾਰਟੀ ਨਾਲ ਨਹੀ ਬਲਕਿ ਇਸ ਨੇ ਤਾਂ ਸਮੁੱਚਾ ਸੰਸਾਰ ਅਪਨੀ ਗਲਵੱਕੜੀ ਵਿਚ ਲੈਲਿਆ ।ਇਹ ਕਹਣਿਾ ਵੀ ਕੋਈ ਅੱਤ-ਕਥਨੀ ਨਹੀਂ ਕਿ ਇਹ ਸਮੁੱਚੀ ਮਨੁੱਖਤਾ ਦਾ ਕਾਫਲਾ ਬਣ ਗਿਆ। ਜਿਸ ਧੀਰਜ ਅਤੇ ਸਬਰ ਨਾਲ ਇਸ ਕਾਫਲੇ ਨੂੰ ਵਿਉਂਤ-ਬੰਧ ਕੀਤਾ ਇਹ ਸਬਰ ਟੁੱਟ ਗਿਆ ਤਾਂ ਕੋਈ ਦੁਨੀਆਂ ਦੀ ਤਾਕਤ ਨਹੀਂ,ਜਿਹੜੀ ਇਸ ਬੇਮੁਹਾਰੇ ਹੜ੍ਹ ਨੂੰ ਬੰਨ ਲਾ ਸਕੇ ।ਸਬਰ ਦਾ ਵੀ ਕੋਈ ਅੰਤ ਹੁੰਦਾ,ਸਬਰ ਦੀ ਕੁੱਖ ਵਿਚੋਂ ਹੀ ਕਰਾਂਤੀ ਜਨਮ ਲੈਂਦੀ ਹੈ,ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ:--

॥ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
॥ ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ ॥



ਹੁਣ ਇਹ ਸੰਘਰਸ਼ ਸਬਰ ਦੇ ਬਨੇਰੇ ਟੱਪ ਚੁੱਕਾ ਹੈ,ਇਸ ਟੁੱਟੇ ਹੜ੍ਹ ਨੂੰ ਬੰਨ ਲਾਉਣਾ ਕੋਈ ਸੌਖੀ ਗਲ ਨਹੀਂ ਹੋਵੇ ਗੀ। ਮੋਦੀ ਸਰਕਾਰ ਨੂੰ ਘੰਭੀਰਤਾ ਨਾਲ ਵਿਚਾਰ ਕੇ ਇਸ ਨਾਜ਼ੁਕ ਸਮੇਂ ਨੂੰ ਸੰਭਾਲਨਾ ਹੀ ਅਕਲਮੰਦੀ ਹੈ ਨਹੀਂ ਤਾਂ ਇਸ ਦੇ ਸਿੱਟੇ ਸਮੁੱਚੇ ਹਿੰਦੋਸਤਾਨ ਲਈ ਭਿਆਨਕ ਹੋ ਸਕਦੇ ਹਨ ।ਕੁੱਝ ਘਰਾਣਿਆਂ ਦੇ ਦਬਾ ਥੱਲੇ ਆਕੇ ਲੋਕ-ਤੰਤਰਤਾ ਦਾ ਘਾਣ ਨਹੀ ਕਰਨਾ ਚਾਹੀਦਾ ।(26) ਜਨਵਰੀ ਲੋਕ-ਤੰਤਰ ਦਿਵਸ ਤੋਂ ਪਹਿਲਾਂ ਹੀ ਇਸ ਅੰਦੋਲਨ ਦੀਆਂ ਜਾਇਜ਼ ਮੰਗਾਂ ਨੂੰ ਸਵੀਕਾਰ ਕਰਕੇ ਮਾਣ ਪਰਾਪਤ ਕਰਨਾਂ ਹੀ ਉਚਿੱਤ ਹੈ ਮੋਦੀ ਸਾਹਿਬ ਨੂੰ ਇਸ ਵਕਤ ਅਪਨੀ ਸੂਝ-ਬੂਝ ਤੋਂ ਕੰਮ ਲੈਣ ਦੀ ਲੋੜ ਹੈ ਨਾਕਿ ਕੁਰਾਹੇ ਪਾਉਣ ਵਾਲੇ ਸਲਾਹ-ਕਾਰਾਂ ਤੋਂ ।ਇਸ ਸ਼ਾਂਤ-ਮਈ ਸੰਘਰਸ਼ ਤੋਂ ਮੋਦੀ ਸਾਹਿਬ ਨੂੰ ਕੁੱਝ ਸਿੱਖਣਾ ਚਾਹੀਦਾ ।ਇਸ ਸੰਘਰਸ਼ ਦਾ ਸਮੁੱਚੇ ਸੰਸਾਰ ਵਿਚ ਦਿਲ-ਖਿੱਚਵਾਂ ਪਰਭਾਵ ਹੈ ।ਇਹ ਪਰਭਾਵ ਦੁਨੀਆਂ ਦਾ ਇਤਹਾਸ ਬਣੇ ਗਾ ਜੋ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਏ ਗਾ ।ਇਹੋ ਜਿਹਾ ਪੁਰ-ਅਮਨ ਅੰਦੋਲਨ ਪਹਿਲਾਂ ਕਦੇ ਦੇਖਣ ਵਿਚ ਨਹੀਂ ਆਇਆ ।ਇਕ ਲੋਕ-ਤੰਤਰ ਦੇਸ਼ ਵਿਚ ਲੱਗ-ਪੱਗ ਚਾਰ ਮਹੀਨੇ ਤੋਂ ਸਰਕਾਰ ਦੇ ਦਰ ਤੇ ਅਪਣੇ ਹੱਕਾਂ ਦੀ ਪੂਰਤੀ ਲਈ,ਦੁਨੀਆਂ ਦਾ ਅੰਨ-ਦਾਤਾ ਝੋਲੀ ਅੱਡੀ ਖੜਾ ਹੈ,ਪਰ ਸੱਤਾ ਦੇ ਨਸ਼ੇ ਵਿਚ ਮਦਹੋਸ਼ ਆਗੂਆਂ ਦੀਆਂ ਅੱਖਾਂ ਉੱਤੇ ਪੱਟੀਆਂ ਬ੍ਹੰਨੀਆਂ ਹੋਈਆਂ ਹਨ ।ਇਨ੍ਹਾਂ ਦੇ ਦਰ ਤੇ ਲੱਖਾਂ ਕਿਸਾਨ ਮੀਂਹ-ਨ੍ਹੇਰੀ ਅਤੇ ਕੜਕਦੀ ਠੰਡ ਵਿਚ ਅਪਨੀਆਂ ਜਾਨਾਂ ਵਾਰ ਰਹੇ ਹਨ।

ਬਾਕੀ ਅਗਲੇ ਅੰਕ ਵਿੱਚ --







Ambleton
A Qualico Community
ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ
1200 ਤੋਂ ਵੱਧ ਘਰ
8 ਫੇਸ
7.3Km ਲੰਮਾ ਪਥਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਫੇਸ 2 ਦੀਆਂ ਲਾਟਾਂ ਹੁਣ ਰਿਲੀਜ ਹੋ ਚੁੱਕੀਆਂ ਹਨ।
ਲੇਨਡ ਹੋਮ $400s ਤੋਂ ਸ਼ੁਰੂ ਹਨ
ਫਰੰਟ ਗੈਰਾਜ $500s ਤੋਂ ਸ਼ੁਰੂ ਹਨ
ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ
ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com
ਐਵਾਰਡ ਜੇਤੂ ਬਿਲਡਰ: • Shane Homes • Sterling Homes • Trico Homes • Broadview Homes • Jayman Built
24 St NW
144 Ave NE
14 St NW
Evanston Dr NW
Symons Valley Pkwy NW
Stoney Trail NW
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਫਰੰਟ ਗੈਰਾਜ ਵਾਲੀਆਂ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES FROM THE LOW $300s
DUPLEX HOMES FROM THE MID $340s
LANED HOMES FROM THE HIGH $300s
FRONT GARAGE HOMES FROM THE LOW $500s
360° ਵਰਚੂਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes
ਕਮਿਉਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities


JHH TRANSPORT PRESENTS
JHH TRANSPORT
THE FOLK TURBANATORS
Welcome 2022 & Poster Launch Event. On 8th January 2022, 5:30 pm
at Rajveer Banquet Hall, Calgary. Tickets $45 (Dinner included).
For tickets and sponsorship contact:
Gursharan Jassar 306-203-9805 & S.Timmy 403-992-8192


A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜ਼ਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


ਡਰਾਇਵਰਾਂ ਦੀ ਲੋੜ ਹੈ
RIG
Group of Companies Inc.
GOLIATH TRACTOR SERVICE LTD.
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com


Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਂਤੀ ਮਿਠਾਈ
ਵਿਆਹ ਦੀ ਭਾਜੀ



ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES
FROM THE
$270s
DUPLEXES
FROM THE LOW
$400s
FRONT GARAGE
FROM THE MID
$500s
REDSTONE
redstonecommunity.ca
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
DEERFOOT TRAIL
STONEY TRAIL NE
201
COUNTRY HILLS BLVD NE
2
METIS TRAIL NE
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP




$ ਸਾਡੇ ਅਫਸਰਾਂ ਨੂੰ ਚੰਗੀ ਤਨਖਾਹ ਦਿੱਤੀ ਜਾਂਦੀ ਹੈ, $67,885 ਦੀ ਸ਼ੁਰੂਆਤੀ ਤਨਖਾਹ ਦੇ ਨਾਲ ਜੋ ਪੰਜ ਸਾਲਾਂ ਦੀ ਸੇਵਾ ਤੋਂ ਬਾਅਦ ਵੱਧ ਕੇ $104,439 ਹੋ ਜਾਂਦੀ ਹੈ।

CPS ਵਿੱਚ ਸਾਡੀ ਸਭ ਤੋਂ ਵੱਡੀ ਸੰਪਤੀ ਸਾਡੇ ਲੋਕ ਹਨ। ਉਹ ਸਾਡੀ ਰੋਜ਼ਾਨਾ ਦੀ ਪ੍ਰੇਰਨਾ ਅਤੇ ਮਾਣ ਵਜੋਂ ਕੰਮ ਕਰਦੇ ਹਨ, ਸਾਰੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਦੇ ਸਮੂਹਿਕ ਟੀਚੇ ਨਾਲ ਬੰਨ੍ਹੇ ਹੋਏ ਹਨ।

ਅਸੀਂ ਤੁਹਾਡੇ ਪੂਰੇ ਕਰੀਅਰ ਦੇ ਦੌਰਾਨ ਸਿਖਲਾਈ, ਸਿੱਖਿਆ, ਕਰੀਅਰ ਵਿਕਾਸ ਅਤੇ ਤਰੱਕੀ ਪ੍ਰਦਾਨ ਕਰਦੇ ਹਾਂ।

ਅਸੀਂ ਭਰਤੀ ਕਰ ਰਹੇ ਹਾਂ
@calgarypolice
join.calgarypolice.ca

# ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਆਪਣਾ ਸਾਲਾਨਾ ਸਮਾਗਮ ਮਨਾਇਆ















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਪ੍ਰੋਗਰਾਮ ਬੀਤੀ ਚਾਰ ਦਸੰਬਰ ਨੂੰ ਹੋਇਆ। ਇਸ ਪ੍ਰੋਗਰਾਮ ਵਿੱਚ ਕੈਲਗਰੀ ਦੀ ਮੇਅਰ ਡਾ ਜੋਤੀ ਗੌਂਡੇਕ, ਅਲਬਰਟਾ ਦੇ ਮੰਤਰੀ ਯਾਸੀਨ ਮੁਹੰਮਦ, ਜਸਲੀਨ ਮੀਆ ਕੌਂਸਲਰ ਵਾਰਡ ਤੋਂ ਅਤੇ ਵੀਵੋ ਸੈਂਟਰ ਦੇ ਮੁਲਾਜ਼ਮਾਂ ਨੇ ਹਿੱਸਾ ਲਿਆ। ਸੰਸਥਾ ਦੇ ਪ੍ਰਧਾਨ ਸਰਦਾਰ ਸੁਰਿੰਦਰਜੀਤ ਸਿੰਘ ਪਲਾਹਾ ਨੇ ਹਾਜ਼ਰ ਮਹਿਮਾਨ ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜੀ ਆਇਆਂ ਆਖਿਆ ਅਤੇ ਭਾਰੀ ਗਿਣਤੀ ਵਿੱਚ ਪਹੁੰਚਣ ਲਈ ਸਭ ਦਾ ਧੰਨਵਾਦ ਕੀਤਾ। ਅੱਜ ਦੇ ਇਸ ਪ੍ਰੋਗਰਾਮ ਵਿੱਚ ਪੰਜਾਬੀ ਸੱਭਿਆਚਾਰ ਵਿਰਸਾ ਅਤੇ ਲੋਕ ਗੀਤ ਭਾਰੂ ਰਹੇ।ਸੰਸਥਾ ਦੇ ਸਕੱਤਰ ਨੇ ਧਨੀ ਰਾਮ ਚਾਤ੍ਰਿਕ ਦਾ ਇਹ ਗੀਤ ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ ਤੋਂ ਸ਼ੁਰੂਆਤ ਕੀਤੀ। ਰੰਗਮੰਚ ਦੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਵਿਜੇ ਸਚਦੇਵਾ ਨੇ ਲਾਲ ਚੰਦ ਯਮਲੇ ਜੱਟ ਦਾ ਗੀਤ 'ਮੈਂ ਤੇਰੀ ਤੂੰ ਮੇਰਾ ਛੱਡ ਨਾ ਜਾਵੀਂ ਵੇ' ਗਾ ਕੇ ਰੌਣਕਾਂ ਲਾਈਆਂ।ਵਿਨੋਦ ਕੁਮਾਰੀ ਨੇ ਲੋਕ ਗੀਤ 'ਮੈਂ ਚੁੰਨੀ ਆਪਣੀ ਨੂੰ ਰੰਗ ਕੀਤਾ' ਸੁਣਾ ਕੇ ਖੂਬ ਰੰਗ ਬੰਨ੍ਹਿਆ ਕੈਲਗਰੀ ਦੇ ਉੱਭਰਦੇ ਗਾਇਕ ਲਵਪ੍ਰੀਤ ਰੰਧਾਵਾ ਨੇ ਆਪਣੀ ਖੂਬਸੂਰਤ ਤੇ ਸੁਰੀਲੀ ਆਵਾਜ਼ ਵਿੱਚ ਜਦੋਂ ਪੁੱਤਰ ਤੇ ਧੀ ਇੰਡੀਆ ਤੋਂ ਵਿਛੜਦੇ ਹਨ ਤਾਂ ਉਨ੍ਹਾਂ ਦੇ ਮਾਪੇ ਕਿਵੇਂ ਭਾਵੁਕ ਹੋ ਜਾਂਦੇ ਹਨ, ਅਜਿਹੇ ਹਾਲਾਤਾਂ ਉਪਰ ਗੀਤ ਸੁਣਾ ਕੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਇਸੇ ਤਰ੍ਹਾਂ ਜਦ ਧੀ ਤੇ ਪੁੱਤਰ ਕੈਨੇਡਾ ਪਹੁੰਚ ਜਾਂਦੇ ਹਨ ਤਾਂ ਇਹ ਬਾਪੂ ਨੂੰ ਇੰਜ ਕਹਿੰਦੇ ਹਨ ਕਿ 'ਪੁੱਤਾਂ ਵਾਂਗੂੰ ਪਾਲਿਆ ਹੈ ਧੀ ਆਪਣੀ ਨੂੰ ਬਾਪੂ ਮਾਣ ਤੇਰਾ ਤੇਰੀ ਧੀ ਨੇ ਰੱਖਣਾ' ' ਬਾਪੂ ਭੇਜ ਰਿਹਾ ਹਾਂ ਡਾਲਰ ਤੇਰੀ ਛੱਡ ਦੇ ਚਿੱਟੇ ਕਾਲਰ ਮੈਲੇ ਹੋਣ ਨਹੀਂ ਦੇਣੇ' ਗਾ ਕੇ ਖੂਬ ਵਾਹ ਵਾਹ ਖੱਟੀ। ਸ੍ਰੀਮਤੀ ਸੁਰਜੀਤ ਕੌਰ ਨੇ ਵੀ 'ਪਿੰਡ ਦਿਆਂ ਲੰਬੜਦਾਰਾ ਵੇ ਮੈਂ ਵੀ ਪਾਉਣਾ ਲਾਲ ਘੱਗਰਾ' ਗਾ ਕੇ ਖੂਬ ਰੰਗ ਬੰਨ੍ਹਿਆ। ਅਖੀਰ ਵਿੱਚ ਸੰਸਥਾ ਦੀਆਂ ਲੇਡੀਜ਼ ਮੈਂਬਰਾਂ ਨੇ ਮਨਦੀਪ ਅਤੇ ਅਮਰਜੀਤ ਦੀ ਅਗਵਾਈ ਵਿੱਚ ਸੂਈ ਵੇ ਸੂਈ ਗਾਕੇ ਇਸ ਪਰੋਗਰਾਮ ਨੰ ਸਿਖਰਾਂ ਉੱਪਰ ਪਹੁੰਚਾ ਦਿੱਤਾ। ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਸਾਰਿਆਂ ਨੇ ਖੁਸ਼ੀ ਖੁਸ਼ੀ ਵਿਦਾਇਗੀ ਲਈ।

# ਅਮਰੀਕੀ ਬਾਰਡਰ ਨੇ ਹਵਾਈ ਮਾਰਗ ਰਾਹੀ ਦਾਖਿਲ ਹੋਣ ਵਾਲਿਆਂ ਲਈ ਕਾਨੂੰਨ ਸਖਤ ਕੀਤੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਾਸੇ ਅਮਰੀਕਾ ਤੋਂ ਹਵਾਈ ਮਾਰਗ ਰਾਹੀਂ ਕੈਨੇਡਾ ਵੱਲ ਆਉਣ ਵਾਲੇ ਯਾਤਰੀਆਂ ਵਾਸਤੇ ਕੈਨੇਡਾ ਨੇ ਛੋਟ ਦੇਣ ਦਾ ਐਲਾਨ ਕੀਤਾ ਹੈ ਕਿ ਉਹਨਾਂ ਨੂੰ ਏਅਰਪੋਰਟਸ 'ਤੇ ਕੋਈ ਕੋਵਿਡ-19 ਟੈਸਟ ਨਹੀਂ ਦੇਣਾ ਪਵੇਗਾ ਪਰ ਅਮਰੀਕਾ ਨੇ 6 ਦਸੰਬਰ ਤੋਂ ਐਲਾਨ ਕੀਤਾ ਹੈ ਕਿ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਕੈਨੇਡਾ ਸਮੇਤ ਹਰੇਕ ਵਿਦੇਸ਼ ਯਾਤਰੀ ਨੂੰ ਇਕ ਦਿਨ ਪਹਿਲਾਂ ਕਰਵਾਏ ਟੈਸਟ ਦੀ ਨੈਗੇਟਿਵ ਰਿਪੋਰਟ ਦਿਖਾਉਣੀ ਪਵੇਗੀ। ਇਸ ਤੋਂ ਪਹਿਲਾਂ 72 ਘੰਟੇ ਪਹਿਲਾਂ ਕਰਵਾਏ ਗਏ ਟੈਸਟ ਦੀ ਨੈਗੇਟਿਵ ਰਿਪੋਰਟ ਦਿਖਾਉਣੀ ਹੁੰਦੀ ਸੀ। ਇਸ ਐਲਾਨ ਮਗਰੋਂ ਅਤੇ ਕੈਨੇਡਾ ਵਲੋਂ ਲਾਗੂ ਕੀਤੇ ਗਏ ਨਵੇਂ ਨਿਯਮਾਂ ਮਗਰੋਂ ਦੇਸ਼ ਦੇ ਸਾਰੇ ਏਅਰਪੋਰਟਸ 'ਤੇ ਯਾਤਰੀਆਂ ਦੀ ਭੀੜ ਵਧਣ ਲੱਗੀ ਹੈ ਤੇ ਇੰਤਜ਼ਾਰ ਸਮਾਂ ਵਧ ਗਿਆ ਹੈ। ਜਿਹਨਾਂ ਯਾਤਰੀਆਂ ਦੀ ਲੰਘੀ ਅੱਧੀ ਰਾਤ ਮਗਰੋਂ ਅਮੈਰਿਕਾ ਨੂੰ ਫ਼ਲਾਇਟਸ ਸਨ, ਉਹਨਾਂ ਨੂੰ ਖੱਜਲ ਹੋਣਾ ਪਿਆ ਹੈ।

# ਕਿਸਾਨ ਅੰਦੋਲਨ ਦੀਆਂ ਮੰਗਾਂ ਮੰਨੀਆਂ ਜਾਣ ਵੱਲ ਵਧ ਰਹੀਆਂ ਹਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵਿੱਚ ਕਿਸਾਨ ਅੰਦੋਲਨ ਮੁੱਕਣ ਵੱਲ ਇਕ ਹੋਰ ਕਦਮ ਵਧ ਗਿਆ ਲੱਗਦਾ ਹੈ। ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਅਦ ਹੁਣ ਐੱਮਐੱਸਪੀ ਗਾਰੰਟੀ ਕਾਨੂੰਨ ਬਣਾਉਣ ਅਤੇ ਹੋਰ ਬਕਾਇਆ ਮੰਗਾਂ ਨੂੰ ਲੈ ਕੇ ਸਰਕਾਰ ਅਤੇ ਕਿਸਾਨਾਂ ਵਿਚਕਾਰ ਸਹਿਮਤੀ ਬਣਨ ਲੱਗੀ ਦਿਖ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਕਿਸਾਨਾਂ ਨੂੰ



ਲਿਖਤੀ ਪ੍ਰਸਤਾਵ ਦਾ ਖਰੜਾ ਭੇਜਿਆ ਗਿਆ ਹੈ। ਜਿਸ ਉੱਤੇ ਸੰਯੁਕਤ ਕਿਸਾਨ ਮੋਰਚੇ ਦੀ ਬੈਠਕ ਵਿਚ ਚਰਚਾ ਕੀਤੀ ਗਈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਸਤਨਾਮ ਸਿੰਘ ਬਹਿਰੂ ਨੇ ਬੈਠਕ ਤੋਂ ਬਾਅਦ ਦੱਸਿਆ ਕਿ ਬੈਠਕ ਵਿੱਚ ਸਰਕਾਰ ਦੇ ਪ੍ਰਸਤਾਵਿਤ ਖਰੜੇ ਉੱਤੇ ਚਰਚਾ ਹੋਈ ਅਤੇ ਇੱਕ ਨੁਕਤੇ ਨੂੰ ਸੋਧਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਇਸ ਪ੍ਰਸਤਾਵ ਉੱਤੇ ਚਰਚਾ ਹੋਈ ਪਰ ਇਸ ਉੱਤੇ ਕੋਈ ਫੈਸਲਾ ਨਹੀਂ ਹੋ ਸਕਿਆ, ਅਗਲੀ ਬੈਠਕ ਵਿੱਚ ਇਸ ਮਸਲੇ ਉੱਤੇ ਮੁੜ ਵਿਚਾਰ ਕੀਤੀ ਜਾਵੇਗੀ। ਕੁਲਵੰਤ ਸਿੰਘ ਸੰਧੂ ਨੇ ਦੱਸਿਆ ਕਿ ਸਰਕਾਰ ਨੇ ਐੱਮਐੱਸਪੀ ਉੱਤੇ ਕਮੇਟੀ ਬਣਾਉਣ, ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਉੱਤੇ ਸਾਰੇ ਮੁਕੱਦਮੇ ਰੱਦ ਕਰਨ ਅਤੇ ਪੰਜਾਬ ਦੇ ਤਰਜ਼ ਉੱਤੇ ਮ੍ਰਿਤਕ ਕਿਸਾਨਾਂ ਨੂੰ ਮੁਆਵਜ਼ਾ ਦੇਣ ਉੱਤੇ ਲਿਖਤੀ ਸਹਿਮਤੀ ਦਿੱਤੀ ਹੈ।

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE SWIFT CABS FREE
YOUR DESTINATION IS OUR GOAL
CONTACT: BILL SINGH
306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070